@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 12 April 2025

Punjabi National Daily

Qaumi Patrika NO.1

ਨਵੀਂ ਦਿੱਲੀ: ਸ਼ਨੀਵਾਰ 12 ਅਪ੍ਰੈਲ 2025, 30 ਚੇਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

VISIT: www.qaumipatrika.org
Email: qpatrika@gmail.com

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 151, qpatrika@gmail.com ਫੋਨ : 9971359517 www.qaumipatrika.org

# ਮੋਦੀ ਕੈਬਨਿਟ ਦਾ ਪੰਜਾਬ ਨੂੰ ਵੱਡਾ ਤੋਹ.ਫਾ !

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 11 ਅਪ੍ਰੈਲ। ਕੇਂਦਰੀ ਮੰਤਰੀ ਮੰਡਲ ਨੇ ਪੰਜਾਬ ਤੇ ਹਰਿਆਣਾ 'ਚ 1,878.31 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ 19.2 ਕਿਲੋਮੀਟਰ ਲੰਬੇ ਜ਼ੀਰਕਪੁਰ ਬਾਈਪਾਸ ਪ੍ਰਾਜੈਕਟ ਦੇ ਨਿਰਮਾਣ ਨੂੰ ਮਨਜ਼ੂਰੀ ਦੇ ਦਿੱਤੀ। ਇਸ ਪ੍ਰਸਤਾਵ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਬੁੱਧਵਾਰ ਨੂੰ ਹੋਈ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਦੀ ਮੀਟਿੰਗ 'ਚ ਮਨਜ਼ੂਰੀ ਦਿੱਤੀ ਗਈ। ਇਕ ਅਧਿਕਾਰਤ ਬਿਆਨ ਅਨੁਸਾਰ 6-ਮਾਰਗੀ ਜ਼ੀਰਕਪੁਰ ਬਾਈਪਾਸ ਨੈਸ਼ਨਲ ਹਾਈਵੇਅ-7 (ਜ਼ੀਰਕਪੁਰ-ਪਟਿਆਲਾ) ਦੇ ਜੰਕਸ਼ਨ ਤੋਂ ਸ਼ੁਰੂ ਹੋਵੇਗਾ ਤੇ ਨੈਸ਼ਨਲ ਹਾਈਵੇਅ -5 (ਜ਼ੀਰਕਪੁਰ-ਪਰਵਾਣੂ) ਦੇ ਜੰਕਸ਼ਨ 'ਤੇ ਖ਼ਤਮ ਹੋਵੇਗਾ। ਇਸ ਪ੍ਰਾਜੈਕਟ ਦਾ ਮੁੱਖ ਮੰਤਵ ਪਟਿਆਲਾ, ਦਿੱਲੀ ਤੇ ਮੋਹਾਲੀ ਏਅਰੋਸਿਟੀ ਤੋਂ ਆਵਾਜਾਈ ਦਾ ਰੁਖ ਮੋੜ ਕੇ ਤੇ ਹਿਮਾਚਲ ਪ੍ਰਦੇਸ਼ ਨਾਲ ਸਿੱਧਾ ਸੰਪਰਕ ਕਾਇਮ ਕਰ ਕੇ ਜ਼ੀਰਕਪੁਰ, ਪੰਚਕੂਲਾ ਤੇ ਆਲੇ-ਦੁਆਲੇ ਦੇ ਇਲਾਕਿਆਂ 'ਚ ਭੀੜ-ਭੜੱਕੇ ਨੂੰ ਘੱਟ ਕਰਨਾ ਹੈ। ਇਸ ਦੇ ਨਾਲ ਹੀ ਕੈਬਨਿਟ ਨੇ ਆਂਧਰਾ ਪ੍ਰਦੇਸ਼ ਤੇ ਤਾਮਿਲਨਾਡੂ 'ਚ 104 ਕਿਲੋਮੀਟਰ ਲੰਬੇ ਤਿਰੂਪਤੀ-ਪਕਲਾ-ਕਟਪੜੀ ਰੇਲਵੇ ਸੈਕਸ਼ਨ ਨੂੰ



1,332 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਡਬਲ ਕਰਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਪ੍ਰਧਾਨ ਮੰਤਰੀ ਵੱਲੋਂ 1600 ਕਰੋੜ ਰੁਪਏ ਦੀ ਖੇਤੀਬਾੜੀ ਸਿੰਚਾਈ ਯੋਜਨਾ ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਮੰਤਰੀ ਮੰਡਲ ਨੇ 2025-26 ਦੀ ਮਿਆਦ ਲਈ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ ਦੀ ਇਕ ਉਪ-ਯੋਜਨਾ ਵਜੋਂ ਕਮਾਂਡ ਏਰੀਆ ਵਿਕਾਸ ਤੇ ਜਲ ਪ੍ਰਬੰਧਨ ਦੇ ਆਧੁਨਿਕੀਕਰਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਸ ਦਾ ਸ਼ੁਰੂਆਤੀ ਖਰਚ 1,600 ਕਰੋੜ ਰੁਪਏ ਹੈ। ਇਸ ਯੋਜਨਾ ਦਾ ਮੰਤਵ ਮੌਜੂਦਾ ਨਹਿਰਾਂ ਜਾਂ ਹੋਰ ਸੋਮਿਆਂ ਤੋਂ ਇਕ ਨਿਰਧਾਰਤ ਕਲੱਸਟਰ ਨੂੰ ਸਿੰਚਾਈ ਲਈ ਪਾਣੀ ਦੀ ਸਪਲਾਈ ਕਰ ਕੇ ਸਿੰਚਾਈ ਜਲ ਸਪਲਾਈ ਨੈੱਟਵਰਕ ਨੂੰ ਆਧੁਨਿਕ ਬਣਾਉਣਾ ਹੈ। ਇਹ ਬਾਈਪਾਸ 3 ਨੈਸ਼ਨਲ ਹਾਈਵੇਅ ਤੋਂ ਜ਼ੀਰਕਪੁਰ ਆਉਣ ਵਾਲੇ ਟ?ਰੈਫਿਕ ਨੂੰ ਪਹਿਲਾਂ ਹੀ ਬਾਹਰ ਤੋਂ ਬਾਇਫਰਕੇਟ ਕਰ ਦੇਵੇਗਾ। ਇਹ ਬਾਈਪਾਸ ਬਠਿੰਡਾ ਤੋਂ ਜ਼ੀਰਕਪੁਰ ਆਉਣ ਵਾਲੇ ਨੈਸ਼ਨਲ ਹਾਈਵੇਅ 7 ਤੋਂ ਜ਼ੀਰਕਪੁਰ ਤੋਂ 6 ਕਿਲੋਮੀਟਰ ਪਹਿਲਾਂ ਛੱਤ ਪਿੰਡ ਕੋਲੋਂ ਅਲੱਗ ਹੋ ਜਾਵੇਗਾ। ਇਸ ਤੋਂ ਬਾਅਦ, ਇਹ ਬਾਈਪਾਸ ਅੰਬਾਲਾ ਤੋਂ ਜ਼ੀਰਕਪੁਰ ਆਉਂਦੇ ਨੈਸ਼ਨਲ ਹਾਈਵੇਅ 152 ਨੂੰ ਪਾਰ ਕਰਕੇ, ਢਕੋਲੀ ਦੇ ਪਿੱਛੇ ਤੋਂ ਹੁੰਦੇ ਹੋਏ ਪੰਚਕੂਲਾ ਦੇ ਸੈਕਟਰ-20 ਅਤੇ 21 ਦੇ ਪਿੱਛੇ ਤੋਂ ਮਾਜਰੀ ਚੌਕ ਦੇ ਨੇੜੇ ਚੰਡੀਮੰਦਰ ਦੇ ਨੇੜੇ ਜ਼ੀਰਕਪੁਰ ਪਰਵਾਣੂ ਨੈਸ਼ਨਲ ਹਾਈਵੇਅ 'ਤੇ ਮਿਲੇਗਾ। ਇਸ ਤਰ੍ਹਾਂ, ਇਹ ਬਾਈਪਾਸ ਪੰਜਾਬ ਤੋਂ ਨੈਸ਼ਨਲ ਹਾਈਵੇਅ 7 'ਤੇ ਆਵਾਜਾਈ, ਅੰਬਾਲਾ ਨੈਸ਼ਨਲ ਹਾਈਵੇਅ 152 ਤੋਂ ਹਿਮਾਚਲ ਜਾਣ ਵਾਲੇ ਅਤੇ ਦੇਹਰਾਦੂਨ ਤੋਂ ਨੈਸ਼ਨਲ ਹਾਈਵੇਅ ਤੋਂ ਪੰਜਾਬ ਅਤੇ ਦਿੱਲੀ ਜਾਣ ਵਾਲੀ ਆਵਾਜਾਈ ਨੂੰ ਜ਼ੀਰਕਪੁਰ ਆਉਣ ਤੋਂ ਰੋਕ ਦੇਵੇਗਾ। ਇਸ ਬਾਈਪਾਸ ਨਾਲ ਨੈਸ਼ਨਲ ਹਾਈਵੇਅ 'ਤੇ ਟ?ਰੈਫਿਕ ਨੂੰ ਡਾਇਵਰਟ ਕਨਰ ਦੇ ਲਈ ਛੱਤ ਪਿੰਡ ਦੇ ਨੇੜੇ ਅਤੇ ਮਾਜਰੀ ਚੌਕ ਤੋਂ ਅੱਗੇ ਚੰਡੀਮੰਦਰ 'ਤੇ ਤਿੰਨ ਲੈਵਲ ਦੇ ਇੰਟਰਚੇਂਜ ਬਣਗੇ। ਮਲਟੀਲੈਵਲ ਕਲਵਰਟ, ਗੱਡੀਆਂ ਦੇ ਲਈ ਓਵਰਪਾਸ ਅਤੇ ਅੰਡਰਪਾਸ ਬਣਾਏ ਜਾਣਗੇ। ਛੱਤ ਪਿੰਡ ਤੋਂ ਵੈਸਟਰਨ ਕਮਾਂਡ ਤੱਕ ਇਸ ਬਾਈਪਾਸ 'ਤੇ ਸਿਗਨਲ ਮੁਕਤ ਟ?ਰੈਫਿਕ ਚੱਲੇਗਾ। ਇਸ ਬਾਈਪਾਸ ਦੇ ਬਣਨ 'ਤੇ ਪੰਜਾਬ, ਹਰਿਆਣਾ, ਦਿੱਲੀ ਅਤੇ ਹਿਮਾਚਲ ਵੱਲ ਜਾਣ ਵਾਲੇ ਵਾਹਨਾਂ ਦਾ ਦਬਾਅ ਜ਼ੀਰਕਪੁਰ 'ਤੇ ਘੱਟ ਜਾਵੇਗਾ। ਇਹ ਬਾਈਪਾਸ ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਜ਼ੀਰਕਪੁਰ ਤੋਂ ਬਾਹਰ ਬਣਨ ਵਾਲੇ ਪ੍ਰਸਤਾਵਿਤ ਰਿੰਗ ਰੋਡ ਦਾ ਵੀ ਇਕ ਹਿੱਸਾ ਹੋਵੇਗਾ।

## ਉਪ ਰਾਜਪਾਲ ਸਕਸੈਨਾ ਨੇ ਮੁੱਖ ਮੰਤਰੀ ਰੇਖਾ ਗੁਪਤਾ ਦੀ ਕੀਤੀ ਤਾਰੀਫ਼

ਨਵੀਂ ਦਿੱਲੀ 11 ਅਪ੍ਰੈਲ। ਉਪ ਰਾਜਪਾਲ ਵੀ. ਕੇ. ਸਕਸੈਨਾ ਨੇ ਕਿਹਾ ਕਿ ਦਿੱਲੀ ਹੁਣ ਸੁਰੱਖਿਅਤ ਹੱਥਾਂ ਵਿਚ ਹੈ, ਕਿਉਂਕਿ ਮੁੱਖ ਮੰਤਰੀ ਰੇਖਾ ਗੁਪਤਾ ਦੇ ਹੱਥਾਂ ਵਿਚ ਦਿੱਲੀ ਦੀ ਵਾਂਗਡੋਰ ਹੈ। ਉਨ੍ਹਾਂ ਨੇ ਲੋਕਾ ਦੀ ਸੇਵਾ ਕਰਨ ਅਤੇ ਰਾਸ਼ਟਰੀ ਰਾਜਧਾਨੀ ਨੂੰ ਬਿਹਤਰ ਬਣਾਉਣ ਪ੍ਰਤੀ ਉਨ੍ਹਾਂ ਦੀ ਵੱਚਨਬਧਤਾ ਅਤੇ ਸਮਰਪਣ ਦੀ ਸ਼ਲਾਘਾ ਕੀਤੀ। ਗੁਰੂ ਗੋਬਿੰਦ ਸਿੰਘ ਇੰਦਰਪ੍ਰਸਥ ਯੂਨੀਵਰਸਿਟੀ ਦੇ 17ਵੇਂ ਦੀਕਾਂਸ਼ਤ ਸਮਾਰੋਹ ਨੂੰ ਸੰਬੋਧਿਤ ਕਰਦਿਆਂ ਸਕਸੈਨਾ ਨੇ ਕਿਹਾ ਕਿ ਹੁਣ ਮੈਂ ਕਹਿ ਸਕਦਾ ਹਾਂ ਕਿ ਦਿੱਲੀ ਸੁਰੱਖਿਅਤ ਹੱਥਾਂ ਵਿਚ ਹੈ। ਪਿਛਲੇ ਡੇਢ ਮਹੀਨੇ ਵਿਚ ਮੈਂ ਮੁੱਖ ਮੰਤਰੀ ਰੇਖਾ ਗੁਪਤਾ ਦੇ



ਕੰਮਕਾਜ ਨੂੰ ਵੇਖਿਆ ਹੈ, ਉਸ ਤੋਂ ਮੈਂ ਕਹਿ ਸਕਦਾ ਹਾਂ ਕਿ ਉਹ ਹਰ ਸਮੇਂ ਸ਼ਹਿਰ ਬਾਰੇ ਚਿੰਤਤ ਰਹਿੰਦੀ ਹੈ ਅਤੇ 24∅7 ਦਿੱਲੀ ਲਈ ਵਚਨਬੱਧ ਹੈ। ਐਲਜੀ ਸਕਸੈਨਾ ਜੋ ਕਿ ਯੂਨੀਵਰਸਿਟੀ ਦੇ ਚਾਂਸਲਰ ਵੀ ਹਨ, ਨੇ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਨਾਗਰਿਕ ਬਣਨ ਅਤੇ ਆਪਣੇ ਅਧਿਆਪਕਾਂ ਅਤੇ ਜੀਵਨ ਦੇ ਤਜ਼ਰਬਿਆਂ ਦੋਵਾਂ ਤੋਂ ਸਿੱਖਣ ਦਾ ਸੱਦਾ ਦਿੱਤਾ। ਸਕਸੈਨਾ ਨੇ ਇਸ ਗੱਲ 'ਤੇ ਖੁਸ਼ੀ ਪ੍ਰਗਟ ਕੀਤੀ ਕਿ ਪਾਸ ਹੋਣ ਵਾਲੇ ਐਮ.ਫਿਲ ਵਿਦਿਆਰਥੀਆਂ ਵਿਚੋਂ ਲਗਭਗ 40 ਫ਼ੀਸਦੀ ਔਰਤਾਂ ਸਨ। ਉਨ੍ਹਾਂ ਨੇ ਯੂਨੀਵਰਸਿਟੀ ਨੂੰ ਵਧਾਈ ਦਿੱਤੀ, ਜਿਸ ਨੇ 3,112 ਪੀ.ਜੀ. ਡਿਗਰੀਆਂ, 21,222 ਯੂ.ਜੀ. ਡਿਗਰੀਆਂ,12 ਐਮ.ਫਿਲ ਡਿਗਰੀਆਂ ਅਤੇ 100 ਤੋਂ ਵੱਧ ਪੀ.ਐਚ.ਡੀ. ਡਿਗਰੀਆਂ ਪ੍ਰਦਾਨ ਕੀਤੀਆਂ। ਉਨ੍ਹਾਂ ਕਿਹਾ ਕਿ ਖਾਸ ਕਰਕੇ ਡਾਕਟਰੇਟ ਪ੍ਰਾਪਤ ਕਰਨ ਵਾਲੀਆਂ ਔਰਤਾਂ ਦੀ ਵੱਡੀ ਗਿਣਤੀ, ਬਦਲਦੇ ਵਿਦਿਅਕ ਦ੍ਰਿਸ਼ ਦਾ ਸੰਕੇਤ ਹੈ।

## ਰਾਣਾ ਨੂੰ ਲਿਆਉਣ ਲਈ ਕੇਂਦਰ ਸਰਕਾਰ ਨੂੰ ਵਧਾਈ ਪਰ ਕਾਲੇ ਧਨ ਦਾ ਕੀ ਹੋਇਆ: ਫਾਰੂਕ ਅਬਦੁੱਲਾ

ਸ੍ਰੀਨਗਰ 11 ਅਪ੍ਰੈਲ। ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਸ਼ੁੱਕਰਵਾਰ ਨੂੰ 26/11 ਮੁੰਬਈ ਹਮਲੇ ਦੇ ਦੋਸ਼ੀ ਤਹੱਵੁਰ ਹੁਸੈਨ ਰਾਣਾ ਦੀ ਹਵਾਲਗੀ ਲਈ ਕੇਂਦਰ ਸਰਕਾਰ ਨੂੰ ਵਧਾਈ ਦਿੱਤੀ ਪਰ ਨਾਲ ਹੀ ਕਾਲਾ ਧਨ ਵਾਪਸ ਲਿਆਉਣ ਦੇ ਭਾਜਪਾ ਦੇ ਵਾਅਦੇ 'ਤੇ ਵੀ ਨਿਸ਼ਾਨਾ ਸਾਧਿਆ। ਜਦੋਂ ਰਾਣਾ ਦੀ ਅਮਰੀਕਾ ਤੋਂ ਭਾਰਤ ਹਵਾਲਗੀ ਬਾਰੇ ਪੁੱਛਿਆ ਗਿਆ ਤਾਂ ਅਬਦੁੱਲਾ ਨੇ ਇੱਥੇ ਪੱਤਰਕਾਰਾਂ ਨੂੰ ਕਿਹਾ, ÷ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ਕਿ ਉਹ ਘੱਟੋ-ਘੱਟ ਕਿਸੇ ਨੂੰ ਵਾਪਸ ਲਿਆਏ



ਹਨ। ਉਹ ਕਾਲਾ ਧਨ ਵਾਪਸ ਲਿਆਉਣ ਵਾਲੇ ਸਨ ਅਤੇ ਸਾਰਿਆਂ ਨੂੰ 15 ਲੱਖ ਰੁਪਏ ਦੇਣ ਵਾਲੇ ਸਨ, ਉਸਦਾ ਕੀ ਹੋਇਆ?÷ ਇਸ ਤੋਂ ਪਹਿਲਾਂ ਦਿਨ ਵੇਲੇ ਜਦੋਂ ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਦੇ ਵਕਫ਼ ਸੋਧ ਐਕਟ ਦੇ ਵਿਰੋਧ ਬਾਰੇ ਪੁੱਛਿਆ ਗਿਆ, ਤਾਂ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਨੇ ਕਿਹਾ, ÷ਇਹ ਇਕ ਚੰਗੀ ਗੱਲ ਹੈ। ਉਨ੍ਹਾਂ ਨੂੰ ਵਿਰੋਧ ਕਰਨ ਦਿਓ। ਇਹ ਇੱਕ ਆਜ਼ਾਦ ਦੇਸ਼ ਹੈ।÷ ਵਕਫ਼ ਸੋਧ ਐਕਟ 'ਤੇ ਪਾਰਟੀ ਦੇ ਸਟੈਂਡ ਬਾਰੇ ਪੁੱਛੇ ਜਾਣ 'ਤੇ ਅਬਦੁੱਲਾ ਨੇ ਕਿਹਾ ਕਿ ਪਾਰਟੀ ਇਸ ਵਿਰੁੱਧ ਸੁਪਰੀਮ ਕੋਰਟ ਜਾਵੇਗੀ।

## 26/11 ਅੱਤਵਾਦੀ ਹਮਲੇ ਦੇ ਪੀੜਤਾਂ ਨੇ ਭਾਰਤ ਸਰਕਾਰ ਦੀ ਕੀਤੀ ਸ਼ਲਾਘਾ

**ਏਜੰਸੀਆਂ**

ਮੁੰਬਈ 11 ਅਪ੍ਰੈਲ। 26/11 ਮੁੰਬਈ ਅੱਤਵਾਦੀ ਹਮਲੇ ਦੇ ਦੋਸ਼ੀ ਤਹੱਵੁਰ ਰਾਣਾ ਦੀ ਭਾਰਤੀ ਵਾਪਸੀ ਹੋ ਗਈ ਹੈ। ਜਿਸ ਨੂੰ ਲੈ ਕੇ ਇਸ ਹਮਲੇ 'ਚ ਬਚੇ ਹੋਏ ਲੋਕਾਂ ਨੇ ਵੀਰਵਾਰ ਨੂੰ ਭਾਰਤ ਸਰਕਾਰ ਦੀ ਸ਼ਲਾਘਾ ਕੀਤੀ ਅਤੇ ਉਸ ਲਈ ਫਾਂਸੀ ਦੀ ਮੰਗ ਕੀਤੀ। ਮੁੰਬਈ ਅੱਤਵਾਦੀ ਹਮਲਿਆਂ 'ਚ ਬਚੇ ਹੋਏ ਨਟਵਰਲਾਲ ਰੋਟਾਵਨ ਨੇ ਕਿਹਾ,"ਜਦੋਂ ਤਹੱਵੁਰ ਰਾਣਾ ਨੂੰ ਮੌਤ ਦੀ ਸਜ਼ਾ ਸੁਣਾਈ ਜਾਵੇਗੀ ਤਾਂ ਭਾਰਤ ਦੀ ਸ਼ਲਾਘਾ ਹੋਵੇਗੀ। ਮੈਂ (ਮਾਮਲੇ ਦੀ ਸੁਣਵਾਈ) ਦੌਰਾਨ ਅੱਤਵਾਦੀ ਕਸਾਬ ਦੀ ਪਛਾਣ ਕੀਤੀ। ਪ੍ਰਧਾਨ ਮੰਤਰੀ ਮੋਦੀ ਜੀ ਸ਼ੇਰ ਦੀ ਤਰ੍ਹਾਂ ਹਨ; ਅਸੀਂ ਪਾਕਿਸਤਾਨ 'ਚ ਵੜ ਕੇ ਅੱਤਵਾਦੀਆਂ ਨੂੰ ਮਾਰਿਆ। ਤਹੱਵੁਰ ਰਾਣਾ ਤੋਂ ਬਾਅਦ, ਡੇਵਿਡ ਹੇਡਲੀ, ਹਾਫਿਜ਼ ਸਈਅਦ ਹੋਣਗੇ... ਅਸੀਂ ਭਾਰਤੀ ਹਾਂ; ਅਸੀਂ ਡਰੇ ਹੋਏ ਨਹੀਂ ਹਨ...।" ਇਨ੍ਹਾਂ ਹਮਲਿਆਂ 'ਚ ਬਚੀ ਦੇਵਿਕਾ ਨਟਵਰਲਾਲ ਰੋਟਾਵਨ ਨੇ ਤਹੱਵੁਰ ਰਾਣਾ ਦੀ ਵਾਪਸੀ ਨੂੰ ਭਾਰਤ ਸਰਕਾਰ ਦੀ ਵੱਡੀ ਜਿੱਤ ਦੱਸਿਆ। ਤਹੱਵੁਰ ਰਾਣਾ ਨੂੰ ਭਾਰਤ ਲਿਆਂਦਾ ਜਾਣਾ ਭਾਰਤ ਸਰਕਾਰ ਦੀ ਵੱਡੀ ਜਿੱਤ ਹੈ। ਹਾਫਿਜ਼ ਸਈਅਦ, ਦਾਊਦ ਇਬਰਾਹਿਮ ਅਤੇ ਪਾਕਿਸਤਾਨ 'ਚ ਮੌਜੂਦ ਦੂਜੇ ਅੱਤਵਾਦੀ ਸਰਗਨੇ ਵੀ



ਭਾਰਤ ਲਿਆਏ ਜਾਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਫਾਂਸੀ 'ਤੇ ਲਟਕਾ ਦੇਣਾ ਚਾਹੀਦਾ।" ਉੱਤਰ ਪ੍ਰਦੇਸ਼ ਦੇ ਵਾਰਾਨਸੀ ਦੀ ਰਹਿਣ ਵਾਲੀ ਅਤੇ 26/11 ਮੁੰਬਈ ਅੱਤਵਾਦੀ ਹਮਲੇ ਦੀ ਸ਼ਿਕਾਰ ਸੁਨੀਤਾ ਨੇ ਇਸ ਹਮਲੇ 'ਚ ਆਪਣੇ ਪਤੀ ਨੂੰ ਗੁਆ ਦਿੱਤਾ ਸੀ। ਘਟਨਾ ਬਾਰੇ ਵਿਸਥਾਰ ਨਾਲ ਦੱਸਦੇ ਹੋਏ ਉਨ੍ਹਾਂ ਕਿਹਾ,"ਅੱਤਵਾਦੀ ਹਮਲੇ 'ਚ ਮੇਰੇ ਪਤੀ ਦੀ ਮੌਤ ਹੋ ਗਈ। ਅਸੀਂ ਹਮਲੇ ਦੇ ਸਮੇਂ ਰੇਲਵੇ ਸਟੇਸ਼ਨ ਦੇ ਫਲੇਟਫਾਰਮ 'ਤੇ ਸੀ। ਗੋਲੀਆਂ ਦੀ ਆਵਾਜ਼ ਸੁਣ ਕੇ, ਸ਼ੁਰੂ 'ਚ ਸਾਨੂੰ ਲੱਗਾ ਕਿ ਪਟਾਕਿਆਂ ਦੀ ਆਵਾਜ਼ ਹੈ। ਜਦੋਂ ਅਸੀਂ ਦੌੜਣ ਦੀ ਕੋਸ਼ਿਸ਼ ਕੀਤੀ ਤਾਂ ਮੇਰੇ ਪਤੀ ਦੇ ਸਿਰ 'ਚ ਗੋਲੀ ਲੱਗੀ। ਮੈਂ ਬੱਚਿਆਂ ਨੂੰ ਲੈ ਕੇ ਦੌੜੀ ਪਰ ਹਮਲੇ 'ਚ ਜ਼ਖ਼ਮੀ ਹੋ ਗਈ ਸੀ।" ਦੱਸਣਯੋਗ ਹੈ ਕਿ 26 ਨਵੰਬਰ 2008 ਨੂੰ ਪਾਕਿਸਤਾਨ ਤੋਂ ਆਏ ਹਥਿਆਰਾਂ ਨਾਲ ਲੈਸ ਅੱਤਵਾਦੀਆਂ ਨੇ ਮੁੰਬਈ, ਦੋ ਫਾਈਵ ਸਟਾਰ ਹੋਟਲਾਂ ਅਤੇ ਇਕ ਯਹੂਦੀ ਕੇਂਦਰ 'ਤੇ ਹਮਲਾ ਕੀਤਾ ਸੀ। ਸਮੁੰਦਰੀ ਰਸਤਿਓਂ ਮੁੰਬਈ ਦਾਖ਼ਲ ਹੋਏ ਇਨ੍ਹਾਂ ਅੱਤਵਾਦੀਆਂ ਨੇ ਕਰੀਬ 60 ਘੰਟੇ ਆਤੰਕ ਮਚਾਇਆ, ਜਿਸ ਵਿਚ 166 ਲੋਕ ਮਾਰੇ ਗਏ ਸਨ।

## SC ਭਾਈਚਾਰੇ ਦੇ ਵਕੀਲਾਂ ਲਈ ਪੰਜਾਬ ਕੈਬਨਿਟ ਦਾ ਵੱਡਾ ਫ਼ੈਸਲਾ

ਚੰਡੀਗੜ੍ਹ 11 ਅਪ੍ਰੈਲ। ਪੰਜਾਬ ਮੰਤਰੀ ਮੰਡਲ ਨੇ ਵਕੀਲਾਂ ਅਤੇ ਮੈਡੀਕਲ ਪ੍ਰੋਫ਼ੈਸਰਾਂ ਦੇ ਹੱਕ 'ਚ ਵੱਡਾ ਫ਼ੈਸਲਾ ਲਿਆ ਹੈ। ਵਿੱਤ ਮੰਤਰੀ ਹਰਪਾਲ ਚੀਮਾ ਨੇ ਕੈਬਨਿਟ ਦੇ ਫ਼ੈਸਲੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਕੀਲਾਂ ਲਈ ਰਾਖਵੀਆਂ ਅਸਾਮੀਆਂ ਦੇ ਬੈਕਲਾਗ ਨੂੰ ਹੱਲ ਕਰਨ ਲਈ, ਕੈਬਨਿਟ ਨੇ ਆਮਦਨ ਕਰ ਯੋਗਤਾ ਮਾਪਦੰਡਾਂ ਨੂੰ ਸੌਖਾ ਕਰ ਦਿੱਤਾ ਹੈ। ਖਾਸ ਤੌਰ 'ਤੇ, ਐੱਸ. ਸੀ./ਐੱਸ.ਟੀ. ਉਮੀਦਵਾਰਾਂ ਲਈ, ਸਾਰੇ ਲਾਗੂ ਉਪਬੰਧਾਂ ਵਿਚ ਆਮਦਨ ਸੀਮਾ ਨੂੰ 50 ਫੀਸਦੀ ਘਟਾ ਦਿੱਤਾ ਗਿਆ ਹੈ, ਜਿਸ ਨਾਲ 15 ਖਾਲੀ ਰਾਖਵੀਆਂ ਅਸਾਮੀਆਂ ਦੀ ਨਿਯੁਕਤੀ ਲਈ ਰਾਹ ਪੱਧਰਾ ਹੋ



ਗਿਆ ਹੈ। ਚੀਮਾ ਨੇ ਦੱਸਿਆ ਕਿ ਮੰਤਰੀ ਮੰਡਲ ਨੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਅਧੀਨ ਸਾਰੇ ਬਲਾਕਾਂ ਦੇ ਰਾਜ ਵਿਆਪੀ ਪੁਨਰਗਠਨ ਅਤੇ ਤਰਕਸੰਗਤੀਕਰਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਸ ਫੈਸਲੇ ਦਾ ਉਦੇਸ਼ ਜ਼ਮੀਨੀ ਪੱਧਰ 'ਤੇ ਜਨਤਕ ਸੇਵਾਵਾਂ ਨੂੰ ਵਧੇਰੇ ਪਹੁੰਚਯੋਗ ਅਤੇ ਕੁਸ਼ਲ ਬਣਾਉਣਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਕੈਬਨਿਟ ਨੇ ਸਰਕਾਰੀ ਮੈਡੀਕਲ ਕਾਲਜਾਂ ਵਿਚ ਮੈਡੀਕਲ ਫੈਕਲਟੀ ਸਟਾਫ ਲਈ ਸੇਵਾਮੁਕਤੀ ਦੀ ਉਮਰ 62 ਤੋਂ ਵਧਾ ਕੇ 65 ਸਾਲ ਕਰ ਦਿੱਤੀ ਗਈ ਹੈ। ਇਸ ਕਦਮ ਨਾਲ ਪਿਛਲੀ ਸੇਵਾਮੁਕਤੀ ਦੀ ਉਮਰ ਦੇ ਨੇੜੇ ਲਗਭਗ 40 ਪ੍ਰੋਫੈਸਰਾਂ ਨੂੰ ਲਾਭ ਹੋਣ ਦੀ ਉਮੀਦ ਹੈ ਅਤੇ ਮੈਡੀਕਲ ਕਾਲਜਾਂ ਵਿਚ ਸਟਾਫ ਦੀ ਘਾਟ ਨੂੰ ਦੂਰ ਕਰਨ ਵਿਚ ਮਦਦ ਮਿਲੇਗੀ। ਇਸੇ ਤਰ੍ਹਾਂ ਮੈਡੀਕਲ ਅਫਸਰਾਂ/ਸਪੈਸ਼ਲਿਸਟ ਡਾਕਟਰਾਂ ਲਈ ਸੇਵਾਮੁਕਤੀ ਦੀ ਉਮਰ 58 ਤੋਂ ਵਧਾ ਕੇ 65 ਸਾਲ ਕਰ ਦਿੱਤੀ ਗਈ ਹੈ। ਹਾਲਾਂਕਿ, 58 ਸਾਲ ਤੋਂ ਵੱਧ ਉਮਰ ਦੀਆਂ ਨਿਯੁਕਤੀਆਂ ਹੁਣ ਠੇਕੇ ਦੇ ਆਧਾਰ 'ਤੇ ਕੀਤੀਆਂ ਜਾਣਗੀਆਂ।

## ਸੁਪਰੀਮ ਕੋਰਟ ਨੇ ਕੇਂਦਰ ਤੇ ਬਿਹਾਰ ਸਰਕਾਰ ਤੋਂ ਪੁੱਛਿਆ- ਗੰਗਾ ਦੇ ਕਿਨਾਰੇ ਕਬਜ਼ੇ ਹਟਾਉਣ ਲਈ ਕੀ ਕਦਮ ਚੁੱਕੇ ਗਏ?

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 11 ਅਪ੍ਰੈਲ। ਸੁਪਰੀਮ ਕੋਰਟ ਨੇ ਬਿਹਾਰ 'ਚ ਗੰਗਾ ਕਿਨਾਰੇ ਗੈਰ-ਕਾਨੂੰਨੀ ਨਿਰਮਾਣ ਨੂੰ ਲੈ ਕੇ ਚਿੰਤਾ ਜਤਾਉਂਦੇ ਹੋਏ ਕੇਂਦਰ ਅਤੇ ਸੂਬਾ ਸਰਕਾਰ ਨੂੰ ਗੈਰ-ਕਾਨੂੰਨੀ ਨਿਰਮਾਣ ਹਟਾਉਣ ਲਈ ਚੁੱਕੇ ਗਏ ਕਦਮਾਂ ਬਾਰੇ ਵਸਤੂ-ਸਥਿਤੀ ਰਿਪੋਰਟ ਦਾਖ਼ਲ ਕਰਨ ਦਾ ਨਿਰਦੇਸ਼ ਦਿੱਤਾ। ਜੱਜ ਜੇ.ਬੀ. ਪਾਰਦੀਵਾਲਾ ਅਤੇ ਜੱਜ ਕੇ.ਵੀ. ਵਿਸ਼ਵਨਾਥਨ ਦੀ ਬੈਂਚ ਨੇ ਜਾਣਨਾ ਚਾਹਿਆ ਅੱਜ ਦੀ ਤਾਰੀਖ਼ 'ਚ ਮੌਜੂਦਾ ਕਬਜ਼ਿਆਂ ਦੀ ਗਿਣਤੀ ਕਿੰਨੀ ਹੈ। ਬੈਂਚ ਨੇ ਇਹ ਵੀ ਦੱਸਣ ਦਾ ਨਿਰਦੇਸ਼ ਦਿੱਤਾ ਕਿ ਅਧਿਕਾਰੀ ਇਨ੍ਹਾਂ ਕਬਜ਼ਿਆਂ ਨੂੰ ਕਦੋਂ ਤੱਕ ਅਤੇ ਕਿਸ ਤਰ੍ਹਾਂ ਹਟਾਉਣਗੇ। ਬੈਂਚ ਨੇ ਕਿਹਾ,"ਅਸੀਂ ਜਾਣਨਾ ਚਾਹਾਂਗੇ ਕਿ ਗੰਗਾ ਨਦੀ ਦੇ ਕਿਨਾਰੇ ਅਜਿਹੇ ਸਾਰੇ ਕਬਜ਼ਿਆਂ ਨੂੰ ਹਟਾਉਣ ਲਈ ਅਧਿਕਾਰੀਆਂ ਨੇ ਕੀ ਕਦਮ ਚੁੱਕੇ ਹਨ।" 2 ਅਪ੍ਰੈਲ ਦੇ ਆਦੇਸ਼ 'ਚ ਕਿਹਾ ਗਿਆ,"ਅਸੀਂ ਬਿਹਾਰ ਸਰਕਾਰ ਅਤੇ ਭਾਰਤ ਸਰਕਾਰ ਦੋਵਾਂ ਨੂੰ ਉਚਿਤ ਰਿਪੋਰਟ ਦਾਖ਼ਲ ਕਰਨ ਦਾ ਨਿਰਦੇਸ਼ ਦਿੰਦੇ ਹਨ ਤਾਂ ਕਿ ਅਸੀਂ ਮਾਮਲੇ 'ਚ ਅੱਗੇ ਵਧ ਸਕੀਏ।" ਬੈਂਚ ਨੇ ਨੈਸ਼ਨਲ ਗ੍ਰੀਨ



ਟ੍ਰਿਬਿਊਨਲ (ਐੱਨਜੀਟੀ) ਦੇ 30 ਜੂਨ 2020 ਦੇ ਆਦੇਸ਼ ਖ਼?ਲਾਫ਼ ਪਟਨਾ ਵਾਸੀ ਅਸ਼ੋਕ ਕੁਮਾਰ ਸਿਨਹਾ ਦੀ ਉਸ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ 'ਚ ਵਾਤਾਵਰਣ ਪੱਖੋਂ ਸੰਵੇਦਨਸ਼ੀਲ ਖੇਤਰਾਂ ਨਚ ਗੈਰ-ਕਾਨੂੰਨੀ ਨਿਰਮਾਣ ਅਤੇ ਸਥਾਈ ਕਬਜ਼ੇ ਖ਼?ਲਾਫ਼ ਉਨ੍ਹਾਂ ਦੀ ਪਟੀਸ਼ਨ ਖਾਰਜ ਕਰ ਦਿੱਤੀ ਗਈ ਸੀ। ਉਨ੍ਹਾਂ ਦੇ ਵਕੀਲ ਆਕਾਸ਼ ਵਸ਼ਿਸ਼ਠ ਨੇ ਕਿਹਾ ਕਿ ਗੰਗਾ ਦੇ ਨੇੜੇ-ਤੇੜੇ ਦੇ ਖੇਤਰਾਂ 'ਚ ਵੱਡੇ ਪੈਮਾਨੇ 'ਤੇ ਗੈਰ-ਕਾਨੂੰਨੀ ਅਤੇ ਅਣਅਧਿਕਾਰਤ ਨਿਰਮਾਣ ਅਤੇ ਕਬਜ਼ੇ ਕੀਤੇ ਜਾ ਰਹੇ ਹਨ, ਜਿਨ੍ਹਾਂ 'ਚ ਰਿਹਾਇਸ਼ੀ ਬਸਤੀਆਂ, ਇੱਟ-ਭੱਠੇ ਅਤੇ ਹੋਰ ਧਾਰਮਿਕ ਢਾਂਚੇ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਨਦੀ ਦੇ ਕਿਨਾਰਿਆਂ 'ਤੇ ਵੱਡੇ ਪੈਮਾਨੇ 'ਤੇ ਕਬਜ਼ਾ ਹੈ, ਜਿਸ 'ਤੇ ਤੁਰੰਤ ਧਿਆਨ ਦੇਣ ਦੀ ਲੋੜ ਹੈ। ਪਟੀਸ਼ਨ 'ਚ ਕਿਹਾ ਗਿਆ ਹੈ ਕਿ ਟ੍ਰਿਬਿਊਨਲ ਨੇ ਹੜ੍ਹ ਦੇ ਮੈਦਾਨਾਂ 'ਤੇ ਕਬਜ਼ਾ ਕਰਨ ਵਾਲੇ ਉਲੰਘਣਕਰਤਾਵਾਂ ਦੇ ਵੇਰਵੇ ਦੀ ਪੜਤਾਲ ਕੀਤੇ ਬਿਨਾਂ ਆਦੇਸ਼ ਪਾਸ ਕੀਤਾ। ਸੁਪਰੀਮ ਕੋਰਟ ਮਾਮਲੇ ਦੀ ਸੁਣਵਾਈ ਚਾਰ ਹਫ਼ਤਿਆਂ ਬਾਅਦ ਕਰੇਗੀ।

## ਦਿੱਲੀ 'ਚ ਮੌਸਮ ਹੋਇਆ ਖ਼ਰਾਬ, ਤੇਜ਼ ਤੂਫਾਨ ਤੇ ਮੀਂਹ ਕਾਰਨ 15 ਤੋਂ ਵਧ ਫਲਾਈਟਾਂ ਡਾਇਵਰਟ

ਨੈਸ਼ਨਲ ਡੈਸਕ 11 ਅਪ੍ਰੈਲ। ਦਿੱਲੀ-ਐੱਨਸੀਆਰ ਵਿੱਚ ਸ਼ੁੱਕਰਵਾਰ ਸ਼ਾਮ ਦਾ ਨਜ਼ਾਰਾ ਦੇਖਣ ਯੋਗ ਸੀ। ਗਰਮੀ ਤੋਂ ਪ੍ਰੇਸ਼ਾਨ ਰਾਜਧਾਨੀ ਦੇ ਲੋਕਾਂ ਨੂੰ ਅਚਾਨਕ ਉਸ ਸਮੇਂ ਰਾਹਤ ਮਿਲੀ ਜਦੋਂ ਤੇਜ਼ ਤੂਫਾਨ ਤੋਂ ਬਾਅਦ ਭਾਰੀ ਮੀਂਹ ਸ਼ੁਰੂ ਹੋ ਗਿਆ। ਕਈ ਇਲਾਕਿਆਂ ਵਿੱਚ ਧੂੜ ਭਰੀਆਂ ਤੇਜ਼ ਹਵਾਵਾਂ ਚੱਲੀਆਂ ਅਤੇ ਬਿਜਲੀ ਗਰਜਨ ਲੱਗੀ। ਮੀਂਹ ਕਾਰਨ ਤਾਪਮਾਨ ਡਿੱਗ ਗਿਆ ਅਤੇ ਮੌਸਮ ਸੁਹਾਵਣਾ ਹੋ ਗਿਆ। ਤੇਜ਼ ਤੂਫਾਨ ਅਤੇ ਮੀਂਹ ਦਾ ਪ੍ਰਭਾਵ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ (9791) 'ਤੇ ਵੀ ਸਪੱਸ਼ਟ ਤੌਰ 'ਤੇ ਦਿਖਾਈ ਦਿੱਤਾ। ਖਰਾਬ ਮੌਸਮ ਕਾਰਨ ਹੁਣ ਤੱਕ 15 ਤੋਂ ਵੱਧ ਉਡਾਣਾਂ ਨੂੰ ਦੂਜੇ ਹਵਾਈ ਅੱਡਿਆਂ ਵੱਲ ਮੋੜਨਾ ਪਿਆ ਹੈ। ਦਿੱਲੀ ਹਵਾਈ ਅੱਡੇ ਦੇ ਸੰਚਾਲਕ 491* ਨੇ ਦੱਸਿਆ ਕਿ ਮੌਸਮ ਦੇ ਕਾਰਨ ਕਈ ਉਡਾਣਾਂ ਦੇ ਰੂਟ ਬਦਲ ਦਿੱਤੇ ਗਏ ਹਨ। ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਯਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਆਪਣੀ ਫਲਾਈਟ ਦੀ ਤਾਜ਼ਾ ਜਾਣਕਾਰੀ ਲਈ ਸੰਬੰਧਿਤ ਏਅਰਲਾਈਨਜ਼ ਨਾਲ ਸੰਪਰਕ 'ਚ ਰਹਿਣ। ਕਈ ਉਡਾਣਾਂ ਦੇਰੀ ਨਾਲ ਚੱਲ ਰਹੀਆਂ ਹਨ ਅਤੇ ਕੁਝ ਨੂੰ ਨੇੜੇ ਦੇ ਹਵਾਈ ਅੱਡੇ ਜਿਵੇਂ- ਜੈਪੁਰ, ਲਖਨਊ ਅਤੇ ਅੰਮ੍ਰਿਤਸਰ ਵੱਲ ਡਾਇਵਰਟ ਕੀਤਾ ਗਿਆ ਹੈ। ਪ੍ਰਮੁੱਖ ਏਅਰਲਾਈਨ ਇੰਡੀਗੋ ਨੇ ਵੀ ਆਪਣੇ ਬਿਆਨ 'ਚ ਕਿਹਾ ਹੈ ਕਿ ਦਿੱਲੀ ਅਤੇ ਜੈਪੁਰ 'ਚ ਚੱਲ ਰਹੂ ਧੂੜ ਭਰੀ ਹਨ੍ਹੇਰੀ ਕਾਰਨ ਲੈਂਡਿੰਗ ਅਤੇ ਟੇਕਆਫ 'ਚ ਪਰੇਸ਼ਾਨੀ ਹੋ ਰਹੀ ਹੈ। ਇਸ ਨਾਲ ਨਾ ਸਿਰਫ ਉਡਾਣਾਂ ਡਾਇਵਰਟ ਹੋ ਰਹੀਆਂ ਹ ਨ ਸਗੋਂ ਹਵਾਈ ਟ?ਰੈਫਿਕ 'ਚ ਵੀ ਭੀੜ ਵਧ ਗਈ ਹੈ। ਭਾਰਤੀ ਮੌਸਮ ਵਿਭਾਗ ਨੇ ਅਲਰਟ ਜਾਰੀ ਕਰਦੇ ਹੋਏ ਦੱਸਿਆ ਕਿ ਅਗਲੇ ਕੁਝ ਘੰਟਿਆਂ 'ਚ ਦਿੱਲੀ-ਐੱਨਸੀਆਰ ਦੇ ਕੁਝ ਹੋਰ ਹਿੱਸਿਆਂ 'ਚ ਤੇਜ਼ ਹਵਾਵਾਂ ਅਤੇ ਮੀਂਹ ਦੀ ਸੰਭਾਵਨਾ ਹੈ। ਹਵਾ ਦੀ ਰਫਤਾਰ 40 ਤੋਂ 60 ਕਿਲੋਮੀਟਰ ਪ੍ਰਤੀ ਘੰਟਾ ਤਕ ਪਹੁੰਚ ਸਕਦੀ ਹੈ।

## ਵਿਆਹੁਤਾ ਝਗੜਿਆਂ 'ਚ ਦੋਸ਼ਾਂ ਨੂੰ ਉਤਸ਼ਾਹ ਨਾ ਦੇਣ ਵਕੀਲ : ਦਿੱਲੀ ਹਾਈ ਕੋਰਟ

ਨਵੀਂ ਦਿੱਲੀ 11 ਅਪ੍ਰੈਲ। ਦਿੱਲੀ ਹਾਈ ਕੋਰਟ ਨੇ ਕਿਹਾ ਹੈ ਕਿ ਵਕੀਲਾਂ ਨੂੰ ਆਪਣੇ ਮੁਵੱਕਿਲਾਂ ਨੂੰ ਵਿਆਹੁਤਾ ਝਗੜੇ ਸੁਲਝਾਉਣ ਦੀ





ਸਲਾਹ ਦੇਣੀ ਚਾਹੀਦੀ ਹੈ, ਨਾ ਕਿ ਉਨ੍ਹਾਂ ਨੂੰ ਇਕ-ਦੂਜੇ ਦੇ ਖਿਲਾਫ ਦੋਸ਼ ਲਾਉਣ ਅਤੇ ਇਸ ਨੂੰ 'ਹਵਾ' ਦੇਣ ਦੀ ਸਲਾਹ ਦੇਣੀ ਚਾਹੀਦੀ ਹੈ। ਜਸਟਿਸ ਪ੍ਰਤਿਭਾ ਐੱਮ. ਸਿੰਘ ਅਤੇ ਜਸਟਿਸ ਅਮਿਤ ਸ਼ਰਮਾ ਦੀ ਬੈਂਚ ਨੇ ਕਿਹਾ ਕਿ ਵਿਆਹੁਤਾ ਝਗੜਿਆਂ 'ਚ ਮੁੱਦਈ ਤੇ ਜਵਾਬਦੇਹ ਪੱਖਾਂ ਨੂੰ ਭਾਵਨਾਤਮਕ ਸੱਟ ਦਾ ਸਾਹਮਣਾ ਕਰਨਾ ਪੈਂਦਾ ਹੈ, ਉਨ੍ਹਾਂ ਦੇ ਨਿੱਜੀ ਜੀਵਨ 'ਚ ਠਹਿਰਾਅ ਜਿਹਾ ਆ ਜਾਂਦਾ ਹੈ। ਬੈਂਚ ਨੇ ਕਿਹਾ ਕਿ ਉਹ ਮੁੱਦਈ ਤੇ ਜਵਾਬਦੇਹ ਪੱਖਾਂ ਦੀ 'ਨਿਰਾਸ਼ਾ' ਤੋਂ ਜਾਣੂ ਹੈ। ਬੈਂਚ ਨੇ ਕਿਹਾ ਕਿ ਹਾਲਾਂਕਿ ਸ਼ਾਂਤੀ ਅਤੇ ਸਦਭਾਵਨਾ ਬੇਹੱਦ ਜ਼ਰੂਰੀ ਹੈ ਅਤੇ ਅਜਿਹੇ ਮਾਮਲਿਆਂ 'ਚ ਸ਼ਿਕਾਇਤਕਰਤਾ ਪੱਖਾਂ ਦਾ ਆਚਰਣ ਕਾਨੂੰਨ 'ਚ ਤੈਅ ਹੱਦਾਂ ਨੂੰ ਪਾਰ ਨਹੀਂ ਕਰ ਸਕਦਾ। ਹਾਈ ਕੋਰਟ ਨੇ ਇਕ ਹੁਕਮ 'ਚ ਕਿਹਾ, "ਅਜਿਹੇ ਮਾਮਲਿਆਂ 'ਚ ਵਕੀਲਾਂ ਦੀ ਨਾ ਸਿਰਫ ਆਪਣੇ ਮੁਵੱਕਿਲ ਪ੍ਰਤੀ ਸਗੋਂ ਅਦਾਲਤ ਅਤੇ ਸਮਾਜ ਪ੍ਰਤੀ ਵੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ।

## ਜਬਰ-ਜ਼ਿਨਾਹ ਦੀ ਪੀੜਤਾ ਨੇ ਗਰਭਵਤੀ ਹੋਣ ਮਗਰੋਂ ਖੜਕਾਇਆ ਕੋਰਟ ਦਾ ਦਰਵਾਜ਼ਾ

**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ 11 ਅਪ੍ਰੈਲ। ਗੁਜਰਾਤ ਹਾਈ ਕੋਰਟ 'ਚ ਇਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੇ ਸਾਰਿਆਂ ਨੂੰ ਭਾਵੁਕ ਕਰ ਦਿੱਤਾ। ਦੱਸਣਯੋਗ ਹੈ ਕਿ ਇਕ 14 ਸਾਲਾ ਕੁੜੀ ਨਾਲ ਜਬਰ ਜ਼ਿਨਾਹ ਹੋਇਆ ਸੀ ਅਤੇ ਉਹ ਗਰਭਵਤੀ ਹੋ ਗਈ। ਉਸ ਦੇ ਗਰਭਪਾਤ ਦੀ ਸੁਣਵਾਈ ਚੱਲ ਰਹੀ ਸੀ। ਇਸ ਦੌਰਾਨ ਜ਼ਿਲ੍ਹਾ ਕੋਰਟ 'ਚ ਕੰਮ ਕਰਨ ਵਾਲੇ ਇਕ ਕਲਰਕ ਨੇ ਕਿਹਾ ਕਿ ਉਹ ਇਸ ਬੱਚੇ ਨੂੰ ਗੋਦ ਲੈਣਾ ਚਾਹੁੰਦਾ ਹੈ। ਕਲਰਕ ਨੇ ਇਸ ਦੀ ਵਜ?ਹਾ ਦੱਸਦੇ ਹੋਏ ਕਿਹਾ ਕਿ ਉਸ ਦੇ ਵਿਆਹ ਨੂੰ ਕਈ ਸਾਲ ਹੋ ਗਏ ਹਨ ਪਰ ਉਨ੍ਹਾਂ ਨੂੰ ਅਜੇ ਤੱਕ ਬੱਚਾ ਨਹੀਂ ਹੋਇਆ ਹੈ। ਜੇਕਰ ਕੋਰਟ ਮਨਜ਼ੂਰੀ ਦੇ ਦੇਵੇ ਤਾਂ ਇਹ ਬੱਚਾ ਉਨ੍ਹਾਂ ਦੀ ਜ਼ਿੰਦਗੀ 'ਚ ਖੁਸ਼ੀਆਂ ਲਿਆਏਗਾ ਅਤੇ ਉਨ੍ਹਾਂ ਨੂੰ ਇਕ ਮਕਸਦ ਦੇਵੇਗਾ। ਸ਼ੁਰੂਆਤ 'ਚ ਕਲਰਕ ਨੇ ਆਪਣੇ ਵਕੀਲ ਦੇ ਮਾਧਿਅਮ ਨਾਲ ਹਾਈ ਕੋਰਟ 'ਚ ਆਪਣੀ ਗੱਲ ਰੱਖਣ ਦੀ ਮਨਜ਼ੂਰੀ ਮੰਗੀ। ਕੋਰਟ ਨੇ ਉਸ ਨੂੰ ਇਸ ਮਾਮਲੇ 'ਚ ਸ਼ਾਮਲ ਹੋਣ ਦੀ ਮਨਜ਼ੂਰੀ ਦੇ ਦਿੱਤੀ। ਫਿਰ ਕੋਰਟ ਨੇ ਕਲਰਕ ਅਤੇ ਕੁੜੀ ਦੇ ਮਾਪਿਆਂ ਨੂੰ ਗੱਲਬਾਤ ਲਈ ਬੁਲਾਇਆ। ਕੋਰਟ ਨੇ ਕੁੜੀ ਦੇ ਮਾਪਿਆਂ ਨੂੰ ਸਮਝਾਇਆ ਕਿ ਉਨ੍ਹਾਂ ਦੀ ਧੀ ਲਈ ਗਰਭਪਾਤ ਦੀ ਸਥਿਤੀ ਬਹੁਤ ਮੁਸ਼ਕਲ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜੇਕਰ ਉਨ੍ਹਾਂ ਧੀ ਬੱਚੇ ਨੂੰ ਜਨਮ ਦਿੰਦੀ ਹੈ ਤਾਂ ਸਰਕਾਰ ਉਸ ਦੀ ਦੇਖਭਾਲ ਕਰੇਗੀ। ਇਸ



ਤੋਂ ਬਾਅਦ ਉਨ੍ਹਾਂ ਨੂੰ ਕਲਰਕ ਬਾਰੇ ਦੱਸਿਆ ਗਿਆ ਕਿ ਉਹ ਇਸ ਬੱਚੇ ਨੂੰ ਗੋਦ ਲੈਣਾ ਚਾਹੁੰਦਾ ਹੈ। ਲੰਬੀ ਗੱਲਬਾਤ ਤੋਂ ਬਾਅਦ ਕੁੜੀ ਦੇ ਮਾਪੇ ਆਖ਼ਰਕਾਰ ਮੰਨ ਗਏ। ਕੋਰਟ ਨੇ ਆਦੇਸ਼ ਦਿੱਤਾ ਕਿ ਕੁੜੀ ਦੀ ਡਿਲਿਵਰੀ ਤੱਕ ਉਸ ਦਾ ਅਤੇ ਬੱਚੇ ਦਾ ਪੂਰਾ ਖਰਚ ਸੂਬਾ ਸਰਕਾਰ ਚੁੱਕੇਗੀ, ਜਿਸ 'ਚ ਇਲਾਜ ਵੀ ਸ਼ਾਮਲ ਹੈ। ਕਲਰਕ ਨੇ ਕੋਰਟ 'ਚ ਲਿਖਤੀ ਬਿਆਨ ਦਿੱਤਾ ਕਿ ਉਸ ਦੇ ਵਿਆਹ ਨੂੰ ਕਈ ਸਾਲ ਹੋ ਗਏ ਹਨ ਅਤੇ ਉਨ੍ਹਾਂ ਦਾ ਕੋਈ ਬੱਚਾ ਨਹੀਂ ਹੈ। ਇਸ ਲਈ ਉਹ ਕੁੜੀ ਦੇ ਬੱਚੇ ਨੂੰ ਗੋਦ ਲੈਣ ਲਈ ਤਿਆਰ ਹੈ ਅਤੇ ਉਹ ਤੇ ਉਸ ਦਾ ਪਰਿਵਾਰ ਬੱਚੇ ਦੀ ਪੂਰੀ ਜ਼ਿੰਮੇਵਾਰੀ ਚੁੱਕਣਗੇ। ਇਸ 'ਤੇ ਹਾਈ ਕੋਰਟ ਨੇ ਕਲਰਕ ਨੂੰ ਸੈਂਟਰਲ ਅਡਾਪਸ਼ਨ ਰਿਸੋਰਸ ਅਥਾਰਟੀ (ਕਾਰਾ) 'ਚ ਅਰਜ਼ੀ ਦੇਣ ਅਤੇ ਗੋਦ ਲੈਣ ਦੀ ਪ੍ਰਕਿਰਿਆ ਪੂਰੀ ਕਰਨ ਦਾ ਆਦੇਸ਼ ਦਿੱਤਾ। ਕੋਰਟ ਨੇ ਕਾਰਾ ਨੂੰ ਵੀ ਇਸ ਆਦੇਸ਼ ਦੀ ਕਾਪੀ ਭੇਜਣ ਨੂੰ ਕਿਹਾ ਤਾਂ ਕਿ ਜਿਵੇਂ ਹੀ ਬੱਚੇ ਦਾ ਜਨਮ ਹੋਵੇ, ਕਾਨੂੰਨੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਸਕੇ ਅਤੇ ਕਲਰਕ ਨੂੰ ਬੱਚੇ ਦੀ ਕਸਟਡੀ ਮਿਲ ਜਾਵੇ। ਇਸ ਮਾਮਲੇ 'ਚ ਡਾਕਟਰਾਂ ਨੇ ਕੋਰਟ ਨੂੰ ਦੱਸਿਆ ਕਿ 14 ਸਾਲਾ ਕੁੜੀ ਅਜੇ ਬੱਚੇ ਦੀ ਦੇਖਭਾਲ ਕਰਨ ਦੀ ਹਾਲਤ 'ਚ ਨਹੀਂ ਹੈ। ਉਹ ਜਬਰ ਜ਼ਿਨਾਹ ਕਾਰਨ ਪਹਿਲਾਂ ਹੀ ਬਹੁਤ ਪਰੇਸ਼ਾਨ ਹੈ ਅਤੇ ਇੰਨੀ ਘੱਟ ਉਮਰ 'ਚ ਮਾਂ ਬਣਨ ਦੀ ਜ਼ਿੰਮੇਵਾਰੀ ਉਸ ਲਈ ਬਹੁਤ ਮੁਸ਼ਕਲ ਹੈ। ਇਹ ਕੁੜੀ ਦੇ ਭਵਿੱਖ ਅਤੇ ਸਮਾਜ 'ਚ ਉਸ ਦੀ ਸਥਿਤੀ ਲਈ ਵੀ ਠੀਕ ਨਹੀਂ ਹੋਵੇਗਾ। ਇਸ ਲਈ ਕੁੜੀ ਦੇ ਮਾਪਿਆਂ ਨੇ ਆਪਣੀ ਧੀ ਦੇ ਗਰਭਪਾਤ ਲਈ ਹਾਈ ਕੋਰਟ 'ਚ ਅਰਜ਼ੀ ਲਗਾਈ ਸੀ।

## ਲੈਂਡਿੰਗ ਤੋਂ ਬਾਅਦ ਵੀ ਇਕ ਘੰਟਾ ਜਹਾਜ਼ 'ਚ ਫਸੇ ਰਹੇ 2 ਮੰਤਰੀਆਂ ਸਣੇ 180 ਯਾਤਰੀ

ਗੋਰਖਪੁਰ 11 ਅਪ੍ਰੈਲ। ਗੋਰਖਪੁਰ ਏਅਰਪੋਰਟ 'ਤੇ ਬੁੱਧਵਾਰ ਨੂੰ ਇਕ ਵਾਰ ਫਿਰ ਘਟੀਆ ਪ੍ਰਬੰਧਾਂ ਦਾ ਮਾਮਲਾ ਸਾਹਮਣੇ ਆਇਆ, ਜਦੋਂ ਦਿੱਲੀ ਤੋਂ ਆਈ ਇੰਡੀਗੋ ਦੀ ਫਲਾਈਟ (ਈ 2087/5013) 'ਚ 2 ਕੇਂਦਰੀ ਰਾਜ ਮੰਤਰੀਆਂ ਸਮੇਤ 180 ਯਾਤਰੀਆਂ ਨੂੰ ਜਹਾਜ਼ 'ਚ ਹੀ ਇਕ ਘੰਟੇ ਤੱਕ ਫਸੇ ਰਹਿਣਾ ਪਿਆ। ਫਲਾਈਟ ਨੂੰ ਦੁਪਹਿਰ 3.15 ਵਜੇ ਗੋਰਖਪੁਰ ਪੁੱਜਣਾ ਸੀ ਪਰ ਇਹ 4.25 ਵਜੇ ਲੈਂਡ ਹੋਈ। ਤੈਅ ਸਮੇਂ ਤੋਂ ਦੇਰੀ ਕਾਰਨ ਜਹਾਜ਼ ਨੂੰ ਐਪ੍ਰਨ 'ਤੇ ਜਗ?ਹਾ ਨਹੀਂ ਮਿਲ ਸਕੀ। ਪਹਿਲਾਂ ਤੋਂ ਮੌਜੂਦ ਸਪਾਈਸਜੈੱਟ ਅਤੇ ਇੰਡੀਗੋ ਦੀਆਂ ਹੋਰ ਫਲਾਈਟਾਂ ਨੂੰ ਵਾਰੀ-ਵਾਰੀ ਰਵਾਨਾ ਕੀਤਾ ਗਿਆ, ਜਿਸ ਨਾਲ ਨਵਾਂ ਜਹਾਜ਼ ਟੈਕਸੀ-ਵੇਅ 'ਤੇ ਖੜ੍ਹਾ ਰਿਹਾ। ਇਸ ਕਾਰਨ ਯਾਤਰੀ ਜਹਾਜ਼ ਤੋਂ ਹੇਠਾਂ ਨਹੀਂ ਉੱਤਰ ਸਕੇ। ਸ਼ਾਮ 5.25 ਵਜੇ ਐਪ੍ਰਨ ਖਾਲੀ ਹੋਣ ਤੋਂ ਬਾਅਦ ਹੀ ਯਾਤਰੀਆਂ ਨੂੰ ਬਾਹਰ ਕੱਢਿਆ ਗਿਆ। ਇਸ ਤੋਂ ਬਾਅਦ ਇਹ ਫਲਾਈਟ 6.13 ਵਜੇ ਦਿੱਲੀ ਲਈ ਰਵਾਨਾ ਹੋਈ। ਏਅਰਪੋਰਟ ਦੇ ਨਿਰਦੇਸ਼ਕ ਆਰ. ਕੇ. ਪਰਾਸ਼ਰ ਨੇ ਕਿਹਾ ਕਿ ਫਲਾਈਟ ਦੀ ਲੇਟ ਲੈਂਡਿੰਗ ਅਤੇ ਐਪ੍ਰਨ ਦੀ ਉਪਲੱਬਧਤਾ ਨਾ ਹੋਣ ਕਾਰਨ ਯਾਤਰੀਆਂ ਨੂੰ ਇਕ ਘੰਟਾ ਜਹਾਜ਼ ਦੇ ਅੰਦਰ ਹੀ ਬੈਠਣਾ ਪਿਆ। ਅੱਗੇ ਤੋਂ ਅਜਿਹੇ ਹਾਲਾਤ ਨਾ ਬਣਨ, ਇਸ ਦੇ ਲਈ ਵਿਵਸਥਾ ਦੀ ਸਮੀਖਿਆ ਕੀਤੀ ਜਾ ਰਹੀ ਹੈ।

# ਲੁਟੇਰਿਆਂ ਨੇ ਮੂੰਗਫਲੀ ਵੇਚਣ ਵਾਲਾ ਗਰੀਬ ਵੀ ਨਾ ਬਖਸ਼ਿਆ, ਕੁੱਟਮਾਰ ਕਰ ਕੇ ਮੋਬਾਈਲ ਤੇ ਨਕਦੀ ਖੋਹੀ

ਬਰਨਾਲਾ 11 ਅਪ੍ਰੈਲ-ਬਰਨਾਲਾ ਦੇ ਥਾਣਾ ਸਿਟੀ-2 ਖੇਤਰ 'ਚ ਇਕ ਹੋਰ ਲੁੱਟ-ਖੋਹ ਦੀ ਵਾਰਦਾਤ ਸਾਹਮਣੇ ਆਈ ਹੈ। ਮੂੰਗਫਲੀ ਵੇਚਣ ਵਾਲੇ ਇਕ ਵਿਅਕਤੀ ਸ਼ਿਵ ਕੁਮਾਰ ਤੋਂ ਤਿੰਨ ਅਣਪਛਾਤੇ ਵਿਅਕਤੀਆਂ ਵੱਲੋਂ ਕੁੱਟਮਾਰ ਕਰ ਕੇ ਉਸ ਦਾ ਮੋਬਾਈਲ ਅਤੇ 10 ਹਜਾਰ ਰੁਪਏ ਦੀ ਨਕਦੀ ਖੋਹ ਲਈ ਗਈ। ਸ਼ਿਵ ਕੁਮਾਰ, ਜੋ ਉੱਤਰ ਪ੍ਰਦੇਸ ਦੇ ਮੁਗਰਰ ਸਟੇਟ ਦਾ ਰਹਿਣ ਵਾਲਾ ਹੈ ਅਤੇ ਇਸ ਸਮੇਂ ਬਰਨਾਲਾ ਦੇ ਮੰਡਾਹਰ ਨਗਰ 'ਚ ਰਹਿੰਦਾ ਹੈ, ਨੇ ਦੱਸਿਆ ਕਿ 5 ਦਸੰਬਰ ਦੀ ਸਾਮ ਉਸ ਦੇ ਨਾਲ ਇਹ ਘਟਨਾ ਵਾਪਰੀ। ਪੀੜਤ ਮੂੰਗਫਲੀ ਵੇਚਣ ਦਾ ਕੰਮ ਕਰਦਾ ਹੈ ਅਤੇ ਘਟਨਾ ਦੇ ਸਮੇਂ ਆਪਣੇ ਅੱਡੇ 'ਤੇ ਮੌਜੂਦ ਸੀ। ਤਿੰਨ ਵਿਅਕਤੀ ਬਿਨਾਂ ਨੰਬਰ ਵਾਲੇ ਮੋਟਰਸਾਈਕਲ 'ਤੇ ਆਏ ਅਤੇ ਉਸ ਨੂੰ ਧਮਕੀਆਂ ਦੇਣ ਲੱਗੇ। ਉਕਤ ਵਿਅਕਤੀਆਂ ਨੇ ਲੋਹੇ ਦੀ ਗੰਡਾਸੀ ਉਸਦੇ ਗੱਲੇ 'ਤੇ ਰੱਖ ਕੇ ਕਿਹਾ ਕਿ ਜੇ ਪੈਸੇ ਨਾ ਦਿੱਤੇ ਤਾਂ ਉਸ ਨੂੰ ਮਾਰ ਦਿੱਤਾ ਜਾਵੇਗਾ। ਬਾਅਦ 'ਚ ਉਨ੍ਹਾਂ ਨੇ ਸ਼ਿਵ ਕੁਮਾਰ ਦੇ ਗੱਲੇ 'ਚੋਂ 4000 ਰੁਪਏ ਨਕਦ, ਗੁੱਗਲ ਪੇਅ ਪਾਸਵਰਡ ਦੀ ਮਦਦ ਨਾਲ 6000 ਰੁਪਏ ਕਢਵਾ ਲ ਅਤੇ ਉਸਦਾ ਮੋਬਾਈਲ ਫੋਨ ਵੀ ਖੋਹ ਲਿਆ। ਇਸ ਦੌਰਾਨ ਲੁਟੇਰਿਆਂ ਨੇ ਉਸਦੇ ਨਾਲ ਕੁੱਟਮਾਰ ਵੀ ਕੀਤੀ। ਇਸ ਘਟਨਾ ਨੇ ਬਰਨਾਲਾ ਦੇ ਥਾਣਾ ਸਿਟੀ-2 ਖੇਤਰ 'ਚ ਵੱਧ ਰਹੇ ਕ੍ਰਾਇਮ ਗ੍ਰਾਫ ਵੱਲ ਧਿਆਨ ਖਿੱਚਿਆ ਹੈ। ਬਦਮਾਸ ਘਟਨਾ ਤੋਂ ਬਾਅਦ ਆਈ.ਟੀ.ਆਈ. ਚੌਕ ਵੱਲ ਭੱਜ ਗਏ। ਇਹ ਪਹਿਲੀ ਵਾਰ ਨਹੀਂ ਹੈ ਕਿ ਇਲਾਕੇ 'ਚ ਇਸ ਤਰ੍ਹਾਂ ਦੀ ਵਾਰਦਾਤ ਹੋਈ ਹੈ। ਵਧ ਰਹੀਆਂ ਲੁੱਟ-ਖੋਹ ਦੀਆਂ ਵਾਰਦਾਤਾਂ ਨੇ ਪੂਰੇ ਇਲਾਕੇ 'ਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਸ਼ਿਵ ਕੁਮਾਰ ਨੇ ਮਾਮਲੇ ਦੀ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਇਨਸਾਫ ਦੀ ਮੰਗ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਲੁਟੇਰਿਆਂ ਵੱਲੋਂ ਕੀਤੇ ਨੁਕਸਾਨ ਦੀ ਭਰਪਾਈ ਹੋਣੀ ਚਾਹੀਦੀ ਹੈ। ਪੁਲਸ ਨੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ ਅਤੇ ਮੁਲਜਮਾਂ ਨੂੰ ਜਲਦੀ ਕਾਬੂ ਕਰਨ ਦਾ ਭਰੋਸਾ ਦਿਵਾਇਆ ਹੈ। ਲੋਕਾਂ ਨੇ ਇਸ ਵਾਰਦਾਤ 'ਤੇ ਗੁੱਸਾ ਪ੍ਰਗਟਾਇਆ ਹੈ ਅਤੇ ਪੁਲਸ ਪ੍ਰਸਾਸਨ ਤੋਂ ਸਖਤ ਕਦਮ ਚੁੱਕਣ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਅਜਿਹੀਆਂ ਘਟਨਾਵਾਂ 'ਤੇ ਰੋਕ ਨਾ ਲਾਈ ਗਈ ਤਾਂ ਲੋਕਾਂ ਦਾ ਸਿਸਟਮ 'ਤੇ ਵਿਸਵਾਸ ਘਟ ਸਕਦਾ ਹੈ। ਥਾਣਾ ਸਿਟੀ-2 ਦੇ ਖੇਤਰ 'ਚ ਲੁੱਟ-ਖੋਹ ਦੀਆਂ ਵਧ ਰਹੀਆਂ ਵਾਰਦਾਤਾਂ ਪੁਲਸ ਦੀ ਕਾਰਜਸੈਲੀ 'ਤੇ ਗੰਭੀਰ ਸਵਾਲ ਖੜ੍ਹੇ ਕਰ ਰਹੀਆਂ ਹਨ। ਸੀਨੀਅਰ ਪੁਲਸ ਅਧਿਕਾਰੀਆਂ ਨੂੰ ਇਸ ਸਬੰਧ 'ਚ ਤੁਰੰਤ ਕਾਰਵਾਈ ਕਰਨ ਦੀ ਜਰੂਰਤ ਹੈ ਤਾਂ ਜੋ ਜਨਤਾ 'ਚ ਡਰ ਦਾ ਮਾਹੌਲ ਖਤਮ ਕੀਤਾ ਜਾ ਸਕੇ।



## ਰਿਪੇਅਰ ਲਈ ਆਈ ਕਾਰ ਨੂੰ ਅਚਾਨਕ ਲੱਗ ਗਈ ਅੱਗ

ਅਬੋਹਰ 11 ਅਪ੍ਰੈਲ। ਅਬੋਹਰ ਤੋਂ ਇਕ ਸਨਸਨੀਖੇਜ ਖਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਸੀਤੋ ਰੋਡ ਸਥਿਤ ਇਕ ਵਰਕਾਸ਼ਾਪ 'ਚ ਉਸ ਸਮੇਂ ਭਾਜੜਾਂ ਪੈ ਗਈਆਂ, ਜਦੋਂ ਰਿਪੇਅਰ ਲਈ ਆਈ ਇਕ ਕਾਰ 'ਚ ਅਚਾਨਕ ਅੱਗ ਲਈ। ਇਹ ਅੱਗ ਇੰਨੀ ਭਿਆਨਕ ਸੀ ਕਿ ਕਾਰ ਦੇਖਦੇ ਹੀ ਦੇਖਦੇ ਸੁਆਹ ਹੋ ਗਈ ਹੈ। ਜਾਣਕਾਰੀ ਅਨੁਸਾਰ ਹਰਿਆਣਾ ਦੇ ਪਿੰਡ ਜੰਡਵਾਲਾ ਬਿਸ਼ਨੋਈਆ ਦੇ ਰਹਿਣ ਵਾਲੇ ਸਰਵਣ ਕੁਮਾਰ ਆਪਣੀ ਆਲਟੋ ਕਾਰ ਠੀਕ ਕਰਵਾਉਣ ਲਈ ਗਿਆ ਸੀ। ਜਦੋਂ ਮਕੈਨਿਕ ਨੇ ਕਾਰ ਦਾ ਇਕ ਨਟ ਖੋਲ੍ਹਿਆ ਤਾਂ ਅਚਾਨਕ ਕਾਰ 'ਚ ਭਿਆਨਕ ਅੱਗ ਲੱਗ ਗਈ ਤੇ ਦੇਖਦੇ ਦੇਖਦੇ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ। ਇਸ ਮਗਰੋਂ ਆਸਪਾਸ ਦੇ ਲੋਕਾਂ ਵੱਲੋਂ 112 ਨੰਬਰ 'ਤੇ ਕਾਲ ਕਰ ਕੇ ਅੱਗ 'ਤੇ ਕਾਬੂ ਪਾਉਣ ਲਈ ਫਾਇਰ ਬ੍ਰਿਗੇਡ ਨੂੰ ਸੱਦਿਆ ਗਿਆ, ਜਿਸ ਮਗਰੋਂ ਟੀਮ ਨੇ ਆ ਕੇ ਅੱਗ 'ਤੇ ਕਾਫੀ ਮਿਹਨਤ ਮੁਸ਼ੱਕਤ ਮਗਰੋਂ ਕਾਬੂ ਪਾਇਆ। ਇਸ ਅੱਗ ਦਾ ਕਾਰਨ ਪੈਟਰੋਲ ਦੀ ਟੈਂਕੀ ਲੀਕ ਹੋਣਾ ਦੱਸਿਆ ਜਾ ਰਿਹਾ ਹੈ।

## ਧਾਰਮਿਕ ਅਸਥਾਨ 'ਤੇ ਜਾ ਰਹੇ ਸ਼ਰਧਾਲੂਆਂ ਨਾਲ ਬੱਸ ਦੀ ਵੈਨ ਨਾਲ ਭਿਆਨਕ ਟੱਕਰ

ਫਿਲੌਰ 11 ਅਪ੍ਰੈਲ। ਲੁਧਿਆਣਾ ਤੋਂ ਜਲੰਧਰ ਧਾਰਮਿਕ ਅਸਥਾਨ 'ਤੇ ਜਾ ਰਹੀ ਬੱਸ ਫਿਲੌਰ 'ਚ ਪਿਕਅਪ ਵੈਨ ਨਾਲ ਟਕਰਾਅ ਗਈ, ਜਿਸ ਕਾਰਨ 10 ਯਾਤਰੀ ਜ਼ਖਮੀ ਹੋ ਗਏ। ਇਹ ਹਾਦਸਾ ਉਸ ਸਮੇਂ ਹੋਇਆ, ਜਦ ਲੁਧਿਆਣਾ ਵਾਲੇ ਪਾਸਿਓਂ ਬੱਸ ਨੰਬਰ ਪੀ. ਬੀ. 13 ਬੀ. ਈ. 8011 ਤੇਜ਼ ਰਫਤਾਰ ਨਾਲ ਆ ਰਹੀ ਸੀ , ਜੋ ਫਿਲੌਰ ਦੇ ਪਿੰਡ ਖੈਹਰੀਆ ਭੱਟੀਆਂ ਕੋਲ ਫਲਾਈਓਵਰ 'ਤੇ ਖੜ੍ਹੀ ਇਕ ਪਿਕਅਪ ਵੈਨ ਨਾਲ ਟਕਰਾਅ ਗਈ। ਟੱਕਰ ਹੋਣ ਕਾਰਨ ਪਿਕਅਪ ਵੈਨ ਪਲਟ ਗਈ ਅਤੇ ਪਿੱਛੋਂ ਆ ਰਹੀ ਇਕ ਹੋਰ ਕਾਰ ਵੀ ਉਸ ਨਾਲ ਟਕਰਾ ਕੇ ਨੁਕਸਾਨੀ ਗਈ। ਬੱਸ 'ਚ ਸਵਾਰ



ਲਗਭਗ 10 ਯਾਤਰੀ ਦੀਪਕ, ਖੇਮ ਬਹਾਦਰ, ਵਿਮਲ, ਰਾਜੂ, ਭੀਮ ਬਹਾਦਰ, ਨਿਰਮਲਾ, ਸੁਖ ਮਾਲਾ, ਵੀਨਾ ਲਕਸ਼ਮੀ ਸਿਨਰ, ਚਨੀ ਕਾਲਾ, ਹਮ ਬਹਾਦਰ ਆਦਿ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਸੜਕ ਸੁਰੱਖਿਆ ਫੋਰਸ ਦੇ ਕਰਮਚਾਰੀਆਂ ਨੇ ਇਲਾਜ ਲਈ ਸਿਵਲ ਹਸਪਤਾਲ ਫਿਲੌਰ 'ਚ ਦਾਖਲ ਕਰਵਾਇਆ। ਪਿਕਅਪ ਵੈਨ ਦੇ ਡਰਾਈਵਰ ਅਮਿਤ ਨੇ ਦੱਸਿਆ ਕਿ ਉਸ ਦੀ ਪਿਕਅਪ ਵੈਨ ਦਾ ਟਾਇਰ ਫਟ ਗਿਆ ਸੀ, ਜਿਸ ਨੂੰ ਉਹ ਬਦਲ ਰਹੇ ਸਨ ਕਿ ਪਿੱਛੋਂ ਆ ਰਹੀ ਬੱਸ ਬ੍ਰੇਕ ਨਾ ਲੱਗਣ ਕਾਰਨ ਵੈਨ ਨਾਲ ਟਕਰਾਅ ਗਈ। ਉਸ ਨੇ ਕਿਹਾ ਕਿ ਬੱਸ ਡਰਾਈਵਰ ਦੀ ਗਲਤੀ ਸੀ, ਇਸ ਲਈ ਉਹ ਹਾਦਸੇ ਤੋਂ ਬਾਅਦ ਭੱਜ ਗਿਆ।

## ਪੰਜਾਬ 'ਚ ਦਿਲ ਦਹਿਲਾ ਦੇਣ ਵਾਲੀ ਵਾਰਦਾਤ, ਜਿੰਦਾ ਸਾੜ 'ਤੀ ਔਰਤ, ਫਿਰ ਖੁਦ ਚੁੱਕ ਲਿਆ ਖੌਫਨਾਕ ਕਦਮ

ਬੁਢਲਾਡਾ 11 ਅਪ੍ਰੈਲ। ਬੁਢਲਾਡਾ ਤੋਂ ਦਿਲ ਦਹਿਲਾ ਦੇਣ ਵਾਲੀ ਵਾਰਦਾਤ ਸਾਹਮਣੇ ਆਈ ਹੈ। ਨਾਜਾਇਜ ਸੰਬੰਧ ਬਣਾਉਣ ਤੋਂ ਇਨਕਾਰ ਕਰਨ 'ਤੇ ਨੌਜਵਾਨ ਨੇ ਪਹਿਲਾਂ ਔਰਤ ਨੂੰ ਘਰ ਅੰਦਰ ਘੜੀਸਦਿਆਂ ਕਤਲ ਕੀਤਾ ਅਤੇ ਫਿਕ ਸਾੜ ਦਿੱਤਾ। ਇਸ ਦੇ ਬਾਅਦ ਉਸ ਨੇ ਖੁਦਕੁਸ਼ੀ ਵੀ ਕਰ ਲਈ। ਜਾਣਕਾਰੀ ਅਨੁਸਾਰ ਨੇੜਲੇ ਪਿੰਡ ਬੋੜਾਵਾਲ ਵਿਖੇ ਮਨਜੀਤ ਕੌਰ (40) ਦੇ ਪਤੀ ਬਲਜਿੰਦਰ ਸਿੰਘ ਨੇ ਪੁਲਸ0 ਨੂੰ ਦਿੱਤੇ ਬਿਆਨ ਅਨੁਸਾਰ ਦੱਸਿਆ ਕਿ ਬੋੜਾਵਾਲ ਦੇ ਮੇਜਰ ਸਿੰਘ ਨਾਂਅ ਦੇ ਵਿਅਕਤੀ ਨਾਲ ਮੇਰੀ ਪਤਨੀ ਦੀ ਗੱਲਬਾਤ ਸੀ ਪਰ ਉਹ ਹੁਣ ਉਸ ਤੋਂ ਨਫਰਤ ਕਰਦੀ ਸੀ ਪਰ ਮੇਜਰ ਸਿੰਘ ਉਸ ਦਾ ਖਹਿੜਾ ਨਹੀਂ ਛੱਡ ਰਿਹਾ ਸੀ। ਮੇਰੀ ਪਤਨੀ ਬੁਢਲਾਡਾ ਵਿਖੇ ਸਿਲਾਈ ਦਾ ਕੰਮ ਕਰਦੀ ਸੀ। ਕੱਲ੍ਹ



ਸ਼ਾਮ ਨੂੰ ਕੰਮ ਤੋਂ ਦੇਰੀ ਹੋਣ ਕਾਰਨ ਮੈਂ ਆਪਣੀ ਪਤਨੀ ਨੂੰ ਘਰੋਂ ਲੈਣ ਲਈ ਜਾ ਰਿਹਾ ਸੀ ਪਰ ਮੇਰੀ ਪਤਨੀ ਪੈਦਲ ਘਰ ਆ ਰਹੀ ਸੀ ਤਾਂ ਅਚਾਨਕ ਮੇਜਰ ਸਿੰਘ ਮੇਰੀ ਪਤਨੀ ਨੂੰ ਘੜੀਸ ਕੇ ਆਪਣੇ ਘਰ ਲੈ ਗਿਆ ਅਤੇ ਮੈਂ ਵੀ ਉਸ ਦੇ ਪਿੱਛੇ ਗਿਆ ਤਾਂ ਮੇਰੇ ਵੇਖਦੇ-ਵੇਖਦੇ ਮੇਜਰ ਸਿੰਘ ਨੇ ਟੂਟੀ ਵਾਲੀ ਪਾਈਪ ਮੇਰੀ ਪਤਨੀ ਦੇ ਸਿਰ 'ਤੇ ਮਾਰੀ ਅਤੇ ਉਹ ਬੇਹੋਸ਼ ਹੋ ਗਈ। ਫਿਰ ਉਸ ਨੇ ਤੇਲ ਵਾਲੀ ਕੈਨੀ ਵਿਚੋਂ ਤੇਲ ਪਾ ਕੇ ਮਨਜੀਤ ਕੌਰ ਅੱਗ ਲਗਾ ਦਿੱਤੀ, ਜਿਸ ਦੀ ਕਾਰਨ ਮੌਕੇ ਉਤੇ ਮੌਤ ਹੋ ਗਈ ਅਤੇ ਮੌਕੇ ਤੋਂ ਮੇਜਰ ਸਿੰਘ ਫਰਾਰ ਹੋ ਗਿਆ। ਪੁਲਸ ਨੇ ਮ੍ਰਿਤਕ ਮਨਜੀਤ ਕੌਰ ਦੇ ਪਤੀ ਬਲਜਿੰਦਰ ਸਿੰਘ ਦੇ ਬਿਆਨ ਮੇਜਰ ਸਿੰਘ ਖ਼ਿਲਾਫ ਕਤਲ ਦਾ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ। ਉਧਰ ਦੇਰ ਰਾਤ ਮੇਜਰ ਸਿੰਘ ਨੇ ਆਪਣੇ ਘਰ ਆ ਕੇ ਖੁਦਕੁਸ਼ੀ ਕਰ ਲਈ।

# ਪੰਜਾਬ ਦੇ ਇਸ ਜਿਲ੍ਹੇ 'ਚ ਭਾਰੀ ਵਾਹਨਾਂ 'ਤੇ ਲੱਗੀ ਪਾਬੰਦੀ ! ਲਾਗੂ ਹੋਏ ਹੁਕਮ

ਬਠਿੰਡਾ 11 ਅਪ੍ਰੈਲ। ਜ਼ਿਲ੍ਹਾ ਮੈਜਿਸਟ੍ਰੇਟ ਨੇ ਬਠਿੰਡਾ ਸ਼ਹਿਰ ਅੰਦਰ ਟ੍ਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹੈਵੀ ਕਮਰਸ਼ੀਅਲ ਵਾਹਨ (ਟਰੱਕ, ਟਰਾਲੇ, ਤੇਲ ਵਾਲੀਆਂ ਗੱਡੀਆਂ ਆਦਿ) ਦੀ ਸਵੇਰੇ 7 ਤੋਂ ਰਾਤ 8 ਵਜੇ ਤੱਕ ਸ਼ਹਿਰ ਅੰਦਰ ਦਾਖਲ ਹੋਣ 'ਤੇ ਪਾਬੰਦੀ ਲਗਾਈ ਗਈ ਹੈ। ਹੁਕਮਾਂ ਅਨੁਸਾਰ ਬਠਿੰਡਾ ਸ਼ਹਿਰ ਦੀ ਆਬਾਦੀ ਕਾਫੀ ਵੱਧ ਗਈ ਹੈ ਅਤੇ ਆਬਾਦੀ ਵੱਧਣ ਕਾਰਨ ਸ਼ਹਿਰ ਅੰਦਰ ਗੱਡੀਆਂ ਦੀ ਗਿਣਤੀ 'ਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਤੋਂ ਇਲਾਵਾ ਸ਼ਹਿਰ ਅੰਦਰ ਕਾਫੀ ਗਿਣਤੀ 'ਚ ਭਾਰੀ ਕਮਰਸ਼ੀਅਲ ਵਾਹਨ ਵੀ ਦਾਖਲ ਹੁੰਦੇ ਹਨ, ਜਿਨ੍ਹਾਂ ਦੀ ਡਾਇਵਰਸ਼ਨ ਪਲਾਨ ਤਿਆਰ ਕੀਤਾ ਗਿਆ ਹੈ। ਹੁਕਮਾਂ ਅਨੁਸਾਰ ਮਾਨਸਾ ਸਾਈਡ ਤੋਂ ਆਉਣ ਵਾਲਾ ਟ੍ਰੈਫਿਕ ਆਈ. ਟੀ. ਆਈ. ਚੌਂਕ ਰਾਹੀਂ ਹੁੰਦਾ ਹੋਇਆ ਟੀ-ਪੁਆਇੰਟ ਬਾਦਲ ਰੋਡ ਤੋਂ ਰਿੰਗ ਰੋਡ ਰਾਹੀਂ ਜਾਵੇਗਾ। ਇਸੇ ਤਰ੍ਹਾਂ ਡੱਬਵਾਲੀ ਸਾਈਡ ਤੋਂ ਆਉਣ ਵਾਲਾ ਟ੍ਰੈਫਿਕ ਟੀ-ਪੁਆਇੰਟ ਬਾਦਲ ਰੋਡ ਤੋਂ ਰਿੰਗ ਰੋਡ ਰਾਹੀਂ ਜਾਵੇਗਾ। ਇਸੇ ਤਰ੍ਹਾਂ ਮਲੋਟ/ ਮੁਕਤਸਰ ਸਾਈਡ ਤੋਂ ਆਉਣ ਵਾਲਾ ਟ੍ਰੈਫਿਕ ਟੀ-ਪੁਆਇੰਟ ਰਿੰਗ ਰੋਡ ਤੋਂ ਆਈ. ਟੀ. ਆਈ. ਚੌਂਕ, ਘਨੱਈਆ ਚੌਂਕ ਤੇ ਬਰਨਾਲਾ ਬਾਈਪਾਸ ਰਾਹੀਂ ਜਾਵੇਗਾ। ਇਸੇ ਤਰ੍ਹਾ ਗੋਨਿਆਣਾ ਸਾਈਡ ਤੋਂ ਆਉਣ ਵਾਲਾ ਟ੍ਰੈਫਿਕ ਘਨੱਈਆ ਚੌਂਕ ਬਠਿੰਡਾ, ਟੀ-ਪੁਆਇੰਟ ਰਿੰਗ ਰੋਡ ਮਲੋਟ ਰੋਡ ਤੋਂ ਰਿੰਗ ਰੋਡ, ਘਨੱਈਆ ਚੌਂਕ ਤੋਂ ਬਰਨਾਲਾ ਬਾਈਪਾਸ ਰਾਹੀਂ ਜਾਵੇਗਾ। ਇਸੇ ਤਰ੍ਹਾਂ ਚੰਡੀਗੜ੍ਹ ਸਾਈਡ ਤੋਂ ਆਉਣ ਵਾਲਾ ਟ੍ਰੈਫਿਕ ਬੀਬੀਵਾਲਾ ਚੌਂਕ ਬਠਿੰਡਾ ਤੋਂ ਘਨੱਈਆ ਚੌਂਕ ਤੋਂ ਅੱਗੇ ਜਾਵੇਗਾ। ਹੁਕਮ ਅਨੁਸਾਰ ਜ਼ਿਲ੍ਹਾ ਕੰਟਰੋਲਰ ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵੱਲੋਂ ਪੱਤਰ ਰਾਹੀਂ ਫੂਡ ਗਰੇਨ ਦੇ ਟਰੱਕਾਂ ਨੂੰ ਸ਼ਹਿਰ ਅੰਦਰ ਦਾਖਲ ਹੋਣ ਲਈ ਛੋਟ ਦੀ ਮੰਗ ਕੀਤੀ ਗਈ ਹੈ। ਇਨ੍ਹਾਂ ਫੂਡ ਗਰੇਨ ਟਰੱਕਾਂ ਨੂੰ ਸ਼ਹਿਰ ਅੰਦਰ ਦਾਖਲ ਹੋਣ ਤੋਂ ਪਹਿਲਾ, ਟਰੱਕ ਮਾਲਕਾਂ ਵੱਲੋਂ ਜ਼ਿਲ੍ਹਾ ਕੰਟਰੋਲਰ ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਬਠਿੰਡਾ ਤੋਂ ਸਪੈਸ਼ਲ ਪਾਸ ਜਾਰੀ ਕਰਵਾਏ ਜਾਣਗੇ। ਹੁਕਮ ਅਨੁਸਾਰ ਜ਼ਿਲ੍ਹਾ ਕੰਟਰੋਲਰ ਖੁਰਾਕ ਸਿਵਲ ਸਪਲਾਈਜ਼ ਤੇ ਖਪਤਕਾਰ ਬਠਿੰਡਾ ਵੱਲੋਂ ਇਹ ਪਾਸ ਸੀਨੀਅਰ ਕਪਤਾਨ ਪੁਲਸ ਬਠਿੰਡਾ ਨਾਲ ਤਾਲਮੇਲ ਕਰ ਕੇ ਜਾਰੀ ਕੀਤੇ ਜਾਣਗੇ। ਇਹ ਹੁਕਮ 21 ਦਸੰਬਰ 2024 ਤੋਂ 7 ਫਰਵਰੀ 2025 ਤੱਕ ਲਾਗੂ ਰਹੇਗਾ।



## ਝਪਟਮਾਰਾਂ ਨੇ ਵਿਦਿਆਰਥੀ ਕੋਲੋਂ ਮੋਬਾਇਲ ਖੋਹਿਆ

ਫਿਰੋਜ਼ਪੁਰ 11 ਅਪ੍ਰੈਲ। ਫਿਰੋਜ਼ਪੁਰ ਦੇ ਕਿਲੇ ਵਾਲਾ ਚੌਂਕ ਨਜ਼ਦੀਕ ਝਪਟਮਾਰਾਂ ਵੱਲੋਂ ਇਕ ਵਿਦਿਆਰਥੀ ਦਾ ਝਪਟ ਮਾਰ ਕੇ ਮੋਬਾਇਲ ਫੋਨ ਖੋਹਣ ਦੀ ਖਬਰ ਮਿਲੀ ਹੈ। ਇਸ ਸਬੰਧ ਵਿਚ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ 3 ਅਣਪਛਾਤੇ ਨੌਜਵਾਨਾਂ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਅੰਸ਼ ਪੁੱਤਰ ਗਗਨ ਕੁਮਾਰ ਵਾਸੀ ਮਕਾਨ ਨੰਬਰ 145-ਡੀ ਰਾਮ ਨਗਰ ਅੰਬਾਲਾ (ਹਰਿਆਣਾ) ਨੇ ਦੱਸਿਆ ਕਿ ਉਹ ਸਮੇਤ ਹੋਰ




ਵਿਦਿਆਰਥੀਆਂ ਨਾਲ ਦਾਸ ਐਂਡ ਬਰਾਊਂਨ ਸਕੂਲ ਬਾਰਡਰ ਰੋਡ ਵਿਖੇ ਖੇਡਾਂ ਵਿਚ ਹਿੱਸਾ ਲੈਣ ਲਈ ਆਇਆ ਸੀ। ਮਿਤੀ 6 ਦਸੰਬਰ 2024 ਨੂੰ ਕਰੀਬ ਸਾਢੇ 6 ਵਜੇ ਆਪਣੇ ਸਾਥੀਆਂ ਨਾਲ ਰੇਲਵੇ ਸਟੇਸ਼ਨ ਫਿਰੋਜ਼ਪੁਰ ਤੋਂ ਦਾਸ ਐਂਡ ਬਰਾਊਂਨ ਸਕੂਲ ਵਿਖੇ ਪੈਦਲ ਆ ਰਹੇ ਸੀ, ਜਦ ਉਹ ਕਿਲੇ ਵਾਲਾ ਚੌਂਕ ਤੋਂ ਥੋੜ੍ਹਾ ਅੱਗੇ ਪੁੱਜੇ ਤਾਂ ਇਕ ਮੋਟਰਸਾਈਕਲ 'ਤੇ ਤਿੰਨ ਨੌਜਵਾਨ ਆਏ, ਜਿਨ੍ਹਾਂ ਨੇ ਉਸ ਦਾ ਮੋਬਾਇਲ ਫੋਨ ਝਪਟ ਮਾਰ ਕੇ ਖੋਹ ਲਿਆ ਤੇ ਮੌਕੇ ਤੋਂ ਫਰਾਰ ਹੋ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਦੇਵ ਰਾਜ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਨੌਜਵਾਨਾਂ ਖ਼ਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਟਰੈਕਟਰ ਦੀ ਲਪੇਟ 'ਚ ਆਉਣ ਕਾਰਨ ਚੌਥੀ ਜਮਾਤ ਦੇ ਵਿਦਿਆਰਥੀ ਦੀ ਮੌਤ

ਕੌਸਾਂਬੀ 11 ਅਪ੍ਰੈਲ। ਉੱਤਰ ਪ੍ਰਦੇਸ ਦੇ ਕੌਸਾਂਬੀ ਜ਼ਿਲੇ 'ਚ ਟਰੈਕਟਰ ਦੀ ਲਪੇਟ 'ਚ ਆਉਣ ਨਾਲ ਸਕੂਲ ਜਾ ਰਹੇ ਚੌਥੀ ਜਮਾਤ ਦੇ ਵਿਦਿਆਰਥੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਕ ਪੁਲਸ ਅਧਿਕਾਰੀ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਟਰੈਕਟਰ ਨੂੰ ਕਬਜੇ 'ਚ ਲੈ ਕੇ ਲਾਸ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਇਲਾਕਾ ਅਧਿਕਾਰੀ (ਸਿਰਥੂ) ਅਵਧੇਸ ਕੁਮਾਰ ਵਿਸਵਕਰਮਾ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਥਾਣਾ ਸਦਰ ਦੇ ਪਿੰਡ ਚੂਹਾਪੀਰਾਂ ਦੀ ਰਹਿਣ ਵਾਲੀ ਨੈਨਾ (12) ਘਰ ਤੋਂ ਸਕੂਲ ਜਾ ਰਹੀ ਸੀ ਕਿ ਝੋਨੇ ਦੀ ਕਟਾਈ ਕਰਨ ਵਾਲੇ ਟਰੈਕਟਰ ਨੇ ਉਸ ਨੂੰ ਟੱਕਰ ਮਾਰ ਦਿੱਤੀ। ਉਸ ਨੇ ਦੱਸਿਆ ਕਿ ਟੱਕਰ ਲੱਗਣ ਕਾਰਨ ਨੈਨਾ ਸੜਕ 'ਤੇ ਡਿੱਗ ਪਈ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਨੇ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਮੌਕੇ 'ਤੇ ਪਹੁੰਚੀ ਪੁਲਸ ਨੇ ਲਾਸ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਟਰੈਕਟਰ ਨੂੰ ਕਬਜੇ 'ਚ ਲੈ ਕੇ ਡਰਾਈਵਰ ਨੂੰ ਹਿਰਾਸਤ 'ਚ ਲੈ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

# ਜਾਅਲੀ ਦਸਤਾਵੇਜ ਤਿਆਰ ਕਰ ਕੇ ਆਪਣੇ ਨਾਂ 'ਤੇ ਕਾਰ ਰਜਿਸਟਰਡ ਕਰਵਾਉਣ ਦਾ ਮਾਮਲਾ ਦਰਜ

ਲੁਧਿਆਣਾ 11 ਅਪ੍ਰੈਲ। ਜਾਅਲੀ ਦਸਤਾਵੇਜ ਤਿਆਰ ਕਰ ਕੇ ਮਾਲਕ ਦੀ ਕਾਰ ਆਪਣੇ ਨਾਂ ਕਰਵਾਉਣ ਦੇ ਦੋਸ 'ਚ ਥਾਣਾ ਡਵੀਜਨ ਨੰ. 5 ਦੀ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਉਮੇਸ ਅਰੋੜਾ ਪੁੱਤਰ ਸੁਰਿੰਦਰ ਕੁਮਾਰ ਅਰੋੜਾ ਵਾਸੀ ਨਿਊ ਲਾਜਪਤ ਨਗਰ ਦੇ ਬਿਆਨਾਂ 'ਤੇ ਹਰਬੰਸਪੁਰਾ ਦੇ ਰਹਿਣ ਵਾਲੇ ਅਮਿਤ ਥਾਪਰ ਖਿਲਾਫ ਵਿਸਵਾਸ ਤੋੜਨ ਅਤੇ ਜਾਅਲੀ ਦਸਤਾਵੇਜ ਤਿਆਰ ਕਰਨ ਦੇ ਦੋਸ ਹੇਠ ਕੇਸ ਦਰਜ ਕਰ ਲਿਆ ਹੈ। ਮੁਲਜਮ ਪੁਲਸ ਦੀ ਗ੍ਰਿਫਤ ਤੋਂ ਬਾਹਰ ਹੈ। ਸ਼ਿਕਾਇਤਕਰਤਾ ਉਮੇਸ ਅਰੋੜਾ ਨੇ ਡੀ. ਜੀ. ਪੀ. ਪੰਜਾਬ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਕਤ ਮੁਲਜਮ ਨੇ ਆਪਣੀ ਪਛਾਣ ਕਥਿਤ ਪੱਤਰਕਾਰ ਵਜੋਂ ਦੱਸੀ, ਜੋ ਪਹਿਲਾਂ ਉਸ ਨਾਲ ਕੰਮ ਕਰਦਾ ਸੀ ਅਤੇ ਉਸ ਨੇ ਕੰਮ ਕਰਨ ਲਈ ਮੁਲਜਮ ਨੂੰ ਕਾਰ ਵੀ ਦਿੱਤੀ ਸੀ ਪਰ ਕੁਝ ਸਮੇਂ ਬਾਅਦ ਮੁਲਜਮ ਅਮਿਤ ਥਾਪਰ ਨੇ ਜਾਅਲੀ ਦਸਤਖਤ ਕਰ ਕੇ ਹਲਫੀਆ ਬਿਆਨ ਤਿਆਰ ਕਰਵਾ ਲਿਆ ਅਤੇ ਕਾਰ ਆਪਣੇ ਨਾਂ 'ਤੇ ਰਜਿਸਟਰਡ ਕਰਵਾ ਲਈ। ਜਦੋਂ ਉਸ ਨੇ ਇਸ ਦਾ ਵਿਰੋਧ ਕੀਤਾ ਤਾਂ ਮੁਲਜਮ ਨੇ ਉਸ ਨੂੰ ਧਮਕੀਆਂ ਦੇਣੀਆਂ ਸੁਰੂ ਕਰ ਦਿੱਤੀਆਂ। ਡੀ. ਜੀ. ਪੀ. ਨੂੰ ਦਿੱਤੀ ਸ਼ਿਕਾਇਤ 'ਚ ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਨੇ ਇਸ ਦੀ ਸ਼ਿਕਾਇਤ ਪੁਲਸ ਕਮਿਸਨਰ ਲੁਧਿਆਣਾ ਅਤੇ ਥਾਣਾ ਬਸਤੀ ਜੋਧੇਵਾਲ ਨੂੰ ਦਿੱਤੀ ਸੀ ਪਰ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਸ਼ਿਕਾਇਤਕਰਤਾ ਨੇ ਦੋਸ ਲਾਇਆ ਕਿ ਉਕਤ ਮੁਲਜਮ ਪੁਲਸ 'ਤੇ ਦਬਾਅ ਪਾਉਂਦਾ ਸੀ ਅਤੇ ਕਾਰਵਾਈ ਨਹੀਂ ਕਰਨ ਦਿੰਦਾ ਸੀ। ਡੀ. ਜੀ. ਪੀ. ਦੀਆਂ ਹਦਾਇਤਾਂ 'ਤੇ ਸਥਾਨਕ ਅਧਿਕਾਰੀਆਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਗਈ ਅਤੇ ਸਬੂਤਾਂ ਦੀ ਜਾਂਚ ਕਰਨ ਤੋਂ ਬਾਅਦ ਹੀ ਮੁਲਜਮ ਖਿਲਾਫ ਕੇਸ ਦਰਜ ਕੀਤਾ ਗਿਆ। ਜਾਂਚ ਅਧਿਕਾਰੀ ਨੇ ਦੱਸਿਆ ਕਿ ਮਾਮਲੇ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ।

## ਪੁਲਸ ਨੇ ਇਕ ਕਰੋੜ ਮੁੱਲ ਦੇ ਨਸ਼ੀਲੇ ਪਦਾਰਥ ਕੀਤੇ ਨਸ਼ਟ

ਸ਼੍ਰੀਨਗਰ 11 ਅਪ੍ਰੈਲ। ਜੰਮੂ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ 'ਚ ਸੋਪੋਰ ਪੁਲਸ ਨੇ ਇਕ ਕਰੋੜ ਰੁਪਏ ਤੋਂ ਵੱਧ ਮੁੱਲ ਦੇ ਨਸ਼ੀਲੇ ਪਦਾਰਥ ਨਸ਼ਟ ਕਰ ਦਿੱਤੇ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਪੁਲਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਇਹ ਕਦਮ ਬਾਰਾਮੂਲਾ 'ਚ ਐੱਨ.ਡੀ.ਪੀ.ਐੱਸ. (ਨਾਰਕੋਟਿਕ ਡਰੱਗਜ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ) ਅਦਾਲਤ ਵਲੋਂ ਜਾਰੀ ਆਦੇਸ਼ ਤੋਂ ਬਾਅਦ ਚੁੱਕਿਆ ਗਿਆ ਹੈ, ਜਿਸ 'ਚ ਲਾਸਿਪੋਰਾ ਖੇਤਰ 'ਚ ਇਕ ਤੈਅ ਸਥਾਨ 'ਤੇ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕਰਨ ਦਾ ਆਦੇਸ਼ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਬਾਰਾਮੂਲਾ ਜ਼ਿਲ੍ਹੇ 'ਚ ਸੋਪੋਰ ਖੇਤਰ ਦੇ ਵੱਖ-ਵੱਖ ਪੁਲਸ ਥਾਣਿਆਂ 'ਚ ਦਰਜ ਐੱਨ.ਡੀ.ਪੀ.ਐੱਸ. ਦੇ 21 ਵੱਖ-ਵੱਖ ਮਾਮਲਿਆਂ 'ਚ ਨਸ਼ੀਲੇ ਪਦਾਰਥਾਂ ਦੀ ਖੇਪ ਜਬਤ ਕੀਤੀ ਗਈ। ਅਧਿਕਾਰੀ ਨੇ ਦੱਸਿਆ ਕਿ ਸਾਰੀਆਂ ਕਾਨੂੰਨੀ ਪ੍ਰਕਿਰਿਆਵਾਂ ਦੀ ਪਾਲਣਾ ਕਰਨ ਤੋਂ ਬਾਅਦ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕਰ ਦਿੱਤਾ ਗਿਆ।

## ਪੁਰਤਗਾਲ ਭੇਜਣ ਦੇ ਸੁਫਨੇ ਦਿਖਾ ਕੇ ਠੱਗ ਲਏ ਲੱਖਾਂ ਰੁਪਏ

ਲੁਧਿਆਣਾ 11 ਅਪ੍ਰੈਲ। ਥਾਣਾ ਸਲੇਮ ਟਾਬਰੀ ਦੀ ਪੁਲਸ ਨੇ ਵਿਦੇਸ਼ ਭੇਜਣ ਦੇ ਨਾਂ 'ਤੇ ਸਾਢੇ 6 ਲੱਖ ਦੀ ਧੋਖਾਧੜੀ ਕਰਨ ਦੇ ਦੋਸ਼ ਹੇਠ 2 ਮੁਲਜਮਾਂ ਦੇ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਉਕਤ ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਇੰਸਪੈਕਟਰ ਸੁਖਦੇਵ ਸਿੰਘ ਬਰਾੜ ਨੇ ਦੱਸਿਆ ਕਿ ਫ਼ਿਲੌਰ ਦੇ ਰਹਿਣ ਵਾਲੇ ਯਸ਼ ਕੁਮਾਰ ਪੁੱਤਰ ਅਮਿਤ ਲਾਲ ਨੇ ਪੁਲਸ ਕਮਿਸ਼ਨਰ ਨੂੰ 12 ਜੁਲਾਈ 2024 ਨੂੰ ਸ਼ਿਕਾਇਤ ਦਰਜ ਕਰਵਾਈ ਸੀ। ਉਸ ਨੇ ਵਿਸ਼ਾਲ ਕੁਮਾਰ ਵਾਸੀ ਪੁਲਸ ਕਾਲੋਨੀ ਭਾਈ ਰਣਧੀਰ ਸਿੰਘ ਨਗਰ ਤੇ ਕਪਿਲ ਕੁਮਾਰ ਵਾਸੀ ਸਨ ਸਿਟੀ ਚੂਹੜਪੁਰ ਦੇ ਨਾਲ ਪੁਰਤਗਾਲ ਭੇਜਣ ਲਈ ਸਾਢੇ 6 ਲੱਖ ਰੁਪਏ ਦਿੱਤੇ ਗਏ ਸਨ। ਪਰ ਉਕਤ ਲੋਕਾਂ ਵੱਲੋਂ ਨਾ ਤਾਂ ਉਸ ਨੂੰ ਪੁਰਤਗਾਲ ਭੇਜਿਆ ਗਿਆ ਤੇ ਨਾ ਹੀ ਉਸ ਦੇ ਪੈਸੇ ਵਾਪਸ ਕੀਤੇ ਗਏ। ਇਸ ਮਗਰੋਂ ਪੁਲਸ ਨੇ ਉਕਤ ਮਾਮਲੇ ਦੀ ਜਾਂਚ ਮਗਰੋਂ ਦੋਹਾਂ ਮੁਲਜਮਾਂ ਦੇ ਖ਼ਿਲਾਫ ਸਾਜ਼ਿਸ਼ ਤਹਿਤ ਧੋਖਾਧੜੀ ਕਰਨ ਤੇ ਇਮੀਗ੍ਰੇਸ਼ਨ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ। ਫ਼ਿਲਹਾਲ ਦੋਵੇਂ ਮੁਲਜਮ ਅਜੇ ਤਕ ਫਰਾਰ ਦੱਸੇ ਜਾ ਰਹੇ ਹਨ।

# 5 ਦਿਨ ਪਹਿਲਾਂ ਨਵੀਂ ਖਰੀਦੀ ਕਾਰ ਦੇ ਚਾਰੋਂ ਟਾਇਰ ਚੋਰੀ, ਇੱਟਾਂ ਸਹਾਰੇ ਛੱਡ ਕੇ ਭੱਜੇ ਚੋਰ

ਜਲੰਧਰ 11 ਅਪ੍ਰੈਲ। ਟਾਂਡਾ ਰੋਡ 'ਤੇ ਚੋਰਾਂ ਨੇ 5 ਦਿਨ ਪਹਿਲਾਂ ਨਵੀਂ ਖਰੀਦੀ ਕਾਰ ਦੇ ਚਾਰੋਂ ਟਾਇਰ ਚੋਰੀ ਕਰ ਲਏ। ਚੋਰ ਟਾਇਰ ਲਾਹ ਕੇ ਕਾਰ ਨੂੰ ਇੱਟਾਂ ਸਹਾਰੇ ਖੜ੍ਹੀ ਕਰਕੇ ਭੱਜ ਗਏ। ਚੋਰ 2 ਗੱਡੀਆਂ ਵਿਚ ਸਵਾਰ ਹੋ ਕੇ ਆਏ ਸਨ, ਜਿਨ੍ਹਾਂ ਦੀ ਗਿਣਤੀ 7-8 ਸੀ। ਮੁਲਜਮਾਂ ਦੀਆਂ ਗੱਡੀਆਂ ਸੀ. ਸੀ. ਟੀ. ਵੀ. ਕੈਮਰੇ ਵਿਚ ਕੈਦ ਹੋ ਗਈਆਂ ਹਨ। ਕਾਰ ਦੇ ਮਾਲਕ ਨੇ ਚੋਰਾਂ ਦੀ ਸੂਚਨਾ ਦੇਣ 'ਤੇ ਇਕ ਲੱਖ ਰੁਪਏ ਦਾ ਇਨਾਮ ਵੀ ਰੱਖਿਆ ਹੈ। ਜਾਣਕਾਰੀ ਦਿੰਦੇ ਸਮਾਜ-ਸੇਵਕ ਅਤੇ ਕਾਰੋਬਾਰੀ ਜਿੰਮੀ ਗੁਪਤਾ ਨਿਵਾਸੀ ਟਾਂਡਾ ਰੋਡ ਨੇ ਦੱਸਿਆ ਕਿ 5 ਦਿਨ ਪਹਿਲਾਂ ਹੀ ਉਨ੍ਹਾਂ ਨਵੀਂ ਕਾਰ ਖਰੀਦੀ ਸੀ, ਜਿਹੜੀ ਰੋਜਾਨਾ ਵਾਂਗ ਬੁੱਧਵਾਰ ਨੂੰ ਵੀ ਉਨ੍ਹਾਂ ਦੇ ਘਰ ਦੇ ਬਾਹਰ ਖੜ੍ਹੀ ਸੀ। ਸਵੇਰੇ ਜਦੋਂ ਉਹ ਉੱਠੇ ਤਾਂ ਵੇਖਿਆ ਕਿ ਉਨ੍ਹਾਂ ਦੀ ਨਵੀਂ ਕਾਰ ਦੇ ਚਾਰੋਂ ਟਾਇਰ ਗਾਇਬ ਸਨ ਅਤੇ ਉਹ ਇੱਟਾਂ ਦੇ ਸਹਾਰੇ ਖੜ੍ਹੀ ਸੀ। ਉਨ੍ਹਾਂ ਦੇ ਘਰ ਦੇ ਬਾਹਰ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਚੈੱਕ ਕੀਤੀ ਤਾਂ ਪਤਾ ਲੱਗਾ ਕਿ ਬੁੱਧਵਾਰ ਦੇਰ ਰਾਤ ਲਗਭਗ 2.30 ਵਜੇ 2 ਗੱਡੀਆਂ ਵਿਚ ਸਵਾਰ ਹੋ ਕੇ ਚੋਰ ਆਏ ਸਨ। ਇਕ ਗੱਡੀ ਚੋਰਾਂ ਨੇ ਉਨ੍ਹਾਂ ਦੀ ਗੱਡੀ ਦੇ ਪਿੱਛੇ ਲਾ ਦਿੱਤੀ ਤਾਂ ਕਿ ਉਨ੍ਹਾਂ ਨੂੰ ਟਾਇਰ ਲਾਹੁੰਦਿਆਂ ਕੋਈ ਦੇਖ ਨਾ ਲਵੇ, ਜਦੋਂ ਕਿ ਦੂਜੀ ਗੱਡੀ ਆਉਣ-ਜਾਣ ਵਾਲੇ ਲੋਕਾਂ 'ਤੇ ਨਜਰ ਰੱਖਣ ਲਈ ਕੁਝ ਦੂਰੀ 'ਤੇ ਖੜ੍ਹੀ ਕਰ ਦਿੱਤੀ। ਮੁਲਜਮ ਚਾਰੋਂ ਟਾਇਰ ਆਪਣੀ ਗੱਡੀ ਵਿਚ ਸੁੱਟ ਕੇ ਲੈ ਗਏ। ਚੋਰੀ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਉਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਸੀ। ਜਿੰਮੀ ਗੁਪਤਾ ਨੇ ਕਿਹਾ ਕਿ ਮੁਲਜਮਾਂ ਦੀ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਂ ਗੁਪਤ ਰੱਖਿਆ ਜਾਵੇਗਾ ਅਤੇ ਉਸ ਨੂੰ 1 ਲੱਖ ਰੁਪਏ ਦਾ ਇਨਾਮ ਵੀ ਦਿੱਤਾ ਜਾਵੇਗਾ।



## ਬੱਚਿਆਂ ਦੀਆਂ ਲੱਗਣਗੀਆਂ ਮੌਜਾਂ, ਪੰਜਾਬ 'ਚ 3 ਦਿਨ ਸਕੂਲ ਰਹਿਣਗੇ ਬੰਦ

ਜਲੰਧਰ 11 ਅਪ੍ਰੈਲ। ਪੰਜਾਬ ਵਿਚ ਭਲਕੇ ਨਗਰ-ਨਿਗਮ ਚੋਣਾਂ ਹੋਣ ਜਾ ਰਹੀਆਂ ਹਨ ਅਤੇ ਨਤੀਜੇ ਵੀ ਉਸੇ ਦਿਨ ਹੀ ਐਲਾਨ ਦਿੱਤੇ ਜਾਣਗੇ। ਇਸੇ ਤਹਿਤ ਵਿਦਿਆਰਥੀਆਂ ਲਈ ਅਹਿਮ ਖਬਰ ਸਾਹਮਣੇ ਆਈ ਹੈ। ਦਰਅਸਲ ਜਲੰਧਰ ਪ੍ਰਸ਼ਾਸਨ ਵੱਲੋਂ ਭਲਕੇ ਤੋਂ ਸਕੂਲਾਂ 'ਚ 3 ਦਿਨਾਂ ਲਈ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਨਗਰ ਨਿਗਮ ਚੋਣਾਂ ਦੇ ਮੱਦੇਨਜਰ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਜਲੰਧਰ ਪ੍ਰਸ਼ਾਸਨ ਵੱਲੋਂ ਜਾਰੀ ਹੁਕਮਾਂ ਵਿੱਚ ਜਲੰਧਰ, ਨਕੋਦਰ, ਭੋਗਪੁਰ, ਫਿਲੌਰ, ਗੋਰਾਇਆ, ਬਿਲਗਾ, ਸਾਹਕੋਟ, ਦੇ ਸਕੂਲਾਂ ਵਿੱਚ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਪੰਜਾਬ 'ਚ ਨਗਰ ਨਿਗਮ ਚੋਣਾਂ ਦੇ ਮੱਦੇਨਜਰ ਸ਼ੁੱਕਰਵਾਰ 21 ਦਸੰਬਰ ਤੋਂ 23 ਦਸੰਬਰ ਤੱਕ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਪੰਜਾਬ ਸਰਕਾਰ ਨੇ ਇਹ ਹੁਕਮ ਸ਼ੁੱਕਰਵਾਰ ਨੂੰ ਸਕੂਲਾਂ ਅਤੇ ਕਾਲਜਾਂ ਵਿੱਚ ਨਗਰ ਨਿਗਮ ਚੋਣਾਂ ਦੀਆਂ ਤਿਆਰੀਆਂ ਨੂੰ ਲੈ ਕੇ ਜਾਰੀ ਕੀਤਾ ਹੈ, ਜਿੱਥੇ ਚੋਣਾਂ ਦੇ ਮੱਦੇਨਜਰ ਬੂਥ ਬਣਾਏ ਜਾਣੇ ਹਨ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਭਲਕੇ ਨਗਰ ਨਿਗਮ ਅਤੇ ਨਗਰ ਕੌਂਸਲ ਚੋਣਾਂ ਹੋਣੀਆਂ ਹਨ। 21 ਦਸੰਬਰ ਨੂੰ ਸਵੇਰੇ 7 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਵੋਟਾਂ ਪੈਣਗੀਆਂ ਅਤੇ ਨਤੀਜੇ ਵੀ ਸ਼ਾਮ ਤੱਕ ਸਾਹਮਣੇ ਆ ਜਾਣਗੇ। ਪੰਜਾਬ ਰਾਜ ਚੋਣ ਅਧਿਕਾਰੀ ਰਾਜ ਕਮਲ ਚੌਧਰੀ ਨੇ ਕਿਹਾ ਸੀ ਕਿ ਸੂਬੇ 'ਚ ਹੋਣ ਵਾਲੀਆਂ ਨਗਰ ਨਿਗਮ ਚੋਣਾਂ 'ਚ ਇਸ ਵਾਰ ਈ. ਵੀ. ਐੱਮ. ਜਰੀਏ ਕਰਵਾਈਆਂ ਜਾਣਗੀਆਂ। ਪੰਜਾਬ ਵਿੱਚ ਵੀਰਵਾਰ ਸ਼ਾਮ ਤੋਂ ਹੀ ਚੋਣ ਪ੍ਰਚਾਰ 'ਤੇ ਰੋਕ ਲੱਗ ਗਈ ਹੈ। ਇਨ੍ਹਾਂ ਨਿਗਮ ਚੋਣਾਂ ਦੇ ਲਈ ਸੂਬੇ ਦੇ 37.32 ਲੱਖ ਵੋਟਰ ਆਪਣੀ ਵੋਟ ਹੱਕ ਦੀ ਵਰਤੋ ਕਰ ਸਕਣਗੇ। ਜਿਨ੍ਹਾਂ ਵਿੱਚ 19.55 ਪੁਰਸ ਅਤੇ 17.75 ਮਹਿਲਾ ਵੋਟਰ ਹਨ। 5 ਨਗਰ ਨਿਗਮਾਂ ਜਲੰਧਰ, ਅੰਮ੍ਰਿਤਸਰ, ਫਗਵਾੜਾ, ਲੁਧਿਆਣਾ ਅਤੇ ਪਟਿਆਲਾ ਵਿੱਚ ਚੋਣਾਂ ਹੋਣੀਆਂ ਹਨ।

# ਆਂਡੇ ਜਿੰਨਾ ਪ੍ਰੋਟੀਨ ਦਿੰਦੀ ਹੈ ਬ੍ਰੋਕਲੀ, ਖਾਣ ਨਾਲ ਮਿਲਦੀ ਹੈ ਜਬਰਦਸਤ ਤਾਕਤ

ਜਲੰਧਰ 11 ਅਪ੍ਰੈਲ। ਬ੍ਰੋਕਲੀ, ਜੋ ਗੋਭੀ ਦੀ ਤਰ੍ਹਾਂ ਦਿਸਣ ਵਾਲੀ ਸਬਜੀ ਹੈ, ਸ਼ਾਕਾਹਾਰੀ ਲੋਕਾਂ ਲਈ ਇਕ ਬਿਹਤਰੀਨ ਆਪਸ਼ਨ ਹੈ। ਇਸ ਵਿਚ ਪ੍ਰੋਟੀਨ ਦੀ ਭਰਪੂਰ ਮਾਤਰਾ ਪਾਈ ਜਾਂਦੀ ਹੈ, ਜੋ ਸਰੀਰ ਨੂੰ ਤੰਦਰੁਸਤ ਅਤੇ ਬੀਮਾਰੀਆਂ ਤੋਂ ਦੂਰ ਰੱਖਣ 'ਚ ਮਦਦ ਕਰਦੀ ਹੈ। ਆਓ ਜਾਣਦੇ ਹਾਂ ਬ੍ਰੋਕਲੀ ਦੇ ਫਾਇਦੇ ਅਤੇ ਇਸ ਨੂੰ ਆਪਣੀ ਡਾਈਟ 'ਚ ਸ਼ਾਮਲ ਕਰਨ ਦੇ ਕਾਰਨ। ਪ੍ਰੋਟੀਨ ਨੂੰ ਬਣਾਈ ਰੱਖਣ ਲਈ ਬੇਹੱਦ ਜਰੂਰੀ ਹੈ। ਜਦੋਂਕਿ ਮਾਸਾਹਾਰੀ ਲੋਕ ਆਂਡੇ ਅਤੇ ਮਾਸ ਤੋਂ ਪ੍ਰੋਟੀਨ ਦੀ ਲੋੜ ਪੂਰੀ ਕਰਦੇ ਹਨ, ਸ਼ਾਕਾਹਾਰੀ ਲੋਕਾਂ ਲਈ ਬ੍ਰੋਕਲੀ ਇਕ ਸ਼ਾਨਦਾਰ ਆਪਸ਼ਨ ਹੈ। ( ) ਅਨੁਸਾਰ, ਇਕ ਆਂਡੇ 'ਚ ਕਰੀਬ 6 ਗ੍ਰਾਮ ਪ੍ਰੋਟੀਨ ਹੁੰਦਾ ਹੈ, ਜਦੋਂਕਿ 100 ਗ੍ਰਾਮ ਬ੍ਰੋਕਲੀ 'ਚ ਲਗਭਗ 3 ਗ੍ਰਾਮ ਪ੍ਰੋਟੀਨ ਪਾਇਆ ਜਾਂਦਾ ਹੈ। ਹਾਲਾਂਕਿ, ਆਂਡੇ ਦੀ ਤੁਲਨਾ 'ਚ ਬ੍ਰੋਕਲੀ 'ਚ ਕੈਲਰੀ ਘੱਟ ਹੁੰਦੀ ਹੈ। ਇਹ ਭਾਰ ਘਟਾਉਣ ਅਤੇ ਫਿੱਟ ਰੱਖਣ ਲਈ ਵੀ ਉਪਯੋਗੀ ਹੈ। ਇਸ ਤੋਂ ਇਾਵਾ ਬ੍ਰੋਕਲੀ 'ਚ ਲਗਭਗ 2.6 ਗ੍ਰਾਮ ਡਾਈਟਰੀ ਫਾਈਬਰ ਪਾਇਆ ਜਾਦਾ ਹੈ, ਜੋ ਪਾਚਨ ਤੰਤਰ ਨੂੰ ਠੀਕ ਰੱਖਣ ਅਤੇ ਭਾਰ ਗੱਟ ਕਰਨ 'ਚ ਮਦਦ ਕਰਦਾ ਹੈ। ਬ੍ਰੋਕਲੀ ਇਕ ਤਰ੍ਹਾਂ ਦੀ ਕਰੂਸੀਫੇਰਸ ਸਬਜੀ ਹੈ, ਜਿਸ ਵਿਚ ਕਈ ਐਂਟੀਆਕਸੀਡੈਂਟਸ ਮੌਜੂਦ ਹੁੰਦੇ ਹਨ। ਇਹ ਐਂਟੀਆਕਸੀਡੈਂਟਸ ਸਰੀਰ 'ਚ ਕੈਂਸਰ ਪੈਦਾ ਕਰਨ ਵਾਲੇ ਸੈੱਲਾਂ ਨੂੰ ਰੋਕਦੇ ਹਨ। ਨਿਯਮਿਤ ਰੂਪ ਨਾਲ ਬ੍ਰੋਕਲੀ ਦਾ ਸੇਵਨ ਕਰਨ ਨਾਲ ਕੈਂਸਰ ਦਾ ਖਤਰਾ ਕਾਫੀ ਹੱਦ ਤਕ ਘੱਟ ਕੀਤਾ ਜਾ ਸਕਦਾ ਹੈ। ਬ੍ਰੋਕਲੀ 'ਚ ਕੈਲਸ਼ੀਅਮ ਅਤੇ ਕੋਲੇਜਨ ਚੰਗੀ ਮਾਤਰਾ 'ਚ ਪਾਏ ਜਾਂਦੇ ਹਨ,ਜੋ ਹੱਡੀਆਂ ਨੂੰ ਮਜਬੂਤ ਬਣਾਉਣ 'ਚ ਮਦਦਗਾਰ ਹੁੰਦੇ ਹਨ। ਇਸ ਦੇ ਨਾਲ ਹੀ ਇਸ ਵਿਚ ਵਿਟਾਮਿਨ-ਕੇ ਹੱਡੀਆਂ ਦੀ ਘਣਤਾ ਨੂੰ ਬਣਾਈ ਰੱਖਣ 'ਚ ਮਦਦ ਕਰਦਾ ਹੈ ਅਤੇ ਆਸਟੀਓਪੋਰੋਸਿਸ ਵਰਗੀਆਂ ਬੀਮਾਰੀਆਂ ਨੂੰ ਰੋਕਣ 'ਚ ਕਾਰਗਰ ਹੈ। ਸਰਦੀਆਂ ਦੇ ਮੌਸਮ 'ਚ ਇਮਿਊਨਿਟੀ ਮਜਬੂਤ ਰੱਖਣਾ ਬੇਹੱਦ ਜਰੂਰੀ ਹੈ। ਬ੍ਰੋਕਲੀ 'ਚ ਵਿਟਾਮਿਨ-ਸੀ ਭਰਪੂਰ ਮਾਤਰਾ 'ਚ ਹੁੰਦਾ ਹੈ, ਜੋ ਇਕ ਸ਼ਕਤੀਸ਼ਾਲੀ ਐਂਟੀਆਕਸੀਡੈਂਟ ਹੈ। ਇਹ ਠੰਡ-ਖੰਘ ਵਰਗੀਆਂ ਸਮੱਸਿਆਵਾਂ ਤੋਂ ਬਚਾਉਣ ਅਤੇ ਇਮਿਊਨ ਸਿਸਟਮ ਨੂੰ ਮਜਬੂਤ ਕਰਨ 'ਚ ਮਦਦ ਕਰਦਾ ਹੈ।



## ਤੇਜਧਾਰ ਹਥਿਆਰਾਂ ਨਾਲ ਲੈਸ ਲੁਟੇਰਿਆਂ ਨੇ ਵਿਅਕਤੀ 'ਤੇ ਕੀਤਾ ਹਮਲਾ

ਫਿਰੋਜਪੁਰ 11 ਅਪ੍ਰੈਲ। ਫਿਰੋਜਪੁਰ ਛਾਉਣੀ ਦੀ ਪੁਰਾਣੀ ਸਬਜੀ ਮੰਡੀ (ਪੁਰਾਣੀ ਪੁਲਸ ਚੌਂਕੀ ਵਾਲੀ ਥਾਂ) ਦੇ ਨੇੜੇ ਤੇਜਧਾਰ ਹਥਿਆਰਾਂ ਨਾਲ ਲੈਸ 10-12 ਅਣਪਛਾਤੇ ਨਕਾਬਪੋਸ ਲੁਟੇਰਿਆਂ ਨੇ ਵੇਰਕਾ ਦੁਕਾਨ ਦੇ ਮਾਲਕ ਯੁੱਧਵੀਰ ਵਾਲੀਆ ਪੁੱਤਰ ਵਿਨੋਦ ਵਾਲੀਆ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਇਸ ਦੇ ਨਾਲ ਹੀ ਉਸ ਦੀ ਦੁਕਾਨ ਦੀ ਬੁਰੀ ਤਰ੍ਹਾਂ ਭੰਨਤੋੜ ਕੀਤੀ ਅਤੇ ਯੁੱਧਵੀਰ ਬੁਰੀ ਤਰ੍ਹਾਂ ਜਖਮੀ ਹੋਇਆ ਹੈ। ਇਸ ਦੌਰਾਨ ਦੋ ਥਾਵਾਂ ਤੋਂ ਉਸਦੀ ਬਾਂਹ ਟੁੱਟ ਗਈ ਹੈ, ਜਦ ਕਿ ਉਸਨੇ ਦੁਕਾਨ ਤੋਂ ਭੱਜ ਕੇ ਆਪਣੀ ਜਾਨ ਬਚਾਈ। ਉਸ ਨੂੰ ਫਿਰੋਜਪੁਰ ਦੇ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਯੁੱਧਵੀਰ ਵਾਲੀਆ ਨੇ ਦੱਸਿਆ ਕਿ ਲੁਟੇਰੇ ਉਸ ਦੀ ਦੁਕਾਨ ਦੇ ਕੈਸ ਕਾਊਂਟਰ 'ਚ ਪਏ ਹਜਾਰਾਂ ਰੁਪਏ ਲੁੱਟ ਕੇ ਫਰਾਰ ਹੋ ਗਏ ਹਨ। ਇਸ ਰੋਸ 'ਚ ਫਿਰੋਜਪੁਰ ਛਾਉਣੀ ਦੇ ਲੋਕਾਂ ਨੇ ਲਾਈਟਾਂ ਵਾਲੇ ਚੌਂਕ 'ਚ ਧਰਨਾ ਲਗਾ ਦਿੱਤਾ ਹੈ। ਫਿਲਹਾਲਫਿਰੋਜਪੁਰ ਛਾਉਣੀ ਵਪਾਰ ਮੰਡਲ ਦੇ ਪ੍ਰਧਾਨ ਧਰਮੂ ਪੰਡਿਤ ਅਤੇ ਹੋਰ ਅਧਿਕਾਰੀਆਂ ਵੱਲੋਂ ਵੀ ਦਸੰਬਰ ਨੂੰ ਫਿਰੋਜਪੁਰ ਛਾਉਣੀ ਬੰਦ ਰੱਖਣ ਦਾ ਫੈਸਲਾ ਲਿਆ ਗਿਆ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਰੱਸੇ ਟੁੱਟਣ ਮਗਰੋਂ ਡਰਾਈਵਰ ‘ਤੇ ਡਿੱਗੀਆਂ ਝੋਨੇ ਦੀਆਂ ਬੋਰੀਆਂ, ਵਾਪਰਿਆ ਵੱਡਾ ਹਾਦਸਾ

ਫਾਜ਼ਿਲਕਾ 11 ਅਪ੍ਰੈਲ। ਇੱਥੇ ਜਲਾਲਾਬਾਦ-ਫਿਰੋਜਪੁਰ ਫਾਜ਼ਿਲਕਾ ਹਾਈਵੇਅ ‘ਤੇ ਝੋਨੇ ਦੀਆਂ ਬੋਰੀਆਂ ਨਾਲ ਭਰੀ ਇਕ ਟਰਾਲੀ ਅਚਾਨਕ ਹਾਦਸੇ ਦਾ ਸ਼ਿਕਾਰ ਹੋ ਗਈ, ਜਿਸ ਕਾਰਨ ਟਰਾਲੀ ਦਾ ਡਰਾਈਵਰ ਜਖਮੀ ਹੋ ਗਿਆ, ਜਿਸ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਹੈ। ਜਾਣਕਾਰੀ ਮੁਤਾਬਕ ਜਲਾਲਾਬਾਦ ਦੇ ਪਿੰਡ ਲੱਧੂਵਾਲਾ ਤੋਂ ਝੋਨੇ ਦੀ ਭਰੀ ਹੋਈ ਟਰਾਲੀ ਫਿਰੋਜਪੁਰ ਜਾ ਰਹੀ ਸੀ। ਅਚਾਨਕ ਥਾਣਾ ਸਦਰ ਦੇ ਨੇੜੇ ਟਰਾਲੀ ਦੇ ਉੱਪਰੋਂ ਇਕ ਝੋਨੇ ਦੀ ਬੋਰੀ ਹੇਠਾਂ ਡਿੱਗ ਗਈ ਅਤੇ ਟਰਾਲੀ ਦੇ ਟਾਇਰ ਹੇਠਾਂ ਆ ਗਈ। ਜਦੋਂ ਡਰਾਈਵਰ ਨੇ ਅਚਾਨਕ ਬ੍ਰੇਕ ਮਾਰੀ ਤਾਂ ਬੋਰੀਆਂ ਨਾਲ ਬੰਨ੍ਹੇ ਹੋਏ ਰੱਸੇ ਟੁੱਟ ਗਏ ਅਤੇ ਬੋਰੀਆਂ ਹੇਠਾਂ ਡਿੱਗਣੀਆਂ ਸ਼ੁਰੂ ਹੋ ਗਈਆਂ। ਇਸ ਦੌਰਾਨ ਕਈ ਬੋਰੀਆਂ ਡਰਾਈਵਰ ‘ਤੇ ਵੀ ਡਿੱਗ ਗਈਆਂ ਅਤੇ ਉਹ ਜਖਮੀ ਹੋ ਗਿਆ। ਉਸ ਦਾ ਟਰੈਕਟਰ ਬੇਕਾਬੂ ਹੋ ਕੇ ਡਿਵਾਈਡਰ ‘ਤੇ ਜਾ ਚੜ੍ਹਿਆ। ਇਸ ਹਾਦਸੇ ਦੌਰਾਨ ਡਰਾਈਵਰ ਨੂੰ ਗੰਭੀਰ ਸੱਟਾਂ ਲੱਗੀਆਂ। ਮੌਕੇ ‘ਤੇ ਮੌਜੂਦ ਲੋਕਾਂ ਨੇ ਉਸ ਨੂੰ ਜਲਾਲਾਬਾਦ ਦੇ ਸਿਵਲ ਹਸਪਤਾਲ ‘ਚ ਦਾਖਲ ਕਰਾਇਆ ਹੈ।

# ਕੱਪੜਿਆਂ ‘ਤੇ ਬ੍ਰਾਂਡਿਡ ਕੰਪਨੀਆਂ ਦੇ ਨਕਲੀ ਲੇਬਲ ਲਗਾ ਕੇ ਲੋਕਾਂ ਨੂੰ ਬਣਾ ਰਿਹਾ ਸੀ ਬੇਵਕੂਫ

ਲੁਧਿਆਣਾ 11 ਅਪ੍ਰੈਲ। ਗਣੇਸ਼ਪੁਰੀ, ਮਾਸਟਰ ਕਾਲੋਨੀ ’ਚ ਬ੍ਰਾਂਡਿਡ ਲੇਬਲ ਵਾਲੇ ਕੱਪੜੇ ਵੇਚਣ ਦੇ ਦੋਸ਼ ’ਚ ਇਕ ਦੁਕਾਨ ’ਤੇ ਛਾਪਾ ਮਾਰ ਕੇ 496 ਨਕਲੀ ਕੱਪੜੇ ਬਰਾਮਦ ਕੀਤੇ ਗਏ ਹਨ। ਇਸ ਮਾਮਲੇ ’ਚ ਥਾਣਾ ਦਰੇਸੀ ਦੀ ਪੁਲਸ ਨੇ ਮੈਨੇਜਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਂਚ ਅਧਿਕਾਰੀ ਸੰਤੋਸ਼ ਸਿੰਘ ਨੇ ਦੱਸਿਆ ਕਿ ਅੰਬਾਲਾ ਦੇ ਆਕਾਸ਼ ਨੇ ਪੈਰੀ ਜੀ/ਜੈਸਮੀਨ ਨਾਂ ਦੀ ਕੱਪੜੇ ਦੀ ਦੁਕਾਨ ’ਤੇ ਨਕਲੀ ਸਾਮਾਨ ਵੇਚ ਕੇ ਧੋਖਾਦੇਹੀ ਕਰਨ ਦੀ ਸ਼ਿਕਾਇਤ ਕੀਤੀ। ਜਾਂਚ ’ਚ ਪਤਾ ਲੱਗਾ ਕਿ ਦੁਕਾਨ ’ਤੇ ਬ੍ਰਾਂਡਿਡ ਕੰਪਨੀਆਂ ਦੇ ਨਕਲੀ ਲੇਬਲ ਲਗਾ ਕੇ ਸਥਾਨਕ ਕੱਪੜੇ ਵੇਚੇ ਜਾ ਰਹੇ ਸਨ। ਇਸ ਧੋਖਾਧੜੀ ਰਾਹੀਂ ਗਾਹਕਾਂ ਨਾਲ ਠੱਗੀ ਮਾਰੀ ਜਾ ਰਹੀ ਸੀ ਅਤੇ ਬ੍ਰਾਂਡਿਡ ਕੰਪਨੀਆਂ ਦਾ ਅਕਸ ਖਰਾਬ ਕੀਤਾ ਜਾ ਰਿਹਾ ਸੀ। ਹੁਣ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਹ ਨਕਲੀ ਸਾਮਾਨ ਕਿਥੋਂ ਆਇਆ ਅਤੇ ਇਸ ’ਚ ਹੋਰ ਕੌਣ-ਕੌਣ ਸ਼ਾਮਲ ਹਨ।

## ਢੱਡਰੀਆਂਵਾਲਾ ਦੇ ਡੇਰੇ ’ਚ ਹੋਏ ਕਤਲ ਮਾਮਲੇ ’ਚ ਹਾਈ ਕੋਰਟ ਦੀ ਵੱਡੀ ਕਾਰਵਾਈ

ਚੰਡੀਗੜ੍ਹ 11 ਅਪ੍ਰੈਲ। ਰਣਜੀਤ ਸਿੰਘ ਢੱਡਰੀਆਂਵਾਲੇ ਦੇ ਡੇਰੇ ਪਰਮੇਸ਼ਵਰ ਦੁਆਰ ’ਚ 2012 ’ਚ ਜਬਰ-ਜ਼ਿਨਾਹ ਤੋਂ ਬਾਅਦ ਕੁੜੀ ਦੇ ਕਤਲ ਦੇ ਮਾਮਲੇ ਦੀ ਸੁਣਵਾਈ ਕਰਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਡੀ. ਜੀ. ਪੀ. ਨੂੰ ਤਲਬ ਕੀਤਾ ਹੈ। ਅਦਾਲਤ ਨੇ ਡੀ.ਜੀ.ਪੀ. ਨੂੰ ਇਹ ਦੱਸਣ ਲਈ ਕਿਹਾ ਹੈ ਕਿ 12 ਸਾਲ ਪਹਿਲਾਂ ਹੋਏ ਕਤਲ ਦੀ ਜਾਂਚ ਐੱਫ.ਆਈ.ਆਰ. ਦਰਜ ਕੀਤੇ ਬਿਨਾਂ ਕਿਸ ਆਧਾਰ ’ਤੇ ਕੀਤੀ ਗਈ। ਅਦਾਲਤ ਨੇ ਇਹ ਵੀ ਪੁੱਛਿਆ ਹੈ ਕਿ ਉਸ ਸਮੇਂ ਅਜਿਹਾ ਨਾ ਕਰਨ ਵਾਲੇ ਪੁਲਸ ਅਧਿਕਾਰੀਆਂ ਖ਼ਿਲਾਫ਼ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ। ਇਸ ਮਾਮਲੇ ਵਿਚ ਮ੍ਰਿਤਕਾ ਦੇ ਭਰਾ ਨੇ ਪਟੀਸ਼ਨ ਦਾਇਰ ਕਰਕੇ ਜਾਂਚ ਸੀ.ਬੀ.ਆਈ. ਜਾਂ ਸੀਨੀਅਰ ਆਈ.ਪੀ.ਐੱਸ. ਦੀ ਅਗਵਾਈ ਵਾਲੀ ਐੱਸ.ਆਈ.ਟੀ. ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਸੀ। ਪਟੀਸ਼ਨ ’ਚ ਰਣਜੀਤ ਸਿੰਘ ਢੱਡਰੀਆਂਵਾਲੇ ’ਤੇ ਗੰਭੀਰ ਦੋਸ਼ ਲਾਏ ਗਏ ਹਨ। ਪਟੀਸ਼ਨਰ ਨੇ ਦੱਸਿਆ ਕਿ ਉਸ ਦੀ ਭੈਣ ਦਾ 22 ਅਪ੍ਰੈਲ 2012 ਨੂੰ ਡੇਰੇ ’ਚ ਜਬਰ-ਜ਼ਿਨਾਹ ਤੋਂ ਬਾਅਦ ਜ਼ਹਿਰੀਲਾ ਪਦਾਰਥ ਦੇ ਕੇ ਕਤਲ ਕਰ ਦਿੱਤਾ ਗਿਆ ਸੀ। ਉਸ ਦੀ ਭੈਣ ਧਾਰਮਿਕ ਸੁਭਾਅ ਦੀ ਸੀ ਅਤੇ 2002 ਤੋਂ ਢੱਡਰੀਆਂ ਵਾਲੇ ਦੀ ਪੈਰੋਕਾਰ ਬਣ ਗਈ ਸੀ। ਉਹ ਬਕਾਇਦਾ ਉੱਥੇ ਜਾ ਕੇ ਸੇਵਾ ਕਰਦੀ ਸੀ ਤੇ ਬਹੁਤ ਸ਼ਰਧਾ ਸੀ। ਭਰਾ ਨੇ ਪਟੀਸ਼ਨ ’ਚ ਦੋਸ਼ ਲਾਇਆ ਹੈ ਕਿ 22 ਅਪ੍ਰੈਲ 2012 ਨੂੰ ਉਸ ਨੂੰ ਫੋਨ ਆਇਆ ਤੇ ਮਾਮਲੇ ਨੂੰ ਸੁਲਝਾਉਣ ਲਈ ਡੇਰੇ ’ਚ ਆਉਣ ਲਈ ਕਿਹਾ, ਜਿਸ ਤੋਂ ਬਾਅਦ ਉੱਥੇ ਚਲੀ ਗਈ । ਡੇਰੇ ਪਹੁੰਚ ਕੇ ਉਸ ਨੂੰ ਘਰ ਫੋਨ ਆਇਆ ਤੇ ਦੱਸਿਆ ਕਿ ਉਸ ਨੂੰ ਜ਼ਹਿਰ ਦੇ ਦਿੱਤਾ ਹੈ। ਇਸ ਤੋਂ ਬਾਅਦ ਉਸ ਦੀ ਭੈਣ ਦੀ ਮੌਤ ਹੋ ਗਈ।

## ਜਲੰਧਰ ਬਾਈਪਾਸ ‘ਤੇ 14 ਸਾਲਾ ਬੱਚੇ ਦਾ ਹੈਰਾਨੀਜਨਕ ਕਾਰਾ

ਲੁਧਿਆਣਾ 11 ਅਪ੍ਰੈਲ। ↔ਜਲੰਧਰ ਬਾਈਪਾਸ ਚੌਕ ਨੇੜੇ ਹੋਲਸੇਲ ਹਾਰਡਵ੍ਰੇ ਮਾਰਕੀਟ ਵਿਚ ਦੇ ਕਾਰੋਬਾਰੀ ਵੱਲੋਂ ਖੜ੍ਹੀ ਕੀਤੀ ਇਨੋਵਾ ਗੱਡੀ ਤੋਂ ਤਕਰੀਬਨ 14 ਸਾਲਾਂ ਦੇ ਬੱਚੇ ਨੇ ਹੱਥ ਦੀ ਸਫਾਈ ਦਿਖਾਉਂਦਿਆਂ ਨਕਦੀ ਨਾਲ ਭਰਿਆ ਬੈਗ ਚੋਰੀ ਕਰ ਲਿਆ। ਜਾਣਕਾਰੀ ਮੁਤਾਬਕ ਘਟਨਾ ਸ਼ੁੱਕਰਵਾਰ ਦੁਪਹਿਰ ਦੀ ਹੈ ਜੋ ਮਾਰਕੀਟ ਦੇ ਬਾਹਰ ਲੱਗੇ ਕੈਮਰੇ ਵਿਚ ਕੈਦ ਹੋ ਗਈ ਹੈ, ਜਿਸ ਵਿਚ ਸਾਫ ਤੌਰ ‘ਤੇ ਵੇਖਿਆ ਜਾ ਸਕਦਾ ਹੈ ਕਿ ਇਕ ਛੋਟਾ ਬੱਚਾ ਜੋ ਕਿ ਵਪਾਰੀ ਦੀ ਇਨੋਵਾ ਗੱਡੀ ਦੇ ਆਲੇ-ਦੁਆਲੇ ਲਗਾਤਾਰ ਘੁੰਮ ਰਿਹਾ ਸੀ ਤੇ ਮੌਕਾ ਮਿਲਦਿਆਂ ਹੀ ਉਸ ਨੇ ਗੱਡੀ ਵਿਚ ਪਿਆ ਲੱਖਾਂ ਰੁਪਏ ਨਾਲ ਭਰਿਆ ਬੈਗ ਚੋਰੀ ਕਰ ਲਿਆ। ਦੱਸਿਆ ਜਾ ਰਿਹਾ ਹੈ ਕਿ ਉਕਤ ਬੱਚਾ ਸ਼ਹਿਰ ਦੇ ਮੁੱਖ ਚੌਕ ਅਤੇ ਬੱਸਾਂ ਵਿਚ ਪੈੱਨ-ਪੈਂਸਿਲਾਂ ਵੇਚਣ ਦੀ ਆੜ ਵਿਚ ਆਪਣੇ ਸ਼ਿਕਾਰ ਨੂੰ ਲੱਭਣ ਦਾ ਕੰਮ ਕਰਦਾ ਹੈ।

## ਜਿੰਦਲ ਸਟੀਲ ਪਲਾਂਟ ‘ਚ ਵਾਪਰਿਆ ਹਾਦਸਾ, ਮਜਦੂਰ ਦੀ ਮੌਤ

ਰਾਏਗੜ੍ਹ 11 ਅਪ੍ਰੈਲ। ਛੱਤੀਸਗੜ੍ਹ ਦੇ ਰਾਏਗੜ੍ਹ ਦੇ ਕੋਟੜਾ ਰੋਡ ਥਾਣਾ ਖੇਤਰ ਦੇ ਪਤਰਪਾਲੀ ਸਥਿਤ ਜਿੰਦਲ ਸਟੀਲ ਐਂਡ ਪਾਵਰ ਲਿਮਟਿਡ ਪਲਾਂਟ ‘ਚ ਕੰਮ ਕਰਦੇ ਸਮੇਂ ਗਰਮ ਫਲਾਈ ਐਸ਼ ਡਿੱਗਣ ਕਾਰਨ ਇਕ ਕਰਮਚਾਰੀ ਦੀ ਮੌਕੇ ‘ਤੇ ਹੀ ਮੌਤ ਹੋ ਗਈ, ਜਦਕਿ ਇਕ ਇੰਜੀਨੀਅਰ ਝੁਲਸ ਗਿਆ। ਕਿਰੋੜੀ ਮੱਲ ਵਾਰਡ ਨੰਬਰ 13 ਦਾ ਰਹਿਣ ਵਾਲਾ ਅਸ਼ੋਕ ਕੁਮਾਰ ਕੇਵਤ (39) ਪਿਛਲੇ 16 ਸਾਲਾਂ ਤੋਂ ਜਿੰਦਲ ਦੇ ਲਾਈਮ ਡੋਲੋ ਪਲਾਂਟ ਵਿਚ ਫਿਟਰ ਵਜੋਂ ਕੰਮ ਕਰ ਰਿਹਾ ਸੀ। ਸਨੀਵਾਰ ਰਾਤ ਉਹ ਪਲਾਂਟ ‘ਚ ਸਾਈਡ ਇੰਜੀਨੀਅਰ ਦੀਪਕ ਯਾਦਵ (39) ਨਾਲ ਕੰਮ ਕਰ ਰਿਹਾ ਸੀ। ਇਸ ਦੌਰਾਨ ਅਚਾਨਕ ਗਰਮ ਫਲਾਈ ਐਸ਼ ਅਸ਼ੋਕ ‘ਤੇ ਡਿੱਗ ਗਈ ਅਤੇ ਸਾਈਡ ਇੰਜੀਨੀਅਰ ਦੀਪਕ ਯਾਦਵ ਨੂੰ ਵੀ ਸੱਟ ਲੱਗ ਗਈ। ਅਸ਼ੋਕ ਦੀ ਮੌਕੇ ‘ਤੇ ਹੀ ਮੌਤ ਹੋ ਗਈ, ਜਦਕਿ ਦੀਪਕ ਜਖਮੀ ਹੋ ਗਿਆ। ਘਟਨਾ ਤੋਂ ਬਾਅਦ ਪਲਾਂਟ ਦੇ ਮੁਲਾਜਮਾਂ ਨੇ ਅਧਿਕਾਰੀਆਂ ਨੂੰ ਸੂਚਿਤ ਕੀਤਾ। ਘਟਨਾ ਤੋਂ ਬਾਅਦ ਮ੍ਰਿਤਕਾਂ ਅਤੇ ਜਖਮੀ ਨੂੰ ਤੁਰੰਤ ਜਿੰਦਲ ਹਸਪਤਾਲ ਲਿਆਂਦਾ ਗਿਆ। ਡਾਕਟਰਾਂ ਨੇ ਝੁਲਸੇ ਦੀਪਕ ਨੂੰ ਇਲਾਜ ਲਈ ਰਾਏਪੁਰ ਰੈਫਰ ਕਰ ਦਿੱਤਾ। ਇਸ ਦੇ ਨਾਲ ਹੀ ਕੋਟੜਾ ਰੋਡ ਪੁਲਸ ਨੇ ਲਾਸ ਦਾ ਪੰਚਨਾਮਾ ਤਿਆਰ ਕਰਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਇਸ ਮਾਮਲੇ ਸਬੰਧੀ ਕੋਟੜਾ ਰੋਡ ਥਾਣਾ ਇੰਚਾਰਜ ਤ੍ਰਿਨਾਥ ਤ੍ਰਿਪਾਠੀ ਨੇ ਦੱਸਿਆ ਕਿ ਫਿਲਹਾਲ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਦਿੱਲੀ ਜਲ ਬੋਰਡ: ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ

## ਜਨਤਕ ਸੂਚਨਾ

ਸਾਰੇ ਨਿਵਾਸੀਆਂ ਅਤੇ ਜਾਇਦਾਦ ਮਾਲਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 162 ਅਣਅਧਿਕਾਰਤ ਕਲੋਨੀਆਂ ਦੇ ਅੰਦਰੂਨੀ ਸੀਵਰੇਜ ਸਿਸਟਮ ਨੂੰ ਪੂਰਾ ਕਰ ਲਿਆ ਗਿਆ ਹੈ ਅਤੇ ਕਾਰਜਸੀਲ ਕਰ ਦਿੱਤਾ ਗਿਆ ਹੈ (ਨੋਟਿਸ ਵਿੱਚ ਹੇਠਾਂ ਸੂਚੀਬੱਧ), ਲੈਟਰੀਨ, ਪਿਸਾਬ ਅਤੇ ਸੇਸਪੂਲਾਂ ਤੋਂ ਸਾਰੀ ਗੰਦਗੀ, ਪ੍ਰਦੂਸ਼ਿਤ ਅਤੇ ਘਿਣਾਉਣੇ ਪਦਾਰਥਾਂ ਨੂੰ ਇਕੱਠਾ ਕਰਨ, ਹਟਾਉਣ ਅਤੇ ਨਿਪਟਾਰੇ ਲਈ। ਇਸ ਵਿੱਚ ਕੋਈ ਵੀ ਉਦਯੋਗਿਕ ਗੰਦਾ ਪਾਣੀ ਜਾਂ ਕਾਨੂੰਨ ਅਧੀਨ ਵਰਜਿਤ ਕੋਈ ਹੋਰ ਡਿਸਚਾਰਜ ਸ਼ਾਮਲ ਨਹੀਂ ਹੈ। ਆਪਣੇ ਸਬੰਧਤ ਘਰਾਂ ਜਾਂ ਇਮਾਰਤਾਂ ਦੇ ਸੀਵਰੇਜ ਦੇ ਨਿਕਾਸ ਨੂੰ ਮੌਜੂਦਾ ਜਨਤਕ ਸੀਵਰੇਜ ਲਾਈਨ ਨਾਲ ਜੋੜਨਾ ਲਾਜਮੀ ਹੈ।

ਸਾਰੇ ਖੇਤਰ ਨਿਵਾਸੀਆਂ ਨੂੰ ਸੀਵਰੇਜ ਕਨੈਕਸ਼ਨਾਂ ਲਈਖੇਤਰ ਦੇ ਕਾਰਜਕਾਰੀ ਇੰਜੀਨੀਅਰਾਂ/ਜੈਡ.ਆਰ.ਓ. ਨੂੰ ਅਰਜੀ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ। ਇਹ ਨਿਰਦੇਸ਼ਜਨਤਕ ਸਵਾਸਥ , ਸੈਨੀਟੇਸ਼ਨ ਅਤੇ ਵਾਤਾਵਰਣ ਸੁਰੱਖਿਆ ਦੇ ਹਿੱਤ ਵਿੱਚ ਜਾਰੀ ਕੀਤਾ ਜਾ ਰਿਹਾ ਹੈ।
ਸਾਰੇ ਕੁਨੈਕਸ਼ਨ 30 ਜੂਨ, 2025 ਤੱਕ ਪੂਰੇ ਕੀਤੇ ਜਾਣੇ ਚਾਹੀਦੇ ਹਨ।
ਕਿਸੇ ਵੀ ਤਕਨੀਕੀ ਸਹਾਇਤਾ ਜਾਂ ਸਪਸ਼ਟੀਕਰਨ ਲਈ, ਕਿਰਪਾ ਕਰਕੇ 1916 ‘ਤੇ ਸੰਪਰਕ ਕਰੋ ਜਾਂ ਸੰਬੰਧਿਤ ਖੇਤਰ ਦੇ ਕਾਰਜਕਾਰੀ ਇੰਜੀਨੀਅਰ/ਜੈਡ.ਆਰ.ਓ. ਨੂੰ ਸੰਪਰਕ ਕਰੋ।

ਨੱਥੀ: ਕਲੋਨੀਆਂ ਦੀ ਸੂਚੀ

**ਵਿਸ਼ਾ: ਕਲੋਨੀਆਂ ਦੀ ਸੂਚੀ ਜਿੱਥੇ ਮੌਜੂਦਾ ਐਸ.ਟੀ.ਪੀ. ਨਾਲ ਸੀਵਰੇਜ ਲਾਈਨਾਂ ਵਿਛਾਈਆਂ ਗਈਆਂ ਹਨ।**

| ਕ੍ਰਮ ਸੰ. | ਜੀ.ਓ.ਸੀ. ਦਾ ਨਾਮ | ਕਲੋਨੀ ਦਾ ਨਾਮ | ਕ੍ਰਮ ਸੰ. | ਜੀ.ਓ.ਸੀ. ਦਾ ਨਾਮ | ਕਲੋਨੀ ਦਾ ਨਾਮ |
|---|---|---|---|---|---|
| 1 | ਬੇਗਮਪੁਰ ਜੀ.ਓ.ਸੀ. | ਸ੍ਰੀ ਐਨਕਲੇਵ ਪੰਸਾਲੀ, ਰੋਹਿਣੀ, ਦਿੱਲੀ-42 | 82 | ਮਹਿਰੌਲੀ ਜੀਓਸੀ | ਛਤਰਪੁਰ ਐਨਕਲੇਵ, ਡੀ-ਬਲਾਕ ਫੇਜ-ਐਲ ਨਵੀਂ ਦਿੱਲੀ 68 (ਰਜਿ. ਨੰ. 735) |
| 2 | | ਰਾਜੀਵ ਨਗਰ ਐਕਸਟੈਨਸ਼ਨ, ਧੀਰਜ ਵਿਹਾਰ, ਸੁਲਤਾਨ ਪੁਰੀ, ਨਵੀਂ ਦਿੱਲੀ | 83 | ਪੁਲਪਹਿਲਾਦਪੁਰ ਜੀਓਸੀ | ਪੁਲ ਪਹਿਲਦਪੁਰ ਐਮ. ਬੀ, ਰੋਡ ਐਨ. ਡੀ-44 (ਰਜਿ. ਨੰ. 908) |
| 3 | | ਰਾਜੀਵ ਨਗਰ, ਬੇਗਮਪੁਰ, ਫੇਨ-3, ਮੇਨਕੰਜਬਾਵਾਲਾ ਰੋਡ, ਦਿੱਲੀ-41 | 84 | | ਹਮਦਰਦ ਕਲੋਨੀ ਆਰ. ਜੈਡ. ਏ. ਬਲਾਕ ਪੁਲ ਪਹਿਲਦਪੁਰ, ਦਿੱਲੀ-44 (ਰਜਿ. ਨੰ. 1013) |
| 4 | | ਬੇਗਮਪੁਰ ਐਕਸ. ਰਾਜੀਵ ਨਗਰ, ਦਿੱਲੀ-41 | 85 | | ਵਿਸਵਕਰ ਐਮ. ਬੀ. ਰੋਡ ਪੁਲ ਪਹਿਲਦਪੁਰ ਦਿੱਲੀ-44 (ਰਜਿ. ਨੰ. 1246) |
| 5 | | ਕੈਲਾਸ ਵਿਹਾਰ ਪੰਸਾਲੀ ਪੋਸਟ ਪਰਹਲਾਦਪੁਰ ਬੰਗੜ ਦਿੱਲੀ-42 | 86 | | ਵਿਸਵਕਮਾ ਕਲੋਨੀ ਐਮ. ਬੀ. ਬੋਡ ਪੁਲ ਪਲਹਲਦਪੁ ਦਿੱਲੀ-44 (ਰਜਿ. ਨੰ. 1246) |
| 6 | | ਰਜਨੀ ਵਿਹਾਰ ਬੇਗਮ ਪੁਰ ਐਕਸਟੈਨ, ਬਰਿਆਲਾ ਰੋਡ ਦਿੱਲੀ-41 | 87 | | ਵਿਸਵਕਰਮਾ ਕਲੋਨੀ ਬੀ- ਬਲਾਕ ਐਮ. ਬੀ. ਰੋਡ ਪੁ ਪਹਿਲਾਦਪੁਣ ਦਿੱਲੀ-44 (ਰਜਿ. ਨੰ. 1247) |
| 7 | | ਰਜਨੀ ਵਿਹਾਰ ਬੇਗਮ ਪੁਰ ਐਕਸ਼ਟਨ, ਬਕਸੀਆ ਰੋਡ ਦਿੱਲੀ-41 | 88 | | ਪਿੰਡ ਲਾਲ ਕੁਆਂ, ਬਲਾਕ-ਡੀ, ਚੁੰਗੀ ਨੰ. 3 ਅਤੇ ਬਲਾਕ ਏ, ਬੀ ਪੁਲ ਪਹਿਲਦ ਪੁਰ, (ਰਜਿ. ਨੰ. 1483) |
| 8 | | ਰਾਜੀਵ ਨਗਰ ਬੇਗਮ ਪੁਰ - ਦਿੱਲੀ-41 | 89 | | ਰੂਲ ਪਹਿਲਾਦ ਪੁਰ (ਰਜਿ. ਨੰ. 1604) |
| 9 | | ਬੇਗਮਪੁਰ ਐਕਸਟੈਨ (ਬੇਗਮ ਵਿਹਾਰ ਬਲਾਕ ਏ.ਬੀ.ਸੀ.ਡੀ.ਈ. ਦਿੱਲੀ-41 | 90 | ਮੰਗਲਾਪੁਰੀ ਜੀਓਸੀ | ਐਕਸਟੈਂਡਡ ਕਲੋਨੀ, ਨਵੀਂ ਮੰਗਲਾ ਪੁਰੀ ਨਵੀਂ ਦਿੱਲੀ 30 (ਰਜਿ. ਨੰ. 80-(ਈ.ਐਲ.ਡੀ.) |
| 10 | | ਬੇਗਮਪਰ ਐਕਸਟੈਨਸਨ (ਬੇਗਮ ਵਿਹਾਰ ਬਲਾਕ ਏ ਬੀ ਸੀ ਡੀ ਈ ਦਿੱਲੀ-41 | 91 | | ਸੰਗਮ ਵਿਹਾਰ, ਏ-ਬਲਾਕ, ਨਵੀਂ ਦਿੱਲੀ-62 (ਰਜਿ.) ਨੰ. 6) |
| 11 | | ਬੇਗਮਪੁਰ ਐਕਸਟੈਨ (ਬੇਗਮ ਵਿਹਾਰ ਬਲਾਕ ਏ ਬੀ ਸੀ ਡੀ ਈ ਦਿੱਲੀ-41 | 92 | ਸੰਗਮ ਵਿਹਾਰ ਜੀਓਸੀ | ਸੰਗਮ ਵਿਹਾਰ, ਬੀ-ਬਲਾਕ, ਨਵੀਂ ਦਿੱਲੀ-62 (ਰਜਿ. ਨੰ. 649) |
| 12 | | ਬੇਗਮ ਪੁਰ ਐਕਸਟੈਨ. ਦਿੱਲੀ-41 | 93 | | ਸੰਗਮ ਵਿਹਾਰ, ਬੀ-1, ਬਲਾਕ, ਸੰਗਮ ਵਿਹਾਰ, ਨਿਊ ਦਿੱਲੀ-62 (ਰਜਿ. ਨੰ. 706) |
| 13 | | ਪਿੰਡ ਬੇਗਮਪੁਰ ਦਿੱਲੀ 86 | 94 | | ਸੰਗਮ ਵਿਹਾਰ ਏ- ਬਲਾਕ ਨਵੀਂ ਦਿੱਲੀ-62 (ਰਜਿ. ਨੰ. 921) |
| 14 | | ਨਵੀਨ ਵਿਹਾਰ, ਬੇਗਮਪੁਰ, ਦਿੱਲੀ-41 | 95 | | ਸੰਗਮ ਵਿਹਾਰ ਈ- ਬਲਾਕ ਦਿੱਲੀ-62 (ਰਜਿ. ਨੰ: 1221) |
| 15 | | ਰਾਜੀਵ ਪਗਰ ਐਕਸਟੈ, ਬੇਗਮਪੁਰ ਦਿੱਲੀ 41 | 96 | | ਸੰਗਮ ਵਿਹਾਰ ਐਫ-2 ਬਲਾਕ ਹਮਦਰਦ ਨੇੜੇ ਬੱਤਰਾ, ਹਸਪਤਾਲ, ਐਮਬੀਰੋਡ, ਦਿੱਲੀ। (ਰਜਿ. ਨੰ. 1256) |
| 16 | | ਰਾਜੀਵ ਪਗਰ ਐਕਸਟੈਨ, ਬੇਗਮਪੁਰ ਦਿੱਲੀ-41 | 97 | | ਸੰਗਮ ਵਿਹਾਰ ਐੱਫ-1 ਬਲਾਕ, ਐਨਡੀ (ਰਜਿ. ਨੰ. 1336) |
| 17 | | ਰਾਜੀਵ ਪਗਰ ਐਕਸਟੈਨ, ਬੇਗਮਪੁਰ ਦਿੱਲੀ-41 | 98 | | ਸੰਗਮ ਵਿਹਾਰ, ਬੀ-ਬਲਾਕ, ਵਾਈ-ਏਰੀਆ, ਨਵੀਂ ਦਿੱਲੀ-62 (ਰਜਿ. ਨੰ. 1566) |
| 18 | | ਜੈਨ ਨਗਰ ਕਾਲੋਨੀ ਐਕਸਟੈਨਸਨ, ਕਰਾਲਾ | 99 | | ਸੰਗਮ ਵਿਹਾਰ, ਬਲਾਕ-ਸੀ, ਭਾਗ-1 (ਰਜਿ. ਨੰ. 397) |
| 19 | | ਰਾਮਾ ਯਿਲਹਰ ਕਾਲੋਨੀ, ਮੁਹੰਮਦ ਪੁਰਮਾਜੀ, ਦਿੱਲੀ 81 | 100 | ਗੋਕਲਪੁਰ | ਸੰਗਮ ਵਿਹਾਰ. ਬਲਾਕ, ਨਵੀਂ ਦਿੱਲੀ-62 (ਰਜਿ. ਨੰ. 656) |
| 20 | | ਕ੍ਰਿਸਨਾ ਬਲਾਕ ਤੀਰਥੰਕਰ ਨਗਰ ਜੈਨ ਕਾਲੋਨੀ ਕਰਾਲਾ ਦਿੱਲੀ-81 | 101 | | ਹਰਸ ਵਿਹਾਰ, ਡੀ-ਬਲਾਕ, ਦਿੱਲੀ 93 |
| 21 | | ਉਤਸਵ ਵਿਲਹਾਰ, ਕਰਾਲਾ, ਦਿੱਲੀ-81 | 102 | | ਬੈਂਕ ਕਲੋਨੀ, ਮੰਡੋਲੀ, ਦਿੱਲੀ-93 |
| 22 | | ਸੇਰ ਸਿੰਘ ਇਨਕਲੇਵ ਕਰਾਲਾ ਦਿੱਲੀ-81 | 103 | | ਪੂਰਬੀ ਮੰਡੋਲੀ ਐਕਸਟੈਨਸਨ, ਹਰੀਜਨ ਬਸਤੀ ਡੀ-ਬਾਈਲਾਕ ਦਿੱਲੀ 93 |
| 23 | | ਟੀਟਬੰਕਰ ਨਗਰ ਜੈਨ ਕਾਲੋਨੀ ਕਰਾਲਾ ਦਿੱਲੀ-81 | 104 | | ਰਾਜੀਵ ਨਗਰ ਮੰਡੋਲੀ ਨਵੀਂ ਦਿੱਲੀ-93 |
| 24 | | ਸੁਖਵੀਰ ਨਗਰ ਕਰਾਲਾ ਦਿੱਲੀ-81 | 105 | | ਸਬੋਲੀ ਬਾਗ ਪੁਆਇੰਟ ਨੰਦ ਨਗਰੀ ਦਿੱਲੀ-93 |
| 25 | | ਐਲ.ਓ.ਪੀ ਜੈਨ ਨਗਰ ਕਰਾਲਾ ਦਿੱਲੀ 81 | 106 | | ਹਰਸ ਵਿਹਾਰ ਦਿੱਲੀ-93 |
| 26 | ਵਜੀਰਾਬਾਦ ਜੀ.ਓ.ਸੀ | ਭਗਵਾਨ ਪਾਰਕ ਝੜੌਦਾ ਮਾਜਰਾ, ਬੁਰਾੜੀ, ਦਿੱਲੀ-84 (ਰਜਿ. ਨੰ: 33) | 107 | | ਹਰਸ ਵਿਹਾਰ ਐਕਸਟੈਨਸਨ. ਦਿੱਲੀ-93 |
| 27 | | ਹਰਦੇਵ ਨਗਰ, ਝੜੌਦਾ ਮਾਜਵਾ, ਬੁਰਾੜੀ (ਰਜਿ. ਨੰ.,70 ਏ) | 108 | | ਮੰਡੋਲੀ ਐਕਸਟਨ.ਹਰੀਜਨ ਬਸਤੀ ਦਿੱਲੀ 93 |
| 28 | | ਹਰਦੇਵ ਨਗਰ, ਝੜੌਦਾ ਮਾਜਰਾ, ਬੁਰਾੜੀ (ਰਜਿ. ਨੰ., 70 ਬੀ) | 109 | | ਬੁੱਧ ਵਿਹਾਰ, ਹਰੀਜਨ ਬਸਤੀ ਮੰਡਾਵਲੀ ਦਿੱਲੀ 93 |
| 29 | | ਸੰਗਮ ਵਿਹਾਰ ਵਜੀਰਾਬਾਦ, ਦਿੱਲੀ (ਰਜਿ. ਨੰ. 340) | 110 | ਰਣਹੋਲਾ ਜੀ.ਓ.ਸੀ | ਆਨੰਦ. ਵਿਲਾਰ, ਨੇੜੇ ਈਂਗਲੀ ਸਕਰਾਵਤੀ, ਨਜਫਗੜ੍ਹ |
| 30 | | ਝੜੌਦਾ ਐਕਸਟੈਨ, -1, ਮਾਜਰਾ ਬੁਰਾੜੀ (ਰਜਿ. ਨੰ. 388) | 111 | | ਰਾਣਾ ਜੀ ਐਨਕਲੇਵ, ਨਜਫਗੜ੍ਹ, ਨਵੀਂ ਦਿੱਲੀ |
| 31 | | ਝੜੋਡਾ ਐਕਸਟੈਨ,-, ਪਾਰਟ ਕਰਾਸ ਰੋਡ, ਬੁਰਾੜੀ, ਦਿੱਲੀ 84 (ਰਜਿ. ਨੰ. 471) | 112 | | ਨੰਗਲੀ ਯਿਲਹਾਰ ਐਕਸਟੈਨ, ਭਾਗ-1, ਨਜਫਗੜ੍ਹ, ਦਿੱਲੀ-43 |
| 32 | | ਝੜੌਦਾ ਭਾਗ-3, ਸੁੰਦਰ ਕਲੋਨੀ ਬੁਰਾਜ, ਦਿੱਲੀ 84 (ਰਜਿ. ਨੰ. 508) | 113 | | ਨੰਗਲੀ ਯੀਬਰ ਐਕਸਟ. -44, ਮੂਰਤੀ ਭਵਨ, ਨਜਫਗੜ੍ਹ, ਨਵੀਂ ਦਿੱਲੀ-43 |
| 33 | | ਜਗਤਪੁਰ ਵਿਲੇਜ, ਜਗਤਪੁਰ (ਵਿਸਤ੍ਰਿਤ ਪੁਰਾਨੀ ਅਬਾਦੀ) ਦਿੱਲੀ-84 (ਰਜਿ. ਨੰ. 568) | 114 | | ਅਰਜੁਨ ਪਾਰਕ ਕਲੋਨੀ ਨੇੜੇ ਨੰਗਲੀ ਡੇਅਰੀ ਨਜਫਗੜ੍ਹ ਰੋਡ, ਨਵੀਂ ਦਿੱਲੀ |
| 34 | | ਹਰੀਜਨ ਬਸਤੀ ਝੜੌਦਾ, ਮਾਜਰਾ, ਦਿੱਲੀ-84 (ਰਜਿ. ਨੰ. 622) | 115 | | ਨੰਗਲੀ ਡੇਅਰੀ ਨੇੜੇ ਨੰਗਲੀ ਯੀਬਰ ਕਲੋਨੀ ਨਜਫਗੜ੍ਹ ਨਵੀਂ ਦਿੱਲੀ-43 |
| 35 | | ਮਿਲਨ ਯਿਹਾਰ ਨਿਕਟ ਜਗਤ ਪੁਰ ਬੰਧ ਸੰਤ ਨਗਰ (ਬੁਰਾਰੀ) ਦਿੱਲੀ-84 (ਰਜਿ. 0, 771) | 116 | | ਨਿਰੰਜਨ ਪਾਰਕ ਨਜਫਗੜ੍ਹ ਰੋਡ, ਨੰਗਲੀ ਡੇਅਰੀ |
| 36 | | ਦੀਪਾਂਸੂ ਕਾਲੋਨੀ ਸੰਤ ਨਗਰ ਬੁਰੈਟ0, ਡੇਲਬੀ (ਬੇਗ ਨੰ. 977) | 117 | | ਗੋਲਡਨ ਐਨਕਲੇਵ ਬੀ ਬਲਾਕ ਨੰਗਿਲ ਸਕਰਾਵਤੀ, ਦਿੱਲੀ |
| 37 | | ਜਗਤ ਪੁਰ ਮੋਰ, ਬਾਵਾੜੀ, ਦਿੱਲੀ-84 (ਰਜਿ. ਨੰ. 1101 ਅ) | 118 | | ਰਾਣਾਜੀ ਐਨਕਲੇਵ ਨੇੜੇ ਸਾਈਂ ਮੰਦਰ ਨਜਫਗੜ੍ਹ, ਦਿੱਲੀ |
| 38 | ਬਾਟਲਾ ਹਾਊਸ ਫੇਜ-। | ਨੂਰ ਨਗਰ ਐਕਸਟੈਨ., ਜਾਮੀਆ ਨਗਰ (ਰਜਿ. ਨੰ. 3) | 119 | | ਪ੍ਰੇਮ ਵਿਹਾਰ, ਕਲੋਨੀ, ਨੰਗਲੀ ਡੇਅਰੀ, ਨਜਫਗੜ੍ਹ, ਨਵੀਂ ਦਿੱਲੀ |
| 39 | | ਪੁਰਾਣਾ ਪਿੰਡ ਜਸੋਲਾ ਐਕਸਟੈਂਸਨ, ਦਿੱਲੀ-44 (ਰਜਿ. ਨੰ. 28) | 120 | | ਅਰਜੁਨ ਪਾਰਕ ਨਜਫਗੜ੍ਹ ਰੋਡ, ਨਵੀਂ ਦਿੱਲੀ |
| 40 | | ਓਖਲਾ ਵਿਹਾਰ, ਜਾਮੀਆ ਨਗਰ, ਨਵੀਂ ਦਿੱਲੀ-25 (ਰਜਿ. ਨੰ: 155) | 121 | | ਜੇਮਿਨੀ ਪਾਰਕ, ਨੰਗਲੀ ਸਕਰਾਵਤੀ ਮੋਰ, ਨਜਫਗੜ੍ਹ, ਦਿੱਲੀ-43 |
| 41 | | ਗਫਾਰ ਮੰਜ਼ਿਲ, ਐਕਸਟੈਨ,-, ਜਾਮੀਆ ਨਗਰ, ਕਿਕਬਲਾ, ਨਿਊ ਦਿੱਲੀ (ਰਜਿ. ਨੰ: 265) | 122 | | ਜੇਮਿਨੀ ਪਾਰਕ, ਨੰਗਲੀ ਸਕਰਾਵਤੀ ਮੋਰ, ਨਜਫਗਾਹ, ਦਿੱਲੀ-43 |
| 42 | | ਨੂਰ ਨਗਰ ਐਕਸਟੈਨਸਨ, ਪੀਐਚ-1, ਜਾਮੀਆ ਨਗਰ, ਓਖਲਾ, ਦਿੱਲੀ (ਰਜਿ. ਨੰ: 479) | 123 | | ਰਣਜ/ਇਨਕਲੇਵ ਨਜਫਗੜ, ਨੰਗਲੀ, ਸਕਰਾਵਤੀ, ਦਿੱਲੀ |
| 43 | | ਗੱਫਾਰ ਮੰਜ਼ਿਲ ਐਕਸਟੈਂਸਨ, ਜਾਮੀਆ ਨਗਰ, ਕਖਲਾ, ਦਿੱਲੀ (ਰਜਿ. ਨੰ. 713) | 124 | | ਜੈ ਯਿਹਾਰ ਫੇਜ-1, ਡਿਚਾਸ ਪਿੰਡ, ਨਜਫਗੜ੍ਹ, ਦਿੱਲੀ-49 |
| 44 | | ਪੁਰਾਣਾ ਜਸੋਲਾ ਪਿੰਡ ਬਦਰਪੁਰ .-25 (ਰਜਿ. ਨੰ. 910) | 125 | | ਸਾਈਂ ਧਾਮ, ਨੌਂਗਲੀ ਸਕਰਾਵਤੀ, ਨਜਫਗੜ੍ਹ ਨਿਊ ਦਿੱਲੀ - 43 |
| 45 | | ਜੋਗਾਬਾਈ ਜਾਕਿਰ ਨਗਰ (ਓਖਲਾ) ਨਵੀਂ ਦਿੱਲੀ-25 (ਰਜਿ. ਨੰ: 974) | 126 | | ਰਣਬੌਲਾ ਵਿਬਰ, ਨੰਗਲੋਜ, ਨਵੀਂ ਦਿੱਲੀ-41 |
| 45 | | ਜੋਗਾਬਾਈ ਜਾਕਿਰ ਨਗਰ () ਨਵੀਂ ਦਿੱਲੀ-25 (ਰਜਿ. ਨੰ: 974) | 127 | | ਪ੍ਰਸ਼ਾਂਤ ਐਨਕਲੇਵ ਨੇੜੇ ਬਪਰੋਲ ਪਿੰਡ, ਨੰਗਲੋਈ, ਨਜਫਗੜ੍ਹ ਰੋਡ, ਦਿੱਲੀ-43 |
| 47 | | ਮਹਿਬੂਬ ਨਗਰ ਜਾਕਿਰ, ਨਗਰ ਨਵੀਂ ਦਿੱਲੀ-25 (ਰਜਿ: ਨੰ: 1214) | 128 | | ਗ੍ਰਾਮ ਬਪਰੋਲਾ ਨਜਫਗੜ੍ਹ ਨਵੀਂ ਦਿੱਲੀ 43 |
| 48 | | ਜਸੋਲਾ ਪਿੰਡ ਦਿੱਲੀ-25 (ਰਜਿ. ਨੰ: 1381) | 129 | | ਕੋਟਲਾ ਵਿਹਾਰ ਪੀਐਚ-2, ਤਿਲੰਗਪੁਰ |
| 49 | | ਜਾਕਿਰ ਨਗਰ ਪੱਛਮੀ ਜਾਮੀਆ ਓਖਲਾ ਨਗਰ, ਨਿਊ ਦਿੱਲੀ-25 (ਰਜਿ. ਨੰ. 1527) | 130 | | ਬਾਪਰੋਲਾ ਐਕਸਟੈਨ., ਬਾਪਰੋਲਾ ਪਿੰਡ, ਦਿੱਲੀ-43 |
| 50 | | ਜਾਕਿਰ ਨਗਰ, ਗਲੀ ਨੰ.6 ਤੋਂ 21-ਏ (ਰਜਿ. ਨੰ: 1601) | 131 | | ਕੋਟਲਾ ਜਿਲਰ ਪੀਐਚ-2, (ਵਿਦਿਆਪਤੀ ਨਗਰ), ਨੰਗਲੋਈ, ਦਿੱਲੀ |
| 51 | ਮੈਦਾਨਗੜ੍ਹੀ ਜੀ.ਓ.ਸੀ | ਆਦੁਲਜਬ ਐਕਸਟੈਨ, ਮਹਿਰੌਲੀ, ਨਵੀਂ ਦਿੱਲੀ-68 (ਰਜਿ. ਨੰ: 126) | 132 | | ਚੰਚਲ ਪਾਰਕ ਭਾਗ ਪਹਿਲਾ ਅਤੇ ਦੂਜਾ ਨਾਂਗਲੋਈ ਦਿੱਲੀ -41 |
| 52 | | ਫਰੀਡਮ ਫਾਈਟਰਸ ਐਨਕਲੇਵ, ਇਗਨੂ ਰੋਡ, ਨੇਬ ਸਰਾਏ, ਨਵੀਂ ਦਿੱਲੀ-68 (ਰਜਿ. ਨੰ: 143) | 133 | | ਕੋਟਲਾ ਵਿਹਾਰ ਪੀਐਚ-1 ਨੰਗਲੋਈ ਨਜਫਗੜ੍ਹ ਰੋਡ ਦਿੱਲੀ43 |
| 53 | | ਡਾਂਗ ਕੰਪਲੈਕਸ, ਇਗਨੂ ਰੋਡ, ਸੈਦੁਲਜਾਬ ਐਕਸਟੈਨ, ਨਵੀਂ ਦਿੱਲੀ-30 (ਰਜਿ. ਨੰ. 154) | 134 | | ਜੈ ਵਿਹਾਰ ਐਕਸ. ਬਪਰੋਲਾ ਪਿੰਡ. ਦਿੱਲੀ |
| 54 | | ਫਰੀਡਮ ਫਾਈਟਰਜ ਕਲੋਨੀ, ਨੇਬ ਸਰਾਏ (ਰਜਿ. ਨੰ. 165) | 135 | | ਘਾਸੀਪੁਰਾ ਐਕਸ. ਕੋਲੋਏ, ਕਲੋਨੀ ਨੌਂਗਲੀ ਡੇਅਰੀ ਨਾਜਫਗੜ੍ਹ, ਦਿੱਲੀ |
| 55 | | ਸੁਤੰਤਰਤਾ ਸੈਨਾਨੀ ਯੀਬਰ, ਨੇਬਸਰਾਏ, ਨਵੀਂ ਦਿੱਲੀ (ਰਜਿ: ਨੰ: 294) | 136 | | ਆਕਾਸ਼ ਵਿਹਾਰ ਰਣਬੋਲਾ ਨੰਾਗਲੋਈ ਨਜਫਗਕਸ ਰੋਡ ਦਿੱਲੀ-41 |
| 56 | | ਇੰਦਰਾ ਐਨਕਲੇਵ, ਨੇਬ ਸਰਾਏ (ਰਜਿ. ਨੰ: 330) | 137 | | ਬਰਬਮ ਪੁਰੀ ਕਲਾਈ ਨੰਗਲੋਈ ਨਜਫਗਰਬ ਰੋਡ, ਸੈਫੀਪੁਰ ਰਣਹੋਲਾ, ਦਿੱਲੀ |
| 57 | | ਫਰੀਡਮ ਫਾਈਟਰ ਐਨਕਲੇਵ, ਨੇਵ ਸਰਾਏ, ਦਿੱਲੀ-68 (ਰਜਿ: ਨੰ: 459) | 138 | | ਨਾਥਨ ਵਿਹਾਰ, ਪਿੰਡ ਰਣਹੋਲਾ, ਨਵੀਂ ਦਿੱਲੀ-41 |
| 58 | | ਖੀਰੀ ਐਕਸਟੈਨ. ਕਾਲੋਨੀ ਕਰਿਅੱਪਾ ਮਾਰਗ, ਐੱਮ.ਬੀ. ਸੜਕ, ਨਵੀਂ ਦਿੱਲੀ-62 (ਰਜਿ. ਨੰ. 738) | 139 | | ਮੀਰਾ ਐਨਕਲੇਵ, ਰਣਹੋਲਾ ਪਿੰਡ, ਨਿਊ ਦਿੱਲੀ-41 |
| 59 | | ਨੇਬ ਸਰਾਏ ਐਕਸਟੈਨ.ਏਰੀਆ ਦਿੱਲੀ-68 (ਰਜਿ. ਨੰ. 978) | 140 | | ਮੀਰਾ ਐਨਕਲੇਵ, ਰਨਹੋਲਾ ਪਿੰਡ, ਨਵੀਂ ਦਿੱਲੀ-41 |
| 60 | | ਫਰੀਡਮ ਫਾਈਟਰਸ ਇਨਕਲੇਵ ਨੇਬ ਸਰਾਏ ਦਿੱਲੀ-68 (ਰਜਿ. ਨੰ: 1031) | 141 | | ਆਕਾਸ਼ ਵਿਹਾਰ, ਬਪਰੋਲਾ, ਚੰਚਲ ਪਾਰਕ, ਬੱਕਰਵਾਲਾ ਮੋਰ, ਨਵੀਂ ਦਿੱਲੀ-43 |
| 61 | | ਸੈਦੁਲਜਾਬ ਐਕਸਟੈਨਸਨ ਪਰਿਆਵਰਨ ਕੰਪਲੈਕਸ ਦਿੱਲੀ- 30 (ਰਜਿ. ਨੰ: 1054) | 142 | | ਰਾਣਾ ਜੀ ਐਨਕਲੇਵ, ਬਲਾਕ-1ਏ, ਮੇਨ ਨਜਫਗੜ੍ਹ ਰੋਡ, ਨਜਫਗੜ੍ਹ, ਦਿੱਲੀ-43 |
| 62 | | ਨੇਬ ਸਰਾਏ ਹਰੀਜਨ ਕਾਲੋਨੀ ਦਿੱਲੀ-68 (ਰਜਿ. ਨੰ. 1067) | 143 | | ਚੰਚਲ ਪਾਰਕ, ਮੇਨ ਨੰਗਲੋਈ, ਨਜਫਗੜ੍ਹ ਰੋਡ, ਦਿੱਲੀ |
| 63 | | ਨੇਬ ਵੈਲੀ ਇਗਨੂ ਰੋਡ, ਨੇਬ ਸਰਾਏ, ਦਿੱਲੀ-68 (ਰਜਿ: ਨੰ: 1119) | 144 | | ਲਕਸ਼ਮੀ ਪਾਰਕ ਰਣਹੋਲਾ ਐਕਸਟੈਨ, ਫੇਜ-1 ਨੰਾਗਲੋਈ, ਦਿੱਲੀ 41 |
| 64 | | ਫਰੀਡਮ ਫਾਈਟਰਸ ਇਨਕਲੇਵ ਨੇਬ ਸਰਾਏ ਦਿੱਲੀ-68 (ਰਜਿ. ਨੰ. 1120) | 145 | | ਲਕਸਮੀ ਪਾਰਕ ਰਣਬੋਲਾ ਐਕਸਟੈਨ, ਫੇਜ-1 , ਨੰਾਗਲੋਈ, ਦਿੱਲੀ 41 |
| 65 | | ਨੇਬ ਸਰਾਏ ਐਕਸਟੈਨ, ਪੀਐਚ-2 ਇਗਨੂ ਰੋਡ ਦਿੱਲੀ (ਰਜਿ. ਨੰ: 1244) | 146 | | ਪਰਧਾਨ ਐਨਕਲੇਵ ਬਾਪਰੋਲਾ ਵਿਹਾਰ ਹਸਤਸਲ, ਦਿੱਲੀ |
| 66 | | ਨੇਬ ਸਰਾਏ ਐਕਸਟੈਨ, ਪੀਐਚ, ਇਗਨੂ ਰੋਡ ਦਿੱਲੀ (ਰਜਿ. ਨੰ: 1244) | 147 | | ਲਕਸ਼ਮੀ ਪਾਰਕ ਰਣਹੌਲਾ ਐਕਸਟੈਨ, ਪੀਐਚ-1, ਨੰਾਗਲੋਈ, ਦਿੱਲੀ-41 |
| 67 | | ਫਰੀਡਮ ਫਾਈਟਰਸ ਐਨਕਲੇਵ, ਨੇਬ ਸਰਾਏ ਨੇੜੇ, ਮਹਿਰੌਲੀ, ਦਿੱਲੀ-68 (ਰਜਿ. ਨੰ: 1355) | 148 | ਵਿਕਾਸਪੁਰੀ ਜੀ.ਓ.ਸੀ | ਸ਼ਿਵਾ ਏਨਕੇਵ ਵਿਕਾਸ ਨਗਰ ਹਸਤਸਲ ਉੱਤਮ ਨਗਰ ਨਵੀਂ ਦਿੱਲੀ-59 |
| 68 | | ਫਰੀਡਮ ਫਾਈਟਰਸ ਐਨਕਲੇਵ, ਨੇਬ ਸਰਾਏ ਨੇੜੇ, ਮਹਿਰੌਲੀ, ਦਿੱਲੀ-68 (ਰਜਿ. ਨੰ: 1355) | 149 | | ਵਿਕਾਸ ਨਗਰ, ਐਕਸਟੈਨ. (ਪਾਕੇਟ ਪੀ) ਗੁਰੂਦੁਆਰਾ ਰੋਡ, ਹਸਤਸਲ ਉੱਤਮ ਨਗਰ, ਨਵੀਂ ਦਿੱਲੀ |
| 69 | | ਫਰੀਡਮ ਫਾਈਟਰਸ ਐਨਕਲੇਵ ਦਿੱਲੀ-68 (ਰਜਿ. ਨੰ.1389) | 150 | | ਪ੍ਰੈਸ ਐਨਕਲੇਵ, ਵਿਕਾਸ ਨਗਰ, ਨਵੀਂ ਦਿੱਲੀ-59 |
| 70 | | ਸੈਦੁਲਜੈਬ ਐਕਸਟੈਂਸ਼ਨ, ਜੇ ਬਲੱਾਕ, ਪਰਯਾਵਰਣ ਕੰਪਲੈਕ, ਦਿੱਲੀ-30 (ਰਜਿ. ਨੰ. 1415) | 151 | | ਵਿਕਾਸ ਨਗਰ, ਏ-ਬਲਾਕ ਐਕਸਟੈਨਸਨ, ਹਸਤਸਲ, ਦਿੱਲੀ |
| 71 | | ਸੈਦੁਲਜੈਬ ਐਕਸਟੈਂਸ਼ਨ, ਕੋਹਿਨੂਰ ਐਨਕਲੇਵ, ਔਪੋ. ਐਮ.ਬੀ.ਰੋਡ, ਸੀ.ਆਈ.ਐਸ.ਐਫ ਕੰਪਲੈਕਸ (ਰਜਿ. ਨੰ. 1446) | 152 | | ਵਿਕਾਸ ਐਨਕਲੇਵ, ਵਿਕਾਸ ਨਗਰ ਫੇਜ-3-ਬੀ, ਉੱਤਮ ਨਗਰ, ਦਿੱਲੀ-59 |
| 72 | | ਸੈਦੁਲਜੈਬ ਐਕਸਟੈਂਸਨ,, ਨਵੀਂ ਦਿੱਲੀ-30 (ਰਜਿ. ਨੰ. 1513) | 153 | | ਵਿਕਾਸ ਨਗਰ ਐਕਸ. ਬੀ ਐਂਡ ਸੀ ਬਲਾਕ ਬਾਬਾ ਸਯਦ ਮਾਰਗ ਹਸਤਸਲ ਪਿੰਡ, ਦਿੱਲੀ |
| 73 | | ਸੈਦੁਲਜੈਬ ਐਕਸਟੈਂਸਨ,, ਨਵੀਂ ਦਿੱਲੀ- 30 (ਰਜਿ. ਨੰ. 1513) | 154 | | ਰਨਹੋਲਾ ਰੋਡ ਵਿਕਾਸ ਨਗਰ, ਆਰ-ਬਲਾਕ -,ਫੇਜ-॥ ਹਸਤਸਲ ਪਿੰਡ, ਦਿੱਲੀ-59 |
| 74 | | ਐਫ.ਐਫ. ਸੀ.ਸੀ. ਕਲੋਨੀ, ਨੇਬ ਸਰਾਏ, ਨਵੀਂ ਦਿੱਲੀ (ਰਜਿ. ਨੰ. 1587) | 155 | | ਵਿਕਾਸ ਨਗਰ ਫੇਜ-॥ ਫੇਜ-॥। ਐਕਸ. ਉੱਤਮ ਨਗਰ, ਦਿੱਲੀ |
| 75 | | ਨੇਬ ਸਰਾਏ ਨਵੀਂ ਦਿੱਲੀ 68 (ਰਜਿ. ਨੰ. 108-(ਈਏਲਡੀ)) | 156 | | ਵਿਕਾਸ ਨਗਰ ਫੇਜ-॥ ਫੇਜ-॥। ਐਕਸ. ਉੱਤਮ ਨਗਰ, ਦਿੱਲੀ |
| 76 | | ਸੈਦੁਲਜੈਬ ਵਿਲੇਜ ਰੈਜੀਡੈਂਸ ਵੈਲਫੇਅਰ ਐਸੋਸੀਏਸਨ ਨਵੀਂ ਦਿੱਲੀ (ਰਜਿ. ਨੰ. 114-(ਈਏਲਡੀ)) | 157 | | ਵਿਕਾਸ ਨਗਰ ਫੇਜ-॥ ਫੇਜ-॥। ਐਕਸ. ਉੱਤਮ ਨਗਰ, ਦਿੱਲੀ |
| 77 | | ਨੇਬ ਸਰਾਏ ਐਕਸਟੈਂਸਨ ਖੇਤਰ ਨਵੀਂ ਦਿੱਲੀ 68 (ਰਜਿ. ਨੰ. 31 (ਏਲਔਪੀ) | 158 | | ਸ਼ਿਵਵ ਐਨਕਲੇਵ ਏਫ ਅਤੇ ਜੀ ਬਲਾਕ ਗ੍ਰੀਨ ਐਵੇਨਿਊ ਭੀਸਮ ਐਨਕਲੇਵ ਸ਼ਿਵ ਵਿਹਾਰ ਦਿੱਲੀ-59 |
| 78 | | ਆਜਾਦੀ ਘੁਲਾਟੀਏ ਸਮਾਜ ਵਿਕਾਸ ਅਤੇ ਵੈਲਫੇਅਰ ਐਸੋਸੀਏਸ਼ਨ, ਨੇਬ ਸਰਾਏ ਨਵੀਂ ਦਿੱਲੀ 68 (ਰਜਿ. ਨੰ. 44-(ਏਲਔਪੀ) | 159 | | ਵਿਕਾਸ ਨਗਰ. ਮਾਰਬਲ ਬਲਾਕ ਰਾਜ ਹੰਸ ਵਿਹਾਰ, ਵਿਕਾਸ ਵਿਹਾਰ, ਉੱਤਮ ਨਗਰ |
| 79 | ਮਹਿਰੌਲੀ ਜੀਓਸੀ | ਡਾ. ਅੰਬੇਡਕਰ ਕਲੋਨੀ, ਛਤਰਪੁਰ (ਰਜਿ. ਨੰ. 180) | 160 | | ਵਿਕਾਸ ਨਗਰ. ਮਾਰਬਲ ਬਲਾਕ ਰਾਜ ਹੰਸ ਵਿਹਾਰ, ਵਿਕਾਸ ਵਿਹਾਰ, ਉੱਤਮ ਨਗਰ |
| 80 | ਮਹਿਰੌਲੀ ਜੀਓਸੀ | ਡਾ. ਅੰਬੇਡਕਰ ਕਲੋਨੀ, ਅੰਡੇਬੇਰੀਆ ਮੋੜ, ਛਤਰਪੁਰ (ਰਜਿ. ਨੰ. 211) | 161 | | ਵਿਕਾਸ ਨਗਰ, ਪੀਐਚ-4, ਦੀਪ ਵਿਹਾਰ, ਹਸਤਸਲ, ਪਿੰਡ ਉੱਤਮ ਨਗਰ, ਐਨ.ਡੀ. |
| 81 | ਮਹਿਰੌਲੀ ਜੀਓਸੀ | ਇਸਲਾਮ ਕਲੋਨੀ ਮਹਿਰੌਲੀ (ਰਜਿ. ਨੰ. 456) | 162 | | ਸ਼ਿਵ ਵਿਹਾਰ (ਵਿਕਾਸ ਨਗਰ ਨੇੜੇ), ਨਵੀਂ ਦਿੱਲੀ-59 |

# ਮਾਂ ਬੋਲੀ ਦਾ ਸੱਚਾ ਸਾਧਕ ਮਹਿੰਦਰ ਬੇਦੀ

• ਹਰਮੇਲ ਪਰੀਤ

ਫ਼ਰੀਦਕੋਟ ਜ਼ਿਲ੍ਹੇ ਦੀ ਇਤਿਹਾਸਕ ਨਗਰੀ ਜੈਤੋ ਦੇ ਇਤਿਹਾਸ ਦੇ ਨਾਲ-ਨਾਲ ਪੰਜਾਬੀ ਅਦਬ ਦੇ ਖੇਤਰ ਵਿਚ ਵੀ ਵੱਡਾ ਸਥਾਨ ਹੈ। ਇਸ ਧਰਤੀ ਤੋਂ ਗੁਰਦਿਆਲ ਸਿੰਘ ਨੇ ਪੰਜਾਬੀ ਨਾਵਲ ਵਿਚ ਸਿਖ਼ਰ ਛੋਹੀ, ਦੀਪਕ ਜੈਤੋਈ ਨੇ ਪੰਜਾਬੀ ਗ਼ਜ਼ਲ ਦਾ ਬਾਬਾ ਬੋਹੜ ਹੋਣ ਦਾ ਮਾਣ ਹਾਸਿਲ ਕੀਤਾ, ਪ੍ਰੋ. ਪਾਲੀ ਭੁਪਿੰਦਰ ਸਿੰਘ ਨੇ ਰੰਗ ਮੰਚ ਵਿਚ ਇਸ ਧਰਤੀ ਦੀ ਭਰਪੂਰ ਤੇ ਮਾਨਯੋਗ ਹਾਜ਼ਰੀ ਲੁਆਈ ਹੈ। ਇੱਥੋਂ ਹੀ ਅਨੁਵਾਦ ਦੇ ਖੇਤਰ ਵਿਚ ਇਕ ਨਾਂਅ ਪੰਜਾਬੀ ਅਦਬ ਦੇ ਪਾਠਕਾਂ ਲਈ ਓਪਰਾ ਨਹੀਂ। ਅਦਬ ਦੀ ਚੇਟਕ ਮਹਿੰਦਰ ਬੇਦੀ ਨੂੰ ਆਪਣੇ ਪਿਤਾ ਯਸ਼ਪਾਲ ਬੇਦੀ ਤੋਂ ਲੱਗੀ ਤੇ ਇਸੇ ਲਗਨ ਨੇ ਉਸ ਨੂੰ ਇਕ ਸਮੇਂ ਗੁਰਦਿਆਲ ਸਿੰਘ ਦੇ ਵੀ ਬੇਹੱਦ ਕਰੀਬ ਲੈ ਆਂਦਾ ਸੀ। ਪਿਤਾ ਵੱਲੋਂ ਲਿਆਂਦੇ ਹਿੰਦੀ, ਅੰਗਰੇਜ਼ੀ ਤੇ ਉਰਦੂ ਦੇ ਨਾਵਲਾਂ, ਕਹਾਣੀਆਂ ਨੂੰ ਪੜ੍ਹਦਿਆਂ-ਪੜ੍ਹਦਿਆਂ ਮਹਿੰਦਰ ਬੇਦੀ ਨੇ ਇਨ੍ਹਾਂ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਬਾਰੇ ਸੋਚਣਾ ਸ਼ੁਰੂ ਕੀਤਾ। ਓਦੋਂ ਸ਼ਾਇਦ ਉਸ ਨੇ ਇਹ ਮਹਿਜ਼ ਸ਼ੁਗਲ ਵਜੋਂ ਜਾਂ ਅਖ਼ਬਾਰ ਵਿਚ ਆਪਣਾ ਨਾਂ ਛਪਿਆ ਵੇਖਣ ਲਈ ਕੀਤਾ ਹੋਵੇ ਪਰ ਉਸੇ ਸ਼ੌਕ ਦੀ ਬਦੌਲਤ ਮਹਿੰਦਰ ਬੇਦੀ ਦਾ ਅੱਜ ਪੰਜਾਬੀ ਵਿਚ ਅਨੁਵਾਦ ਕਰਨ ਵਾਲਿਆਂ ਕੁਝ ਨਾਵਾਂ ਵਿਚ ਲਿਆ ਜਾਂਦਾ ਹੈ।

ਸਾਲ 1976 ਤੋਂ ਉਹ ਆਪਣੀ ਧੁਨ ਵਿਚ ਮਸਤ ਹੋਇਆ ਹੋਰਨਾਂ ਬੋਲੀਆਂ ਦੇ ਉੱਤਮ ਸਾਹਿਤ ਦਾ ਅਨੁਵਾਦ ਕਰ ਕੇ ਪੰਜਾਬੀ ਪਾਠਕਾਂ ਤਕ ਪੁੱਜਦਾ ਕਰ ਰਿਹਾ ਹੈ। ਮਹਿੰਦਰ ਬੇਦੀ ਦੀਆਂ ਅਨੁਵਾਦ ਕੀਤੀਆਂ ਰਚਨਾਵਾਂ ਪੰਜਾਬੀ ਦੇ ਸਭ ਅਖ਼ਬਾਰਾਂ/ਰਸਾਲਿਆਂ ਵਿਚ ਛਪ ਚੁੱਕੀਆਂ ਹਨ। ਪਿਛਲੇ ਚਾਰ ਦਹਾਕਿਆਂ ਵਿਚ ਉਸ ਨੇ ਅਨੁਵਾਦ ਦੀਆਂ ਕਈ 'ਛੁੱਟੀਆਂ' ਲਾਈਆਂ ਹਨ। ਮਸਲਨ 1976 ਤੋਂ 1979 ਤਕ ਦੇ ਅਰਸੇ ਦੌਰਾਨ ਉਸ ਨੇ ਰਾਮਪਾਲ ਦੀਆਂ ਉਰਦੂ ਕਹਾਣੀਆਂ ਦੀਆਂ ਪੁਸਤਕਾਂ ਅਨੁਵਾਦ ਕੀਤੀਆਂ। ਫਿਰ ਉਹ ਪੰਜ ਵਰ੍ਹੇ ਦਾ ਵਕਫ਼ਾ ਲੈਂਦਾ ਹੈ ਅਤੇ 1984 ਤੋਂ 1990 ਤਕ ਫੇਰ ਅਨੁਵਾਦ ਵਿਚ ਜੁੱਟ ਜਾਂਦਾ ਹੈ। ਇਨ੍ਹਾਂ ਛੇ ਸਾਲਾਂ ਵਿਚ ਟੁੱਟਵੀਆਂ ਕਹਾਣੀਆਂ ਤੋਂ ਇਲਾਵਾ ਇਸਮਤ ਚੁਗਤਾਈ ਦਾ ਨਾਵਲਿਟ 'ਜੰਗਲੀ ਕਬੂਤਰ', ਹੰਸ ਰਾਜ ਰਹਿਬਰ ਦਾ ਇਤਿਹਾਸਕ ਨਾਵਲ 'ਬੋਲੇ ਸੋ ਨਿਹਾਲ' ਅਤੇ ਰਾਬਿਨ ਸ਼ਾਹ ਪੁਸ਼ਪ ਦਾ ਨਾਵਲ 'ਜਾਗਦੀਆਂ ਅੱਖਾਂ ਦਾ ਸੁਪਨਾ' ਅਨੁਵਾਦ ਕੀਤਾ, ਜੋ ਇਕ ਪੰਜਾਬੀ ਅਖ਼ਬਾਰ ਵਿਚ ਲੜੀਵਾਰ ਛਪੇ ਤੇ ਮਹਿੰਦਰ ਬੇਦੀ ਅਨੁਵਾਦ ਦੇ ਖੇਤਰ ਦਾ ਸਥਾਪਿਤ ਨਾਂਅ ਬਣ ਗਿਆ। ਘਰੇਲੂ ਰੁਝੇਵੇਂ ਫਿਰ ਘੇਰਦੇ ਹਨ ਤਾਂ ਉਹ ਲੰਮਾ ਸਮਾਂ ਇਨ੍ਹਾਂ ਘਰੇਲੂ ਜ਼ਿੰਮੇਵਾਰੀਆਂ ਦੇ ਅੰਗ-ਸੰਗ ਗੁਜ਼ਾਰਦਾ ਹੈ। ਕਰੀਬ ਸੋਲ੍ਹਾਂ ਸਾਲ ਬਾਅਦ 2007 'ਚ ਉਸ ਨੇ ਫਿਰ ਕਲਮ ਚੁੱਕ ਲਈ ਤੇ ਆਪਣੇ ਮਿਸ਼ਨ ਵਿਚ ਲੱਗ ਗਿਆ।

ਇਸ ਤੀਜੀ 'ਛੁੱਟੀ' ਵਿਚ ਮਹਿੰਦਰ ਬੇਦੀ ਨੇ ਤੇਜ਼ੀ ਨਾਲ ਪੂਰਾ ਨਿੱਠ ਕੇ ਕੰਮ ਕੀਤਾ ਤੇ ਜੋ ਨਿਰੰਤਰ ਜਾਰੀ ਹੈ। ਕੁਲ ਮਿਲਾਕੇ ਮਹਿੰਦਰ ਬੇਦੀ ਦੀਆਂ ਹੁਣ ਤਕ 27 ਕਿਤਾਬਾਂ ਛਪ ਚੁੱਕੀਆਂ ਹਨ। ਦੋ ਹੋਰ ਕਿਤਾਬਾਂ ਛਪਾਈ ਅਧੀਨ ਹਨ। ਇਸ ਤੋਂ ਇਲਾਵਾ ਉਸ ਨੇ ਡੇਢ ਸੌ ਤੋਂ ਵੱਧ ਕਹਾਣੀਆਂ ਅਨੁਵਾਦ ਕੀਤੀਆਂ ਹਨ ਜੋ ਵੱਖ ਵੱਖ ਰਸਾਲਿਆਂ ਤੇ ਅਖ਼ਬਾਰਾਂ ਤੋਂ ਇਲਾਵਾ ਸੰਪਾਦਤ ਪੁਸਤਕਾਂ ਦੇ ਰੂਪ ਵਿਚ ਛਪ ਚੁੱਕੀਆਂ ਹਨ। ਇਨ੍ਹਾਂ ਵਿਚ ਇਸਮਤ ਚੁਗਤਾਈ, ਰਾਜਿੰਦਰ ਸਿੰਘ ਬੇਦੀ ਆਦਿ ਦੀਆਂ ਕਹਾਣੀਆਂ ਦੇ ਸੰਗ੍ਰਹਿ ਵੀ ਸ਼ਾਮਲ ਹਨ। ਮਹਿਦਰ ਬੇਦੀ ਹੁਣ ਕੁਲ-ਵਕਤੀ ਅਨੁਵਾਦਕ ਹੈ। ਉਸ ਕੋਲ ਆਪਣੇ ਇਸ ਸਫ਼ਰ ਨਾਲ ਜੁੜੇ ਅਨੇਕਾਂ ਚੰਗੇ-ਮਾੜੇ ਅਨੁਭਵਾਂ ਦਾ ਖ਼ਜ਼ਾਨਾ ਹੈ।



ਕਈ ਵੱਡੇ ਲੇਖਕਾਂ ਨਾਲ ਨਿੱਜੀ ਮੁਲਾਕਾਤਾਂ ਦੇ ਤਜੁਰਬੇ ਹਨ। ਇਨ੍ਹਾਂ ਵਿੱਚੋਂ ਇਕ ਦਾ ਜਿਕਰ ਕਰਦਿਆਂ ਉਹ ਦੱਸਦਾ ਹੈ ਕਿ 'ਭਾਸ਼ਾ ਵਿਭਾਗ ਲਈ ਅਨੁਵਾਦ ਕੀਤਾ ਇਕ ਕਹਾਣੀ ਸੰਗ੍ਰਹਿ 'ਨਵੀ ਧਰਤੀ ਪੁਰਾਣੇ ਗੀਤ' ਢਾਈ ਦਹਾਕਿਆਂ ਵਿਚ ਵੀ ਨਹੀਂ ਛਪਿਆ। ਇਹ ਕਹਾਣੀ ਸੰਗ੍ਰਹਿ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਉਰਦੂ ਸਾਹਿਤਕਾਰ ਵਜੋਂ ਸਨਮਾਨਿਤ ਕੀਤੇ ਗਏ ਕਹਾਣੀਕਾਰ ਰਾਮ ਲਾਲ ਦੀਆਂ ਕਹਾਣੀਆਂ ਦਾ ਸੀ। ਇਹ ਕਿਤਾਬ ਮੈਂ 1990 ਵਿਚ ਅਨੁਵਾਦ ਕਰ ਕੇ ਦਿੱਤੀ ਸੀ। ਸਾਲ ਕੁ ਪਹਿਲਾਂ ਭਾਸ਼ਾ ਵਿਭਾਗ ਤੋਂ ਇਸ ਕਿਤਾਬ ਦੀ ਹੋਣੀ ਬਾਰੇ ਜਾਣਨਾ ਚਾਹਿਆ ਤਾਂ ਕੋਈ ਸੰਤੁਸ਼ਟੀਜਨਕ ਜਵਾਬ ਨਹੀਂ ਮਿਲਿਆ।'

ਮਹਿੰਦਰ ਬੇਦੀ ਨੇ ਲਿਹਾਜ਼ ਪੂਰਨ ਜਾਂ ਕਿਸੇ ਵੱਡੇ ਨੂੰ ਖ਼ੁਸ਼ ਕਰਨ ਲਈ ਕੋਈ ਰਚਨਾ ਅਨੁਵਾਦ ਨਹੀਂ ਕੀਤੀ। ਅਨੁਵਾਦ ਲਈ ਰਚਨਾਵਾਂ ਦੀ ਚੋਣ ਉਹ ਬਹੁਤ ਹੀ ਸੰਜੀਦਗੀ ਨਾਲ ਕਰਦਾ ਹੈ। ਜੇਕਰ ਕਿਸੇ ਰਸਾਲੇ ਦਾ ਸੰਪਾਦਕ ਜਾਂ ਪ੍ਰਕਾਸ਼ਕ ਕੁਝ ਰਚਨਾਵਾਂ ਅਨੁਵਾਦ ਲਈ ਭੇਜੇ ਤਾਂ ਉਹ ਪਸੰਦ ਨਾ ਆਉਣ ਅਤੇ ਆਪਣੇ ਮਿਆਰ 'ਤੇ ਖ਼ਰੀ ਨਾ ਉਤਰਦੀ ਰਚਨਾ ਲਈ ਉਹ ਨਿਰਸੰਕੋਚ ਨਾਂਹ ਕਰ ਦਿੰਦੈ। ਨੇੜਿਓਂ ਦੇਖਿਆਂ ਮਹਿੰਦਰ ਬੇਦੀ ਦੋ ਟੁੱਕ ਗੱਲ ਕਰਨ ਵਾਲਾ ਬੰਦਾ ਹੈ, ਜੋ ਅਗਲੇ ਦੀਆਂ ਕਮੀਆਂ ਉਹ ਦੇ ਮੂੰਹ 'ਤੇ ਹੀ ਕਹਿ ਦਿੰਦਾ ਹੈ। ਅਗਲਾ ਗੁੱਸੇ ਹੋਵੇ ਜਾਂ ਖ਼ੁਸ਼। ਉਹ ਆਪਣੀਆਂ ਅਨੁਵਾਦਤ ਰਚਨਾਵਾਂ ਛਪਵਾਉਣ ਲਈ ਕਿਸੇ ਸੰਪਾਦਕ ਜਾਂ ਪ੍ਰਕਾਸ਼ਕ ਦੀਆਂ ਲੇਲ੍ਹੜੀਆਂ ਕੱਢਦਾ, ਚਾਪਲੂਸੀ ਕਰਦਾ, ਜਾਂ ਸ਼ਰਤਾਂ ਮੰਨਦਾ ਕਦੇ ਨਹੀਂ ਡਿੱਠਾ।

ਕਈ ਮਾਮਲਿਆਂ ਵਿਚ ਉਸ ਦਾ ਸਬਰ-ਸਿਦਕ ਕਾਬਲ-ਇ-ਦਾਦ ਹੈ। ਐਨਾ ਕੁਝ ਪੜ੍ਹਦਿਆਂ, ਅਨੁਵਾਦ ਕਰਦਿਆਂ ਉਸ ਨੇ ਅੱਜ ਤਕ ਕੁਝ ਵੀ ਮੌਲਿਕ ਨਹੀਂ ਲਿਖਿਆ। ਅੱਜ ਤਾਈਂ ਉਸ ਨੇ ਕੋਈ ਇਨਾਮ-ਸਨਮਾਨ ਲੈਣ ਲਈ ਜੋੜ-ਤੋੜ ਨਹੀਂ ਕੀਤਾ। ਕਦੇ-ਕਦੇ ਪੁੱਛਣ 'ਤੇ ਉਹ ਆਖਦੈ, 'ਆਪਾਂ ਆਪਣੀ ਤਸੱਲੀ ਤੇ ਖੁਸ਼ੀ ਲਈ ਕੰਮ ਕੀਤਾ ਹੈ।' ਮਹਿੰਦਰ ਬੇਦੀ ਦੀ ਅਨੁਵਾਦ ਸ਼ੈਲੀ ਬੇਹੱਦ ਪ੍ਰਭਾਵਸ਼ਾਲੀ ਹੈ। ਪਾਠਕ ਮੂਲ ਰਚਨਾ ਵਰਗਾ ਹੀ ਰਸ ਲੈਂਦਾ ਹੈ। ਇਹ ਉਸ ਦੀ ਨਿਰੰਤਰ ਸਾਹਿਤਾ ਵਿਚ ਕੀਤੀ ਸਾਧਨਾ ਦੀ ਦੇਣ ਹੈ। ਇਸ ਸਾਧਕ ਦੀ ਸਾਧਨਾ ਨਿਰੰਤਰ ਜਾਰੀ ਹੈ।

ਮੋਬਾਈਲ : 94173 33316

# ਹਮੇਸ਼ ਨਾ ਵੀਰਾਨ ਹੋਣੀ ਅੱਜ ਵਾਂਗ ਰਾਤ

ਪਹਿਲਾਂ-ਪਹਿਲ ਜੋਗੀਆਂ ਨਾਥਾਂ ਨੇ ਪੰਜਾਬੀ ਕਵਿਤਾ ਕਹੀ। ਫਿਰ ਭਗਤਾਂ ਨੇ ਕਵਿਤਾ ਰਾਹੀਂ ਰੱਬ ਦੇ ਦਰ ਤੇ ਜਾਣ, ਉੱਤਮ ਆਚਰਨ ਰੱਖਣ ਅਤੇ ਕੁਕਰਮਾਂ ਨੂੰ ਤਿਆਗਣ ਦਾ ਸੁਨੇਹਾ ਲਿਖਿਆ। ਗੁਰੂਆਂ ਨੇ ਮਨੁੱਖੀ ਹੱਕਾਂ ਅਧਿਕਾਰਾਂ ਦੀ ਗੱਲ ਕੀਤੀ ਅਤੇ ਇਲਾਹੀ ਬਾਣੀ ਰਚਕੇ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦੇ ਦੱਬੇ ਕੁਚਲੇ ਲੋਕਾਂ ਨੂੰ ਰਿਸ਼ਮਾਂ ਦਾ ਚਾਨਣ ਤੇ ਨਿੱਘ ਵੰਡਿਆ। ਸੂਫ਼ੀਆਂ ਨੇ ਕਾਫ਼ੀਆਂ 'ਚ ਨਾਸ਼ਵਾਨਤਾ ਦਾ ਅਹਿਸਾਸ ਪਰੋਸਿਆ। ਪੰਜਾਬੀ ਪ੍ਰੇਮ ਕਹਾਣੀਆਂ ਨੂੰ ਕਿੱਸਾਕਾਰਾਂ ਨੇ ਸ਼ਬਦਾਂ ਦੇ ਵਸਤਰ ਵੰਡੇ।



ਪ੍ਰਗੀਤ ਦਾ ਅੰਗਰੇਜ਼ੀ ਸ਼ਬਦ 'ਲਿਰਿਕ' ਵੀਣਾ ਵਰਗੇ ਇਕ ਯੂਨਾਨੀ ਸੰਗੀਤਕ ਸਾਜ਼ ਲਾਇਰ ਤੋਂ ਬਣਿਆ ਹੈ। ਲਿਰਿਕ ਦਾ ਸ਼ਾਬਦਿਕ ਅਰਥ ਹੈ 'ਲਾਇਰ' ਤੇ ਗਾਈ ਜਾਣ ਵਾਲੀ ਕਿਸੇ ਕਾਵਿ ਰਚਨਾ ਤੋਂ ਹੈ । ਪਰ ਸਮੇਂ ਨਾਲ ਲਿਰਿਕ ਦੇ ਸੰਕਲਪ ਵਿੱਚੋਂ ਸੰਗੀਤ ਘਟਦਾ ਗਿਆ ਤੇ ਕਾਵਿਕਤਾ ਜਮ੍ਹਾਂ ਹੁੰਦੀ ਗਈ। ਗੀਤ ਪ੍ਰਗੀਤ ਦਾ ਹੀ ਇਕ ਵਿਰਸਾ ਹੈ। ਬਹੁਤੀ ਵਾਰੀ ਗੀਤ ਨੂੰ ਪ੍ਰਗੀਤ ਦੇ ਅਰਥਾਂ ਵਿਚ ਹੀ ਲਿਆ ਜਾਂਦਾ ਹੈ। ਪਰ ਹੁਣ ਗੀਤ ਤੇ ਪ੍ਰਗੀਤ ਦੀ ਭਿੰਨਤਾ ਸੰਗੀਤਕਾਰ ਤੇ ਕਾਵਿਕਤਾ ਦੇ ਆਧਾਰ 'ਤੇ ਹੀ ਕੀਤੀ ਜਾਂਦੀ ਹੈ।

ਪੰਜਾਬੀ ਕਵਿਤਾ ਦਾ ਅਗਲਾ ਸਫ਼ਾ ਵੀਹਵੀਂ ਸਦੀ ਦੇ ਅੰਤ ਵਿਚ ਸ਼ੁਰੂ ਹੋਇਆ। ਬਹੁਤ ਸਾਰੇ ਪੰਜਾਬੀ ਕਵੀਆਂ ਨੇ ਪੰਜਾਬੀ ਕਵਿਤਾ ਨੂੰ ਲੋਕਾਂ 'ਚ ਪੇਸ਼ ਕੀਤਾ। ਸਮਾਜ ਦੇ ਵੱਡੇ ਹਿੱਸੇ ਨੂੰ ਪੰਜਾਬੀ ਕਵਿਤਾ ਨਾਲ ਤੋਰਿਆ।

ਭਾਈ ਵੀਰ ਸਿੰਘ ਦੇ ਨਾਲ ਆਧੁਨਿਕ ਪੰਜਾਬੀ ਕਾਵਿ ਦਾ ਆਰੰਭ ਹੁੰਦਾ ਹੈ। ਉਨ੍ਹਾਂ ਅਧਿਆਤਮਿਕ ਭਾਵਾਂ ਦੇ ਅਭਿਵਿਅੰਜਨ ਦਾ ਮਾਧਿਅਮ ਕਵਿਤਾ ਨੂੰ ਬਣਾਈ ਰੱਖਿਆ। ਉਨ੍ਹਾਂ ਆਪਣੀਆਂ ਰੁਬਾਈਆਂ ਵਿਚ ਦ੍ਰਿਸ਼ ਪੇਸ਼ ਕਰ ਕੇ ਨੈਤਿਕ ਸੁਨੇਹਾ ਦਿੱਤਾ ਹੈ।

ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ,
ਅਸਾਂ ਧਾ ਗਲਵਕੜੀ ਪਾਈ।
ਨਿਰਾ ਨੂਰ ਤੁਸੀਂ ਹੱਥ ਨ ਆਏ
ਸਾਡੀ ਕੰਬਦੀ ਰਹੀ ਕਲਾਈ।

ਪ੍ਰੋਫ਼ੈਸਰ ਮੋਹਨ ਸਿੰਘ ਨੇ ਪੰਜਾਬੀ ਪ੍ਰਗੀਤ-ਪਰੰਪਰਾ ਨੂੰ ਚੇਤਨਾ ਨਾਲ ਅੱਗੇ ਤੋਰਿਆ। ਕਾਵਿ ਵਿਧੀ ਅਤੇ ਭਾਸ਼ਾ ਪੱਧਰ ਉਭਾਰਿਆ ਤੇ ਅਭਿਵਿਅਕਤੀ ਸੰਵੇਦਨਾ ਵਿਧੀ ਆਰੰਭੀ।

ਰੱਬ ਇਕ ਗੁੰਝਲਦਾਰ ਬੁਝਾਰਤ,
ਰੱਬ ਇਕ ਗੋਰਖ ਧੰਦਾ।
ਖੋਲ੍ਹਣ ਲੱਗਿਆਂ ਪੇਚ ਇਸ ਦੇ,
ਕਾਫ਼ਰ ਹੋ ਜੇ ਬੰਦਾ।

ਪ੍ਰਗਤੀਵਾਦ ਅਤੇ ਰੋਮਾਂਸਵਾਦ ਜਾਗਿਆ ਤੇ ਆਧੁਨਿਕ ਕਵਿਤਾ ਦਾ ਆਗਾਜ਼ ਹੋਇਆ। ਮਧਕਾਲ ਦੇ ਕਾਵਿ ਚਿੰਤਨ ਨੂੰ ਉਨ੍ਹਾਂ ਨਵੇਂ ਮੁਹਾਵਰੇ ਦਿੱਤੇ। ਵਿਸ਼ਵਵਿਆਪੀ ਚੇਤਨਾ ਪੰਜਾਬੀ ਕਵਿਤਾ 'ਚ ਸਜਾਈ। ਅੰਬੀ ਦੇ ਬੂਟੇ ਥੱਲੇ, ਕੁੜੀ ਪੋਠੋਹਾਰ ਦੀ ਅਤੇ ਛੱਤੋ ਦੀ ਬੇਰੀ ਕਵਿਤਾਵਾਂ ਲੋਕਾਂ ਦੀਆਂ ਯਾਦਾਂ 'ਚ ਹਨ।

ਅੰਮ੍ਰਿਤਾ ਪ੍ਰੀਤਮ ਕਾਵਿ ਸੂਫ਼ੀ ਤੇ ਕਿੱਸਾ ਕਾਵਿ ਹੈ। ਕਵਿਤਾ, ਨਾਵਲ, ਜੀਵਨੀ, ਨਿਬੰਧ ਆਦਿ ਵਿਧਾਵਾਂ ਉਸ ਨੇ ਲਿਖੀਆਂ। ਮੂਲ ਪ੍ਰੇਰਣਾ ਇਸ਼ਕ ਨਾਲ ਸੰਬੰਧਿਤ ਨਾਰੀ ਸੰਵੇਦਨਾ ਹੈ।

ਜਲਾਂ-ਥਲਾਂ 'ਚੋਂ
ਇਕ ਆਵਾਜ਼ ਹੋਕੇ,
ਕਈ ਸੱਸੀਆਂ,
ਸੋਹਣੀਆਂ ਬੋਲ ਪਈਆਂ ।
ਵਾਜਿਦ ਮੇਰੀ ਨਹੀਉਂ
'ਵਾਜ਼ ਇਕੋ,
'ਵਾਜ਼-'ਵਾਜ਼ 'ਚੋਂ
ਹੋਣੀਆਂ ਬੋਲ ਪਈਆਂ।

ਪ੍ਰਗੀਤ ਪਰੰਪਰਾ ਵਿਚ ਕਵੀ, ਆਲੋਚਕ, ਟੀਕਾਕਾਰ ਅਤੇ ਅਨੁਵਾਦਕ ਡਾ. ਹਰਿਭਜਨ ਸਿੰਘ ਦੀ ਕਵਿਤਾ ਦੀ ਸ਼ੈਲੀ ਵਿਚ ਕ੍ਰਾਂਤੀ ਦਾ ਵਿਲੱਖਣ ਹਸਤਾਖ਼ਰ ਹੈ। ਉਸ ਨੇ ਕਾਵਿ ਸਾਰਥਿਕਤਾ ਦੀ ਪੱਧਰ ਉਠਾ, ਪਰੰਪਰਾ ਨੂੰ ਤੋੜਿਆ ਤੇ ਤੋਰਿਆ ਹੈ।

ਹਮੇਸ਼ ਨਹੀਂ ਮਨੁੱਖ 'ਤੇ ਕੁੱਦਣਾ ਜਨੂੰਨ
ਹਮੇਸ਼ ਨਹੀਂ ਡੁੱਲਣਾ ਜ਼ਮੀਨ ਉੱਤੇ ਖ਼ੂਨ
ਹਮੇਸ਼ ਨਾ ਵੀਰਾਨ ਹੋਣੀ ਅੱਜ ਵਾਂਗ ਰਾਤ...।

• ਡਾ ਅਮਰਜੀਤ ਟਾਂਡਾ



ਕਹਾਣੀ

# ਸਵਾਲ-ਜਵਾਬ

• ਸੁਖਬੀਰ ਸਿੰਘ ਖੁਰਮਣੀਆਂ

ਨਿਮਾਣੇ ਦੇ ਸਾਥੀ ਅਮਰੂ ਨੇ ਮਿਹਨਤ ਮਜ਼ਦੂਰੀ ਕਰਦਿਆਂ ਆਪਣੇ ਦੋਵਾਂ ਲੜਕਿਆਂ ਨੂੰ ਬਹੁਤ ਪੜ੍ਹਾਇਆ-ਲਿਖਾਇਆ। ਪੜ੍ਹ-ਲਿਖ ਕੇ ਦੋਵੇਂ ਲੜਕੇ ਚੰਗੇ ਰੁਤਬੇ ਤੇ ਸਰਕਾਰੀ ਨੌਕਰੀ ਲੱਗ ਗਏ। ਨਿਮਾਣੇ ਦੇ ਸਾਥੀ ਦੀਆਂ ਲੋਕ ਸਿਫ਼ਤਾਂ ਕਰਦੇ ਨਾ ਥੱਕਦੇ ਕਿ ਕਿਸ ਤਰ੍ਹਾਂ ਉਸ ਨੇ ਆਪਣੇ ਬੱਚਿਆਂ ਨੂੰ ਝੂਲਣੀ ਵਿਚ ਰਾਤ ਨੂੰ ਝੂਟੇ ਦਿੰਦਿਆਂ ਆਪ ਉਨੀਂਦਰੇ ਜਾਗ ਕੇ ਆਪਣੇ ਹੱਥੀਂ ਪੱਖੀਆਂ ਝੱਲ ਕੇ ਇਨ੍ਹਾਂ ਨੂੰ ਪਾਲ਼ਿਆ। ਦੋਵਾਂ ਪੁੱਤਰਾਂ ਦੇ ਵਿਆਹ ਤੋਂ ਬਾਅਦ ਘਰ ਦੀ ਵੰਡ-ਵੰਡਾਈ ਕਰਦਿਆਂ ਨੂਹਾਂ-ਪੁੱਤਰਾਂ ਨੇ ਕਮਰੇ ਆਪ ਮੱਲ ਲਏ ਤੇ ਅਮਰੂ ਦੀ ਮੰਜੀ ਡਿਉੜੀ ਵਿਚ ਡਾਹ ਦਿੱਤੀ। ਇਥੋਂ ਤਕ ਕਿ ਉਸ ਦਾ ਕਮਰਿਆਂ ਵਿਚ ਆਉਣਾ ਜਾਣਾ ਵੀ ਬੰਦ ਕਰ ਦਿੱਤਾ। ਉਹ ਹੁਣ ਜਦ ਵੀ ਅਪਣੇ ਹੱਥੀਂ ਬਣਾਏ ਕਮਰਿਆਂ ਵੱਲ ਵੇਖਦਾ ਤਾਂ ਉਸ ਦੀ ਰੂਹ ਅੰਦਰੋਂ ਝੰਜੋੜੀ ਜਾਂਦੀ। ਉਹ ਸੋਚਦਾ ਕਿ ਕਿਸ ਤਰ੍ਹਾਂ ਉਸ ਨੇ ਪਿੰਡ ਦੇ ਛੱਪੜ ਵਿੱਚੋਂ ਮਿੱਟੀ ਦੀਆਂ ਟੋਕਰੀਆਂ ਭਰ-ਭਰ ਲੱਕ-ਲੱਕ ਡੂੰਘੇ ਪਲਾਟ ਵਿਚ ਭਰਤੀ ਪਾਈ ਸੀ, ਪਹਿਲਾਂ ਸਰਕੜਿਆਂ ਦੀਆਂ ਛੱਤਾਂ ਫਿਰ ਢਿੱਡ ਨੂੰ ਗੰਢ ਮਾਰਕੇ ਹੌਲੀ-ਹੌਲੀ ਲੈਂਟਰ ਪਾਇਆ ਸੀ। ਇਹ ਸਭ ਉਸ ਦੀਆਂ ਅੱਖਾਂ ਸਾਹਮਣੇ ਦ੍ਰਿਸ਼ ਘੁੰਮਣ ਲੱਗਾ। ਇਨੇ ਚਿਰ ਨੂੰ ਨਿਮਾਣਾ ਆਇਆ, ਉਹ ਅਮਰੂ ਦੇ ਮੁਰਝਾਏ ਚਿਹਰੇ ਤੇ ਨਮ ਹੋਈਆਂ ਅੱਖੀਆਂ ਨੂੰ ਦੇਖਦਿਆਂ ਸਮਝ ਗਿਆ ਕਿ ਕੋਈ ਗੱਲ ਹੈ। ਉਹ ਉਸ ਨੂੰ ਆਪਣੇ ਨਾਲ ਪਿੰਡ ਦੇ ਬਾਹਰ ਵਾਲੇ ਬੋਹੜ ਦੀ ਛਾਵੇਂ ਸੱਥ ਵਿਚ ਲੈ ਗਿਆ ਤਾਂ ਜੋ ਉਸ ਦੀ ਉਦਾਸੀ ਦਾ ਕਾਰਨ ਪੁੱਛੇ। ਅਮਰੂ ਆਪਣੀ ਹੱਡ-ਬੀਤੀ ਸੁਣਾਕੇ, ਮਨ ਹੌਲਾ ਕਰ ਕੇ, ਪਰਨੇ ਨਾਲ ਆਪਣੀਆਂ ਅੱਖਾਂ ਵਿਚਲੇ ਗਲੇਡੂ ਸਾਫ਼ ਕਰ ਹੀ ਰਿਹਾ ਸੀ ਕਿ ਦੋ ਆਦਮੀ ਆਏ, ਦੋਵੇਂ ਬੋਹੜ 'ਤੇ ਚੜ੍ਹ ਗਏ, ਇਕ ਨੇ ਡੰਡੇ ਨਾਲ ਕੱਪੜਾ ਬੰਨ੍ਹਿਆ ਹੋਇਆ ਸੀ ਤੇ ਦੂਸਰੇ ਕੋਲ ਬਾਲਟੀ ਸੀ। ਉਨ੍ਹਾਂ ਡੰਡੇ ਦੇ ਅੱਗੇ ਬੰਨ੍ਹੇ ਕੱਪੜੇ ਨੂੰ ਅੱਗ ਲਾਈ ਤੇ ਬੋਹੜ 'ਤੇ ਲੱਗੇ ਸ਼ਹਿਦ ਦੀਆਂ ਮੱਖੀਆਂ ਦੇ ਡੂਮਣੇ ਨੂੰ ਛੁਹਾਈ। ਸ਼ਹਿਦ ਦੀਆਂ ਮੱਖੀਆਂ ਸੜਕੇ ਤੜਫ਼-ਤੜਫ਼ ਮਰਨ ਲੱਗੀਆਂ, ਕੁਝ ਜਾਨ ਬਚਾਉਣ ਲਈ ਆਪਣੇ ਛੱਤੇ ਨੂੰ ਛੱਡ ਕੇ ਇੱਧਰ-ਉੱਧਰ ਉੱਡਣ ਲੱਗੀਆਂ। ਉਨ੍ਹਾਂ ਬੜੇ ਅਰਾਮ ਨਾਲ ਸ਼ਹਿਦ ਦਾ ਛੱਤਾ ਉਤਾਰਿਆ। ਬੋਹੜ ਦੇ ਥੱਲੇ ਬੈਠ ਛੱਤੇ ਵਿੱਚੋਂ ਸਾਰਾ ਸ਼ਹਿਦ ਕੱਢ ਛੱਤੇ ਨੂੰ ਵਗਾਹ ਮਾਰਿਆ ਤੇ ਚੱਲਦੇ ਬਣੇ। ਅਮਰੂ ਇਹ ਸਭ ਕੁਝ ਦੇਖ ਰਿਹਾ ਸੀ। ਉਹ ਅੱਗ ਨਾਲ ਅੱਧ ਸੜੀਆਂ ਮੱਖੀਆਂ ਜਿਹੜੀਆਂ ਉੱਡਣ ਤੋਂ ਅਸਮਰੱਥ ਸਨ ਤੇ ਕੁਝ ਹਵਾ ਵਿਚ ਮੰਡਰਾ ਰਹੀਆਂ 'ਚੋਂ ਆਪਣੇ ਛੱਤੇ ਵੱਲ ਪਰਤਣ ਦੀ ਕੋਸ਼ਿਸ਼ ਕਰ ਰਹੀਆਂ ਸਨ, ਪਰ ਛੱਤਾ ਨਾ ਮਿਲਦਾ ਤਾਂ ਉਹ ਛੱਤੇ ਵਾਲੀ ਜਗ੍ਹਾ ਉਸੇ ਟਾਹਣੇ ਤੇ ਬੈਠਣ ਨੂੰ ਕਰਦੀਆਂ ਜਿੱਥੇ ਛੱਤਾ ਸੀ। ਪਰ ਉਹ ਥਾਂ ਸੇਕ ਮਾਰਦਾ ਹੋਣ ਕਰਕੇ ਉਸ ਦੇ ਆਸੇ-ਪਾਸੇ ਘੁੰਮਣ ਲੱਗ ਜਾਂਦੀਆਂ। ਸ਼ਹਿਦ ਦੀਆਂ ਮੱਖੀਆਂ ਦੀ ਤੁਲਣਾਂ ਅਮਰੂ ਆਪਣੇ ਨਾਲ ਕਰ ਲੱਗਾ ਤੇ ਟਾਹਣੇ ਦੀ ਆਪਣੇ ਘਰ ਨਾਲ। ਉਸ ਦੇ ਧੁਰ ਅੰਦਰੋਂ ਆਵਾਜ਼ ਨਿਕਲਦੀ ਦੇਖੋ! ਜਿਹੜੀਆਂ ਮੱਖੀਆਂ ਨੇ ਸ਼ਹਿਦ ਇਕੱਠਾ ਨਹੀਂ ਕੀਤਾ, ਉਨ੍ਹਾਂ ਨੂੰ ਕੋਈ ਵੀ ਕੁਝ ਨਹੀਂ ਕਹਿੰਦਾ, ਉਹ ਹਵਾ ਵਿਚ ਕਿੰਨੀ ਆਜ਼ਾਦੀ ਨਾਲ ਉੱਡ ਰਹੀਆਂ ਹਨ। ਬੰਦੇ ਨੂੰ ਭਾਵੇਂ ਪਰੇਸ਼ਾਨ ਕਰਨ ਪਰ ਇੰਨੀ ਬੇਦਰਦੀ ਨਾਲ ਇਨ੍ਹਾਂ ਨੂੰ ਕੋਈ ਨਹੀਂ ਮਾਰਦਾ। ਇਨ੍ਹਾਂ ਵਿਚਾਰੀਆਂ ਸ਼ਹਿਦ ਦੀਆਂ ਮੱਖੀਆਂ ਨੇ ਮਿਹਨਤ ਨਾਲ ਸ਼ਹਿਦ ਇਕੱਠਾ ਕਰ ਕੇ ਕੀ ਗੁਨਾਹ ਕਰ ਲਿਆ?

ਹਨੇਰਾ ਹੋਣ ਕਰਕੇ ਨਿਮਾਣੇ ਦਾ ਸਾਥੀ ਅਮਰੂ ਕੰਬਦੀਆਂ ਲੱਤਾਂ ਨਾਲ ਖੂੰਡੇ ਦੇ ਸਹਾਰੇ ਤੁਰਦਾ ਅਪਣੀ ਡਿਉੜੀ ਵਿਚ ਪਹੁੰਚ ਗਿਆ। ਮੰਜੇ ਤੇ ਲੇਟਿਆ ਡਿਊੜੀ ਦੀ ਸਰਕੜਿਆਂ ਦੀ ਛੱਤ ਵਿਚ ਆਪਣੇ ਨਿੱਕੇ ਬੋਟਾਂ ਨਾਲ ਬੈਠੀ ਚਿੜੀ ਵੱਲ ਝਾਕਦਾ ਆਪਣਾ ਅਤੀਤ ਚੇਤੇ ਕਰਦਾ। ਆਪਣਾ ਸਭ ਕੁਝ ਗੁਆ ਚੁੱਕੀਆਂ ਅੱਧਸੜੀਆਂ ਛੱਤੇ ਦੁਆਲੇ ਮੰਡਰਾਂ ਰਹੀਆਂ ਮੱਖੀਆਂ ਤੇ ਆਪਣੇ ਬਾਰੇ ਸੋਚਦਾ ਆਪਣੇ ਮਨ ਨਾਲ ਸਵਾਲ-ਜਵਾਬ ਕਰ ਦਾ ਪਤਾ ਨਹੀਂ ਕਿੱਧਰ ਗੁਵਾਚ ਗਿਆ।

ਮੋਬਾਈਲ : 98555-12677

ਮਿੰਨੀ ਕਹਾਣੀ

# ਸੋਹਣੀ ਜਿਹੀ ਨੂੰਹ



ਸ਼ਿੰਦਰ ਮਾਂ ਬਣਨ ਵਾਲੀ ਹੈ। ਇਹ ਖ਼ਬਰ ਸੁਣਕੇ ਘਰ ਵਿਚ ਖੁਸ਼ੀ ਦਾ ਮਾਹੌਲ ਸੀ। ਸਾਰੇ ਖ਼ੁਸ਼ ਸਨ ਕਿ ਘਰ ਵਿਚ ਇਕ ਨਿੱਕਾ ਜਿਹਾ ਨਵਾਂ ਮਹਿਮਾਨ ਆਉਣ ਵਾਲਾ ਹੈ। ਸ਼ਿੰਦਰ ਦੇ ਪਤੀ ਹਰਨਾਮ ਨੂੰ ਇਸ ਗੱਲ ਨੇ ਐਨੀ ਖ਼ੁਸ਼ੀ ਦਿੱਤੀ ਕਿ ਉਹ ਤਾਂ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਸਾਰੀਆਂ ਵਿਉਂਤਾ ਬਣਾਉਣ ਲੱਗ ਪਿਆ। ਪਰ ਹਰਨਾਮ ਦੀ ਮਾਤਾ ਦੇ ਦਿਲ ਵਿਚ ਕੁਝ ਹੋਰ ਹੀ ਚੱਲ ਰਿਹਾ ਸੀ, ਉਹ ਚਾਹੁੰਦੀ ਸੀ ਕਿ ਆਉਣ ਵਾਲਾ ਬੱਚਾ ਮੁੰਡਾ ਹੀ ਹੋਵੇ। ਇਸ ਲਈ ਆਪਣੀ ਨੂੰਹ ਨੂੰ ਸੋਹਣੀ ਜਿਹੀ ਤਾਕੀਦ ਕਰਦਿਆਂ ਉਸ ਨੇ ਕਿਹਾ ਕਿ ਕੱਲ੍ਹ ਡਾਕਟਰ ਕੋਲ ਜਾ ਕੇ ਚੈੱਕ ਕਰਵਾਓ। ਕੁਝ ਵੀ ਹੋਵੇ ਉਸ ਨੂੰ ਪੋਤਾ ਹੀ ਚਾਹੀਦਾ ਹੈ, ਬੜੇ ਅਰਮਾਨ ਨੇ ਕਿ ਉਹ ਆਪਣੇ ਪੋਤੇ ਦਾ ਵਿਆਹ ਦੇਖੇ ਅਤੇ ਇਕ ਸੋਹਣੀ ਜਿਹੀ ਨੂੰਹ ਆਪਣੇ ਘਰ ਲੈ ਕੇ ਆਵੇ। ਇਹ ਸੁਣ ਕੇ ਸਾਰਾ ਟੱਬਰ ਸੁੰਨ ਹੋਇਆ ਉਸ ਵੱਲ ਵੇਖਦਾ ਰਿਹਾ ।

• ਸਨਦੀਪ ਸਿੰਘ ਸਿੱਧੂ, ਮੋਬਾਈਲ : 9463661542

# ਲੋਕ ਗੀਤਾਂ ਦਾ ਵਿਲੱਖਣ ਰੂਪ ਬਾਲੋ ਮਾਹੀਆ



ਸਤਨਾਮ ਸਿੰਘ ਕੈਂਥ

ਮੋਬਾਈਲ : 99880-47124

ਪੰਜਾਬੀ ਲੋਕ ਗੀਤਾਂ ਦੇ ਕਈ ਰੂਪ ਪ੍ਰਚਲਿਤ ਰਹੇ ਹਨ। ਉਨ੍ਹਾਂ ਵਿੱਚੋਂ ਕਈ ਤਾਂ ਆਪਣੀ ਹੋਂਦ ਗਵਾ ਬੈਠੇ ਹਨ ਪਰ ਕੁਝ ਦਾ ਵਜੂਦ ਅਜੇ ਵੀ ਕਾਇਮ ਹੈ। ਅਜਿਹੇ ਹੀ ਕਾਵਿ ਰੂਪਾਂ ਵਿੱਚੋਂ ਇਕ ਪ੍ਰਚਲਿਤ ਰੂਪ 'ਬਾਲੋ ਮਾਹੀਆ' ਹੈ। ਮਾਹੀਆ, ਟੱਪਾ, ਬਾਲੋ ਆਦਿ ਇਸ ਦੇ ਹੋਰ ਵੱਖੋ-ਵੱਖ ਪ੍ਰਚਲਿਤ ਨਾਂ ਹਨ। ਇਸ ਕਾਵਿ ਰੂਪ ਦਾ ਸਭ ਤੋਂ ਪ੍ਰਚਲਿਤ ਅਤੇ ਸਵੀਕ੍ਰਿਤ ਨਾਂ 'ਮਾਹੀਆ' ਮੰਨਿਆ ਗਿਆ ਹੈ। ਅੱਜ-ਕੱਲ੍ਹ ਭਾਵੇਂ ਇਸ ਦੀ ਲੋਕ-ਪ੍ਰਿਯਤਾ ਓਨੀ ਨਹੀਂ ਰਹੀ ਜਿੰਨੀ ਅੱਜ ਤੋਂ ਕੋਈ ਪੰਜ-ਛੇ ਦਹਾਕੇ ਪਹਿਲਾਂ ਹੋਇਆ ਕਰਦੀ ਸੀ ਪ੍ਰੰਤੂ ਫੇਰ ਵੀ ਲੋਕ ਗੀਤਾਂ ਵਿੱਚੋਂ ਇਸ ਨੂੰ ਸ਼ਾਹ-ਸਵਾਰ ਲੋਕ ਕਾਵਿ ਰੂਪ ਮੰਨਿਆ ਜਾਂਦਾ ਹੈ। 'ਬਾਲੋ ਮਾਹੀਆ' ਰੂਪ ਜਾਂ ਬਣਤਰ ਪੱਖੋਂ ਬਹੁਤ ਹੀ ਛੋਟਾ ਕਾਵਿ ਰੂਪ ਹੈ। ਇਹ ਦੋ ਚਰਨਾਂ ਜਾਂ ਸਤਰਾਂ ਦਾ ਕਾਵਿ ਰੂਪ ਹੈ । ਇਸ ਦੀ ਪਹਿਲੀ ਸਤਰ ਬਹੁਤ ਛੋਟੀ ਹੁੰਦੀ ਹੈ ਜਦੋਂ ਕਿ ਦੂਜੀ ਸਤਰ ਪਹਿਲੀ ਨਾਲੋਂ ਦੁੱਗਣੀ ਹੁੰਦੀ ਹੈ ਜਾਂ ਉਸ ਤੋਂ ਵੱਡੀ। ਜਿਵੇ :

*ਦੋ ਪੱਤਰ ਅਨਾਰਾਂ ਦੇ...*
*ਸਾਡੀ ਗਲੀ ਲੰਘ ਮਾਹੀਆ,*
*ਦੁੱਖ ਟੁੱਟਣ ਬਿਮਾਰਾਂ ਦੇ।*

ਵਣਜਾਰਾ ਬੇਦੀ ਅਨੁਸਾਰ ਬਾਲੋ ਸਾਂਦਲਬਾਰ ਦੇ ਇਲਾਕੇ ਗੁਜਰਾਂਵਾਲੇ ਦੀ ਇਕ ਮੁਟਿਆਰ ਸੀ ਜਿਹੜੀ ਕਸ਼ਮੀਰ ਦੇ ਇਕ ਗੱਭਰੂ ਮੁਹੰਮਦ ਅਲੀ ਮਾਹੀਏ ਨੂੰ ਪਿਆਰ ਕਰਦੀ ਸੀ। ਉਨ੍ਹਾਂ ਦੋਹਾਂ ਨੇ ਵਿਆਹ ਕਰਾਉਣ ਦਾ ਫ਼ੈਸਲਾ ਕਰ ਲਿਆ ਪਰ ਬਾਲੋ ਦੇ ਮਾਪੇ ਇਸ ਵਿਆਹ ਲਈ ਰਾਜ਼ੀ ਨਾ ਹੋਏ। ਇਸ ਉਪਰੰਤ ਮੁਹੰਮਦ ਅਲੀ, ਬਾਲੋ ਨੂੰ ਭਜਾ ਕੇ ਲੈ ਗਿਆ ਪਰ ਉਹ ਛੇਤੀ ਫੜ੍ਹਿਆ ਗਿਆ। ਉਸ ਨੂੰ ਜੇਲ੍ਹ ਦੀ ਸਜ਼ਾ ਹੋ ਗਈ। ਇਸ ਕਾਵਿ-ਰੂਪ ਸੰਬੰਧੀ ਇਕ ਦੰਦ-ਕਥਾ ਹੋਰ ਵੀ ਹੈ ਕਿ ਬਾਲੋ ਤੇ ਮੁਹੰਮਦ ਅਲੀ ਕਚਹਿਰੀ ਵਿਚ 'ਮਾਹੀਏ' ਦੇ ਟੱਪਿਆਂ ਰਾਹੀਂ ਸਵਾਲ-ਜਵਾਬ ਕਰਦੇ ਸਨ। ਇਸ ਗੱਲ ਦੀਆਂ ਧੁੰਮਾਂ ਸਾਰੇ ਪੰਜਾਬ ਵਿਚ ਪੈ ਗਈਆਂ। ਉਦੋਂ ਇਸ ਗੀਤ ਦਾ ਨਾਂ 'ਬਾਲੋ ਮਾਹੀਆ' ਮਸ਼ਹੂਰ ਹੋ ਗਿਆ। ਲੋਕ ਮਨ ਅਨੁਸਾਰ ਦੋਵਾਂ ਨੂੰ ਸੰਗੀਤ ਨਾਲ ਬੜਾ ਮੋਹ ਸੀ। ਦੋਵਾਂ ਦੀ ਆਵਾਜ਼ ਬੜੀ ਸੁਰੀਲੀ ਤੇ ਦਿਲਾਂ ਨੂੰ ਖਿੱਚ ਪਾਉਣ ਵਾਲੀ ਸੀ। ਆਪਣੀਆਂ ਭਾਵਨਾਵਾਂ ਦੇ ਇਜ਼ਹਾਰ ਲਈ ਉਨ੍ਹਾਂ ਨੇ ਟੱਪਿਆਂ ਨੂੰ ਆਧਾਰ ਬਣਾਇਆ। ਉਹ ਉਨ੍ਹਾਂ ਟੱਪਿਆਂ ਨੂੰ ਸਵਾਲਾਂ-ਜਵਾਬਾਂ ਵਿਚ ਗਾਇਆ ਕਰਦੇ ਸਨ :

*ਲਾਡਾਂ ਦੀਏ ਪਲੀਏ ਨੀ...*
*ਮਿੱਠੀ ਕੋਈ ਗੱਲ ਕਰ ਜਾ,*
*ਮਿਸ਼ਰੀ ਦੀਏ ਡਲੀਏ ਨੀ।*

ਚੜ੍ਹਦੇ ਪੰਜਾਬ ਵਿਚ ਜਿਵੇਂ ਬੋਲੀ ਜਾਂ ਟੱਪੇ ਨੂੰ ਲੋਕ ਸਾਹਿਤ ਵਿਚ ਪ੍ਰਧਾਨਤਾ ਪ੍ਰਾਪਤ ਹੈ ਉਸੇ ਤਰ੍ਹਾਂ ਲਹਿੰਦੇ ਪੰਜਾਬ ਵਿਚ 'ਬਾਲੋ ਮਾਹੀਆ' ਬੜਾ ਪ੍ਰਚਲਿਤ ਹੈ। ਬੋਲੀ ਵਾਂਗ ਇਹ ਨਿਰਾ ਵਲਵਲੇ ਦਾ ਗੀਤ ਹੈ। ਇਸ ਵਿਚ ਥੋੜ੍ਹੇ ਸ਼ਬਦਾਂ ਰਾਹੀਂ ਬਹੁਤ ਕੁਝ ਕਿਹਾ ਜਾਂਦਾ ਹੈ। ਅਸਲ ਵਿਚ ਮਾਹੀ ਸ਼ਬਦ ਦੇ ਆਪਣੇ ਅਰਥ ਮੱਝਾਂ ਦੇ ਪਾਲੀ ਤੋਂ ਹਨ ਪਰ ਜੇ ਕਰ ਇਸ ਦੇ ਵਿਕਸਤ ਅਰਥਾਂ ਦੀ ਗੱਲ ਕੀਤੀ ਜਾਵੇ ਤਾਂ ਮਾਹੀਏ ਤੋਂ ਭਾਵ ਉਹ ਪ੍ਰੇਮੀ ਹੈ ਜੋ ਆਪਣੀ ਬਾਲੋ ਨੂੰ ਹਾਸਿਲ ਕਰਨ ਲਈ ਰਾਂਝੇ ਵਾਂਗ ਮੱਝੀਆਂ ਚਾਰਨ ਨੂੰ ਵੀ ਤਿਆਰ ਹੈ। ਇਸ ਕਾਵਿ-ਰੂਪ ਦਾ ਨਾਂ 'ਮਾਹੀਆ' ਇਸ ਕਰਕੇ ਜ਼ਿਆਦਾ ਪ੍ਰਚਲਿਤ ਹੋ ਗਿਆ ਕਿਉਂਕਿ ਇਸ ਵਿਚ ਮਾਹੀਆ ਸ਼ਬਦ ਦੀ ਵਰਤੋਂ ਬਾਰ-ਬਾਰ ਕੀਤੀ ਜਾਂਦੀ ਹੈ। ਅਜੋਕੇ ਯੁੱਗ ਵਿਚ ਬੱਦਲ, ਹਵਾ, ਬਾਗ਼, ਤਾਰੇ, ਪੰਛੀ ਅਤੇ ਬਨਸਪਤੀ ਆਦਿ ਵੀ ਮਾਹੀਏ ਵਿਚ ਪਾਤਰਾਂ ਦੇ ਰੂਪ ਵਿਚ ਆਉਣ ਲੱਗ ਪਏ ਹਨ।

'ਮਾਹੀਏ' ਦੇ ਕਈ ਟੱਪਿਆਂ ਵਿਚ ਪਹਿਲੀ ਸਤਰ ਦਾ ਦੂਜੀ ਸਤਰ ਨਾਲ ਕੋਈ ਸੰਬੰਧ ਨਹੀਂ ਹੁੰਦਾ। ਅਜਿਹੇ ਟੱਪਿਆਂ ਵਿਚ ਪਹਿਲੀ ਸਤਰ ਭਾਵੇਂ ਇਸ ਨੂੰ ਲੈਅ ਬੱਧ ਕਰਨ ਲਈ ਹੀ ਸਿਰਜੀ ਜਾਂਦੀ ਹੈ ਫਿਰ ਵੀ ਇਹ ਟੱਪੇ ਦਾ ਸਾਰਥਕ ਅਤੇ ਅਟੁੱਟ ਅੰਗ ਹੁੰਦੀ ਹੈ। ਟੱਪਿਆਂ ਵਿਚ ਸੁਹਜ ਪੈਦਾ ਕਰਨ ਲਈ ਜਾਂ ਪ੍ਰਭਾਵ ਗਹਿਰਾ ਕਰਨ ਲਈ ਟੱਪੇ ਦੇ ਪਹਿਲੇ ਚਰਨ ਤੋਂ ਬਿਨਾਂ 'ਮਾਹੀਆ' ਸਧਾਰਨ ਬਿਆਨ ਰਹਿ ਜਾਂਦਾ ਹੈ। ਇਸ ਵਿਚ ਕਾਵਿਕ ਝਲਕ ਪਹਿਲੇ ਚਰਨ ਕਰਕੇ ਹੀ ਬਣਦੀ ਹੈ। ਜਿਵੇਂ :

*ਸੜਕ 'ਤੇ ਰਿੜ੍ਹ ਵੱਟਿਆ...*
*ਜਿਨ੍ਹਾਂ ਯਾਰੀ ਨਾ ਲਾਈ,*
*ਉਨ੍ਹਾਂ ਦੁਨੀਆ ਤੋਂ ਕੀ ਖੱਟਿਆ।*

ਮਾਹੀਆ ਲੋਕ ਗੀਤਾਂ ਦਾ ਇਕ ਰੂਪ ਹੈ ਇਸ ਲਈ ਇਹਨੂੰ ਗਾਇਨ ਰੂਪ ਵਿਚ ਸੁਣਿਆ ਜਾ ਸਕਦਾ ਹੈ। ਵਿਆਹ ਵੇਲੇ ਢੋਲਕੀ, ਪਰਾਤ, ਘੜਾ ਆਦਿ ਲੋਕ ਸਾਜ਼ਾਂ ਨਾਲ ਗਾਇਆ ਜਾਂਦਾ ਹੈ। ਸੰਗੀਤ ਦੇ ਮਾਹਿਰਾਂ ਅਨੁਸਾਰ ਮਾਹੀਆ ਪਹਾੜੀ, ਸਿੰਧੀ, ਭੈਰਵੀ ਆਦਿ ਰਾਗਾਂ ਵਿਚ ਗਾਇਆ ਜਾਂਦਾ ਹੈ ਪਰ ਡੰਗਰ ਚਾਰਦੇ ਪਾਲ਼ੀ ਜਾਂ ਗੱਭਰੂ, ਤ੍ਰਿੰਞਣ ਵਿਚ ਕੱਤਦੀਆਂ ਮੁਟਿਆਰਾਂ ਆਦਿ ਇਸ ਨੂੰ ਗਾਇਕੀ ਦੀਆਂ ਬਰੀਕੀਆਂ ਵਿਚ ਜਾਏ ਬਿਨਾਂ ਗਾਉਂਦੇ ਹਨ। ਕਈ ਵਾਰੀ ਕੁੜੀਆਂ ਵਲੋਂ ਜੁੱਟ ਬਣਾ ਕੇ ਮਾਹੀਆ ਗਾਉਣ ਦਾ ਮੁਕਾਬਲਾ ਵੀ ਕੀਤਾ ਜਾਂਦਾ ਹੈ। ਜਿਹੜੇ ਜੁੱਟ ਕੋਲ ਗਾਉਂਦੇ-ਗਾਉਂਦੇ ਟੱਪੇ ਪਹਿਲਾਂ ਮੁਕ ਜਾਣ ਉਹ ਹਾਰ ਜਾਂਦਾ ਹੈ। ਇਸੇ ਤਰ੍ਹਾਂ ਕਈ ਵਾਰੀ ਸੱਭਿਆਚਾਰਕ ਸਮਾਗਮਾਂ ਵਿਚ ਮੁੰਡਾ ਅਤੇ ਕੁੜੀ ਵਾਰੋ-ਵਾਰੀ 'ਬਾਲੋ ਮਾਹੀਆ' ਗਾਉਂਦੇ ਹਨ :

*ਗਲ ਕਰ ਕੇ ਕੀ ਲੈਣਾ ਏ...*
*ਦੁਨੀਆ ਤੋਂ ਡਰ ਚੰਨ ਵੇ,*
*ਅਸੀਂ ਦੁਨੀਆ 'ਚ ਰਹਿਣਾ ਏ।*

'ਬਾਲੋ-ਮਾਹੀਆ' ਮੁੱਖ ਤੌਰ ਤੇ ਪਿਆਰ ਤੇ ਵਿਛੋੜੇ ਦਾ ਗੀਤ ਹੈ। ਇਸ ਦਾ ਵਿਸ਼ਾ-ਵਸਤੂ ਗੱਭਰੂ ਤੇ ਮੁਟਿਆਰ ਦੇ ਪਿਆਰ ਦੁਆਲੇ ਹੀ ਘੁੰਮਦਾ ਰਹਿੰਦਾ ਹੈ। ਇਸ ਕਰਕੇ ਇਸ ਦੀ ਬੋਲੀ ਮਿੱਠੀ ਹੁੰਦੀ ਹੈ। ਸ਼ਿਕਵੇ-ਸ਼ਿਕਾਇਤਾਂ, ਉਲਾਮ੍ਹੇ ਅਤੇ ਬੇਵਫ਼ਾ ਹੋਣ ਦੇ ਸ਼ੱਕ ਸੰਬੰਧੀ ਸ਼ਬਦ ਵੀ ਪਿਆਰ ਦੀ ਭਾਸ਼ਾ ਵਿਚ ਉਚਾਰੇ ਜਾਂਦੇ ਹਨ। ਇਨ੍ਹਾਂ ਗੀਤਾਂ ਵਿਚ ਮਿਲਾਪ ਦੀ ਥਾਂ, ਮਿਲਣ ਦੀ ਇੱਛਾ, ਅਧੂਰੀਆਂ ਸੱਧਰਾਂ ਅਤੇ ਬਿਰਹਾ ਵਾਲੇ ਵਿਸ਼ੇ ਮੁੱਖ ਰੂਪ ਵਿਚ ਪੇਸ਼ ਹੁੰਦੇ ਰਹੇ ਹਨ। ਭਾਵੇਂ ਅਜੋਕੇ ਸਮੇਂ ਵਿਚ ਇਸ ਦੇ ਗਾਉਣ ਦੀ ਪ੍ਰਥਾ ਕਿਤੇ ਲੋਪ ਹੋ ਚੁੱਕੀ ਹੈ। ਬਾਵਜੂਦ ਇਸ ਦੇ ਅੱਜ ਵੀ 'ਬਾਲੋ ਮਾਹੀਆ' ਲੋਕ ਗੀਤਾਂ ਦੇ ਵਿਲੱਖਣ ਰੂਪ ਵਜੋਂ ਸਵੀਕਾਰ ਕੀਤਾ ਜਾਂਦਾ ਹੈ। •

## ਗ਼ਜ਼ਲਾਂ

ਏਸ ਫ਼ਿਕਰ ਨੇ ਮਾਰ ਲਿਆ ਹੈ, ਕਿਹੜਾ ਅੱਜ ਕੱਲ੍ਹ ਕੀ ਕਰਦਾ ਹੈ?
ਏਸੇ ਕਰਕੇ ਹਰ ਇਕ ਬੰਦਾ ਜੀਂਦਾ ਘੱਟ ਤੇ ਵੱਧ ਮਰਦਾ ਹੈ।

ਇਕ ਦੂਜੇ ਤੋਂ ਏਨੀ ਚੋਰੀ, ਹੱਦੋਂ ਵੱਧ ਗਈ ਬੇਵਿਸ਼ਵਾਸੀ,
ਸੱਜੇ ਹੱਥ ਨੂੰ ਖ਼ਬਰ ਨਾ ਕੋਈ, ਖੱਬਾ ਅੱਜ ਕੱਲ੍ਹ ਕੀ ਕਰਦਾ ਹੈ।

ਦਿਲ ਅੰਦਰ ਕਈ ਨਦੀਆਂ ਨਾਲੇ, ਤਲਖ਼ ਸਮੁੰਦਰ ਸ਼ੋਰੂ ਪਾਵੇ,
ਗ਼ਮ ਦਾ ਕਿੰਨਾ ਡੂੰਘਾ ਟੋਇਆ ਉੱਛਲਦਾ ਪਰ ਨਿੱਤ ਭਰਦਾ ਹੈ।

ਮੰਜ਼ਿਲ ਵੱਲ ਨੂੰ ਪੈਰ ਨਿਰੰਤਰ ਤੁਰਦੇ ਜਾਂਦੇ ਏਸੇ ਕਰਕੇ,
ਇਕ ਰਤਾ ਕੁ ਤੁਰਦਾ ਪਿੱਛੇ, ਦੂਜਾ ਕਦਮ ਅਗਾਂਹ ਧਰਦਾ ਹੈ।



ਸ਼ੀਸ਼ੇ ਅੰਦਰ ਹਰ ਬੰਦਾ ਹੀ ਕਿਉਂ ਨਹੀਂ ਤੱਕਦਾ ਆਪਣਾ ਚਿਹਰਾ,
ਮੇਰਾ ਆਪਣਾ ਆਪਾ ਵੀ ਹੁਣ ਇਸ ਦੇ ਕੋਲੋਂ ਕਿਉਂ ਡਰਦਾ ਹੈ।

ਜਾਨ ਤੋਂ ਪਿਆਰਾ ਆਖਣ ਵਾਲਾ ਅੱਜ-ਕੱਲ੍ਹ ਜੋ ਮੂੰਹ ਫੇਰ ਕੇ ਲੰਘਦੈ,
ਦਿਲ ਤਾਂ ਕਰਦੈ ਪੁੱਛ ਲਵਾਂ ਕਿ ਬਿਨ ਸਾਹਾਂ ਤੋਂ ਕਿੰਜ ਸਰਦਾ ਹੈ।

ਵਿਚ ਹਨ੍ਹੇਰੇ ਤੀਰ ਚਲਾ ਕੇ ਸਮਝ ਰਹੇ ਹਾਂ ਜਿੱਤ ਲਈ ਬਾਜੀ,
ਸੋਨੇ ਦੀ ਲੰਕਾ ਵਿਚ ਬੈਠਾ ਰਾਵਣ ਏਦਾਂ ਕਿੰਜ ਮਰਦਾ ਹੈ?

• ਗੁਰਭਜਨ ਗਿੱਲ, ਮੋਬਾਈਲ : 98726-31199

ਕੁਤਰ ਕੇ ਖੰਭ ਹੱਸਦੈ, ਫੇਰ ਅੰਬਰ ਵੱਲ ਉਡਾ ਦਿੰਦੈ।
ਉਹ ਪੰਛੀ ਨੂੰ ਉਡਾਰੂ ਹੋਣ ਦੀ ਕੈਸੀ ਸਜਾ ਦਿੰਦੈ।

ਮੈਂ ਕੁਲ ਦੁਨੀਆ 'ਤੇ ਹਾਕਮ ਦੀ ਇਹੀ ਪਹਿਚਾਨ ਦੇਖੀ ਹੈ,
ਹਕੂਮਤ ਵਾਸਤੇ ਸੱਚੇ ਵੀ ਨੀਹਾਂ ਵਿਚ ਚਿਣਾਂ ਦਿੰਦੈ।

ਕਿਸੇ ਡਾਢੇ ਦੀ ਹੱਦ ਅੰਦਰ ਕਿਵੇਂ ਬਚਣੈ ਕਰੋਪੀ ਤੋਂ,
ਸਮਾਂ ਕਮਜ਼ੋਰ ਨੂੰ ਵਲ ਏਸ ਦਾ ਆਪੇ ਸਿਖਾ ਦਿੰਦੈ।

ਜਦੋਂ ਅਪਣੇ 'ਤੇ ਹੋਣੀ ਵਰਤ ਦੀ ਹੈ ਤੜਫਦੈ ਕਾਤੂੰ,
ਨਸੀਬਾਂ ਦੀ ਲਿਖੀ ਕਹਿਕੇ ਜੋ ਸਾਨੂੰ ਹੌਸਲਾ ਦਿੰਦੈ।

ਜੋ ਹੋਰਾਂ ਵਾਸਤੇ ਜੀਂਦੈ, ਸਲਾਹਾਂ ਵਿਚ ਨਹੀਂ ਪੈਂਦਾ,
ਜਦੋਂ ਮੌਕਾ ਮਿਲੇ ਉਹ ਆਪਣਾ ਸਭ ਕੁਝ ਲੁਟਾ ਦਿੰਦੈ।

ਕਦੋਂ ਅਪਣੇ ਬਿਗਾਨੇ ਦੇਖਦੇ ਨੇ ਅੱਗ ਦੇ ਭਾਂਬੜ,
ਪਤਾ ਹੈ ਜਦ ਉਹ ਧੁਖਦੀ ਅੱਗ ਨੂੰ ਕਾਤੂੰ ਹਵਾ ਦਿੰਦੈ।

ਜੋ ਜੀਣਾਂ ਲੋਚਦੈ ਉਹ ਹਸ਼ਰ ਦੀ ਪ੍ਰਵਾਹ ਨਹੀਂ ਕਰਦਾ,
ਬਿਨਾਂ ਆਈ ਤੋਂ ਮਰ ਜਾਂਦੈ ਜੋ ਡਰਦਾ ਸਿਰ ਝੁਕਾ ਦਿੰਦੈ।



ਹੁਣ ਉਹਦਾ ਜ਼ੋਰ ਚੱਲਦਾ ਹੈ ਮਿਰੇ ਤੇ ਬੱਸ ਏਨਾਂ ਹੀ,
ਕਿ ਲਿਖਦੈ ਨਾਂ ਮਿਰਾ ਆਪੇ ਤੇ ਆਪੇ ਹੀ ਮਿਟਾ ਦਿੰਦੈ।

ਉਹ ਨਸ਼ਿਆਂ ਦਾ ਵਿਰੋਧੀ ਹੈ ਤਾਂ ਕਿਉਂ ਮਹਿਬੂਬ ਨੂੰ ਕਹਿੰਦਾ,
ਤਿਰਾ ਤੱਕਣਾ ਤਿਰਾ ਹੱਸਣਾ ਮਿਰੇ ਦਿਲ ਨੂੰ ਨਸ਼ਾ ਦਿੰਦੈ।

ਕਿਵੇਂ ਰੜਕੇ ਨ ਤੇਰਾ 'ਦੀਪ' ਵੀ ਨ੍ਹੇਰੇ ਦੀ ਅੱਖ ਅੰਦਰ,
ਕਿ ਜਿੱਥੇ ਦੇਖਦੈ ਨ੍ਹੇਰਾ, ਪਟੱਕ ਦੀਵਾ ਜਗਾ ਦਿੰਦੈ।

• ਗੁਰਦੀਪ ਭਾਟੀਆ, ਮੋਬਾਈਲ : 94648-89046

ਹਰ ਕਦਮ 'ਤੇ ਭਾਵੇਂ ਮੇਰੇ ਰਾਹ ਵਿਚ ਔਕੜ ਖੜ੍ਹੀ ਹੈ।
ਫਿਰ ਵੀ ਮੈਂ ਅੱਗੇ ਕਦਮ ਰੱਖਾਂਗਾਂ, ਮੇਰੀ ਇਹੋ ਅੜੀ ਹੈ।

ਸੱਚ ਬੋਲਣ ਵਾਲੇ ਖ਼ਬਰੇ ਕਿੱਥੇ ਗ਼ਾਇਬ ਹੋ ਗਏ ਨੇ,
ਝੂਠ ਬੋਲਣ ਵਾਲਿਆਂ ਦੀ ਚੜ੍ਹ ਮਚੀ ਅੱਜ-ਕੱਲ੍ਹ ਬੜੀ ਹੈ।

ਰੱਬ ਦੇ ਰੰਗਾਂ ਦਾ ਇਸ ਜਗ ਵਿਚ ਹੈ ਕਿਸ ਨੇ ਭੇਤ ਪਾਇਆ,
ਔੜ ਲਾਉਂਦਾ ਹੈ ਕਦੇ ਉਹ ਤੇ ਕਦੇ ਲਾਉਂਦਾ ਝੜੀ ਹੈ।

ਆਪਣੇ ਜੀਵਨ ਦੇ ਬਿਤਾ ਕੇ ਸਾਲ ਚਾਲੀ ਜਾਣਿਆ ਹੈ,
ਇੱਥੇ ਧਨਵਾਨਾਂ ਤੇ ਬੇਈਮਾਨਾਂ ਦੀ ਚੱਲਦੀ ਬੜੀ ਹੈ।



ਮੇਰੇ ਕੋਲੋਂ ਆਸ ਰੱਖੇਗਾ ਕਿਵੇਂ ਸਤਿਕਾਰ ਦੀ ਉਹ,
ਮੇਰੇ ਚਾਵਾਂ ਦੀ ਕਲੀ ਜਿਸ ਦੇ ਦਗ਼ੇ ਸਦਕਾ ਸੜੀ ਹੈ।

ਕਿਸ ਤਰ੍ਹਾਂ ਭੁੱਲ ਜਾਵਾਂ ਮੈਂ ਉਨ੍ਹਾਂ ਨੂੰ ਕੇਵਲ ਤੇਰੇ ਕਰਕੇ,
ਜਿਨ੍ਹਾਂ ਨੇ ਔਖੇ ਦਿਨਾਂ ਦੇ ਵਿਚ ਮੇਰੀ ਉਂਗਲ ਫੜੀ ਹੈ।

ਲੋੜ ਸੀ ਜਦ ਤੇਰੀ ਗੋਡੇ-ਗੋਡੇ ਮੇਰੀ ਜ਼ਿੰਦਗੀ ਨੂੰ,
ਇਕ ਦਿਆਲੂ ਸਾਥੀ ਸਦਕਾ ਬੀਤ ਚੁੱਕੀ ਉਹ ਘੜੀ ਹੈ।

• ਮਹਿੰਦਰ ਮਾਨ, ਮੋਬਾਈਲ : 99158-03554



ਹਾਕਮ ਕਰਦਾ ਐਸ਼ ਬਹਾਨੇ ਉੱਨਤੀ ਦੇ।
ਸਭ ਨੇ ਝੂਠੋ-ਝੂਠ ਯਾਰਾਨੇ ਉੱਨਤੀ ਦੇ।

ਹਲ ਨਾ ਜੋਇਆ ਬੀਜ ਨਾ ਬੋਇਆ ਧਰਤੀ ਵਿਚ,
ਘਰ-ਘਰ ਦੇ ਵਿਚ ਦੇਣ ਫ਼ਸਾਨੇ ਉੱਨਤੀ ਦੇ।

ਟੁੱਟੇ ਸਾਜ਼ਾਂ ਨੂੰ ਘੁਣ ਖਾਈ ਜਾਂਦਾ ਹੈ,
ਗੂੰਗੇ ਦੇ ਮੂੰਹ ਵਿਚ ਤਰਾਨੇ ਉੱਨਤੀ ਦੇ।

ਵਿਚ ਬਹਾਰਾਂ ਪਤਝੜ ਛਾਈ ਫਿਰਦੀ ਏ,
ਗੁਲਸ਼ਨ ਦੇ ਵਿਚ ਵੇਖ ਵੀਰਾਨੇ ਉੱਨਤੀ ਦੇ।

ਲੋਅ ਦੇ ਅੱਗੇ ਵੀ ਕੁਰਬਾਨੀ ਪਾਂਦੇ ਨਹੀਂ,
ਅੱਜ-ਕੱਲ੍ਹ ਦੇ ਵੇਖੇ ਪਰਵਾਨੇ ਉੱਨਤੀ ਦੇ।

ਕੌਣ ਖਵਾਏ ਪੱਟ ਚੀਰ ਕੇ ਸੱਜਣਾਂ ਨੂੰ,
ਆਸ਼ਕ ਨੇ ਡਰਪੋਕ ਦੀਵਾਨੇ ਉੱਨਤੀ ਦੇ।

ਰਿਸ਼ਵਤ, ਠੱਗੀ, ਪੁਰਖਾਵਾਦ ਸਿਆਸਤ ਨੇ,
ਖਾ ਲਏ ਰਾਤੋ-ਰਾਤ ਖ਼ਜ਼ਾਨੇ ਉੱਨਤੀ ਦੇ।

ਸਿਖ਼ਰ ਦੁਪਹਿਰੇ ਜਿਨ੍ਹਾਂ ਵਹੁਟੀ ਲੁੱਟੀ ਹੈ,
ਉਨ੍ਹਾਂ ਗੁੱਟਾਂ ਉੱਪਰ ਬੰਨ੍ਹੇ ਗਾਨੇ ਉੱਨਤੀ ਦੇ।

ਫੁੱਲ ਗੁਲਾਬੀ ਗੁਲਸ਼ਨ ਦੇ ਵਿਚ ਦਿਸਦੇ ਨਹੀਂ,
ਉੱਗ ਰਹੇ ਸਿਰਕੰਡੇ, ਕਾਨੇ ਉੱਨਤੀ ਦੇ।

ਨਕਲ, ਮਿਲਾਵਟ, ਬੇਰੁਜ਼ਗਾਰੀ, ਗ਼ੁਰਬਤ ਨੇ,
ਚੌਪਟ ਕੀਤੇ ਚਾਰੇ ਖ਼ਾਨੇ ਉੱਨਤੀ ਦੇ।

'ਬਾਲਮ' ਹਰ ਇਕ ਦੇ ਵਿਚ ਮੋਰੀ ਹੋਈ ਹੈ,
ਕਿੰਜ ਫੁਲਦੇ ਰੰਗਦਾਰ ਭੁਕਾਨੇ ਉੱਨਤੀ ਦੇ।

• ਬਲਵਿੰਦਰ 'ਬਾਲਮ', ਮੋਬਾਈਲ-98156-25409

ਤੂੰ ਦੂਰ ਚਲੀ ਜਾਵੇ ਮੈਥੋਂ, ਮੈਨੂੰ ਕਿੰਜ ਗਵਾਰਾ ਏ।
ਏਨੇ ਵੱਡੇ ਜਗ 'ਚ ਦੱਸੀਂ, ਮੇਰਾ ਕੌਣ ਸਹਾਰਾ ਏ।

ਬੁੱਲ੍ਹਾਂ ਉੱਤੇ ਹਾਸੇ ਮੇਰੇ, ਤੇਰੇ ਕਰਕੇ ਚਮਕਣ ਵੇ,
ਤੇਰੇ ਕਰਕੇ ਹੀ ਤਾਂ ਏਥੇ ਸੁਰਗਾਂ ਵਾਂਗ ਨਜ਼ਾਰਾ ਏ।

ਤੂੰ ਦਰਿਆ ਮੈਂ ਮੱਛੀ ਵਾਂਗੂ ਚਾਹਾਂ ਤੈਨੂੰ ਅਜ਼ਲਾਂ ਤੋਂ,
ਜਾਂ ਉਸ ਚਕਵੀ ਵਾਂਗੂ ਜਿਸ ਦਾ ਜੀਵਨ ਚੰਨ ਪਿਆਰਾ ਏ।



ਠੰਡੇ ਰੁੱਖਾਂ ਵਰਗੀ ਏ ਤੂੰ ਤਪਦੇ ਹਾੜ ਮਹੀਨੇ ਵਿਚ,
ਜਾਂ ਮੈਂ ਰਾਹੀ ਵਿਚ ਹਨੇਰੇ, ਤੂੰ ਚਮਕੀਲਾ ਤਾਰਾ ਏ।

ਤੂੰ ਏ ਫੁੱਲ ਗੁਲਾਬ ਕਿਸੇ ਦੇ ਬਾਗ਼ੀ ਰਹਿਮਤ ਭਰਿਆ ਵੇ,
ਮੈਂ ਇਕ ਕੰਡੇ ਭਰਿਆ ਬੂਟਾ ਬਾਗ਼ 'ਚ ਕਰਮਾਂ ਮਾਰਾ ਏ।

ਹਿਜਰਾਂ ਦੇ ਇਹ ਪਲ ਨਿਰਮੋਹੇ ਮਾਰਨ ਥੋੜ੍ਹਾ ਥੋੜ੍ਹਾ ਵੇ,
ਮੋੜ ਮੁਹਾਰਾਂ ਛੇਤੀ ਹੁਣ ਤਾਂ ਔਖਾ ਬਹੁਤ ਗੁਜ਼ਾਰਾ ਏ।

• ਬਿਸ਼ੰਬਰ ਅਵਾਂਖੀਆ, ਮੋਬਾਈਲ : 97818-25255

ਨਹੀਂ ਚਾਹਿਆ ਸੀ ਤੜਪਦੇ ਸਾਹਾਂ ਨੂੰ ਸੇਕਣਾ।
ਮੈਂ ਲੋਚਦਾ ਸਾਂ ਮੌਲਦੀਆਂ ਧੜਕਣਾਂ ਮੇਚਣਾ।

ਉੱਘੜ-ਦੁੱਗੜ ਬੇਖ਼ਾਬ ਸਾਹਾਂ ਦੀ ਚਲੋ-ਚਲੀ,
ਨਹੀਂ ਦੋਸਤੋ ਏਹ ਨਹੀਂ ਜ਼ਿੰਦਗੀ ਦੀ ਵੇਦਨਾ।



ਮੈਨੂੰ ਤਾਂ ਹਰ ਨੇ ਪੜ੍ਹਿਐ ਖੁੱਲ੍ਹੇ ਖ਼ਤ ਵਾਂਗਰਾਂ,
ਐਪਰ ਆਪਣੇ ਦਿਲ ਦਾ ਦਿੱਤਾ ਕਿਸੇ ਭੇਤ ਨਾ।

ਸੁੱਤ-ਉਣੀਂਦੇ ਨੈਣੀਂ ਮਰਨ ਜੇ ਸੁਪਨੇ ਉਮਰਾਂ ਦੇ,
ਪੱਥਰਾ ਜਾਂਦੈ ਬੰਦਾ ਨਾਲੇ ਉਹਦੀ ਸੰਵੇਦਨਾ।

ਉਹਦੇ ਨਾਂ ਮੁਹੱਬਤੀ ਖ਼ਤ ਲਿਖਿਆ ਦੇਰਾਂ ਤੋਂ,
ਤ੍ਰਿਭਕ ਜਾਣੈ ਜਦ ਵੀ ਚਹੁੰਦਾ ਉਹਨੂੰ ਭੇਜਣਾ।

• ਪਰਦੀਪ ਮਹਿਤਾ, ਮੋਬਾਈਲ : 94645-87013

# ਕੈਮੀਕਲ ਯੁਕਤ ਖਾਣ ਪਾਣ ਦੇ ਪੱਧਰ, ਵੰਸ਼ਵਾਦ, ਗੁਣ ਸੂਤਰਾਂ ਦੇ ਵਿਕਾਰ ਤੇ ਅਪ੍ਰਕਿਰਤਿਕ ਸਥਿਤੀਆਂ, ਦਿਵਿਆਂਗਤਾ ਨੂੰ ਵਧਾਉਣ ਪ੍ਰਤੀ ਪ੍ਰਮੁੱਖ ਕਾਰਨ : ਬਾਲ ਮੁਕੰਦ ਸ਼ਰਮਾ

**ਪਟਿਆਲਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਨੇ ਇੱਥੇ ਨਵਜੀਵਨੀ ਸਕੂਲ ਆਫ ਸਪੈਸ਼ਲ ਐਜੂਕੇਸ਼ਨ, ਸੂਲਰ ਦੇ 44ਵੇਂ ਸਥਾਪਨਾ ਦਿਵਸ ਮੌਕੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਬਾਲ ਮੁਕੰਦ ਸ਼ਰਮਾ ਨੇ ਅੱਜਕਲ ਦੇ ਕੈਮੀਕਲ ਯੁਕਤ ਖਾਣ ਪਾਣ ਦੇ ਪੱਧਰ, ਵੰਸ਼ਵਾਦ/ਗੁਣ ਸੂਤਰਾਂ (ਜੀਨਜ਼) ਦੇ ਵਿਕਾਰ ਅਤੇ ਅਪ੍ਰਕਿਰਤਿਕ ਸਥਿਤੀਆਂ, ਦਿਵਿਆਂਗਤਾ ਨੂੰ ਵਧਾਉਣ ਪ੍ਰਤੀ ਪ੍ਰਮੁੱਖ ਕਾਰਨਾਂ ਦੇ ਵਧਣ 'ਤੇ ਚਿੰਤਾ ਜਾਹਰ ਕੀਤੀ।



ਚੇਅਰਮੈਨ ਬਾਲ ਮੁਕੰਦ ਸ਼ਰਮਾ ਨਵਜੀਵਨੀ ਸਕੂਲ ਦੇ 44ਵੇਂ ਸਾਲਾਨਾ ਸਮਾਗਮ ਮੌਕੇ ਸ਼ਿਰਕਤ ਕਰਦੇ ਹੋਏ।

ਬਾਲ ਮੁਕੰਦ ਸ਼ਰਮਾ ਨੇ ਦੱਸਿਆ ਕਿ ਆਮ ਤੌਰ 'ਤੇ 100 ਆਮ ਤੰਦਰੁਸਤ ਬੱਚਿਆਂ ਦੇ ਜਨਮ ਪਿੱਛੇ ਲਗਭਗ ਤਿੰਨ ਬੱਚੇ ਦਿਵਿਆਂਗ ਪੈਦਾ ਹੋ ਰਹੇ ਹਨ। ਨਵਜੀਵਨੀ ਸਕੂਲ ਆਫ ਸਪੈਸ਼ਲ ਐਜੂਕੇਸ਼ਨ ਮੰਦਬੁਧਿਤਾ ਅਤੇ ਇਸ ਦੇ ਨਾਲ ਨਾਲ ਜੁੜੇ ਹੋਰ ਵਿਕਾਰਾਂ ਜਿਵੇਂ ਕਿ ਔਟਿਜ਼ਮ ਅਤੇ ਸੈਰੇਬਰਲ ਪਾਲਸੀ ਆਦਿ ਮਾਮਲਿਆਂ 'ਚ ਸਮੇਂ ਤੋਂ ਪਹਿਲਾਂ ਦਖਲ ਦੇ ਕੇ ਵਿਕਾਰਾਂ ਨੂੰ ਰੋਕਣ ਲਈ ਤਤਪਰ ਹੈ।

ਚੇਅਰਮੈਨ ਨੇ ਇਸ ਸਕੂਲ ਅਤੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਸਕੂਲ ਨੇ ਆਪਣੀ ਸਥਾਪਨਾ ਵਰ੍ਹੇ 1981 ਤੋਂ ਲੈਕੇ ਹੁਣ ਤੱਕ ਲਗਭਗ 152 ਵਿਸ਼ੇਸ਼ ਜ਼ਰੂਰਤਾਂ (ਇੰਟਲੈਕਚੁਅਲ ਅਤੇ ਡੈਵਲਪਮੈਂਟਲ ਡਿਸੇਬਿਲਿਟੀਜ) ਵਾਲੇ ਹਜ਼ਾਰਾਂ ਬੱਚਿਆਂ ਦੇ ਪੁਨਰਵਾਸ ਲਈ ਨਿਰੰਤਰ ਪ੍ਰਦਾਨ ਕੀਤੀਆਂ ਸੇਵਾਂਵਾ ਸ਼ਲਾਘਾਯੋਗ ਹਨ।

ਬਾਲ ਮੁਕੰਦ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਤਸੱਲੀ ਤੇ ਖੁਸ਼ੀ ਹੈ ਕਿ ਸਕੂਲ ਵਿੱਚ ਸਪੈਸ਼ਲ ਐਜੂਕੇਸ਼ਨ ਅਧਾਰਿਤ ਤਰੀਕਿਆਂ ਦੇ ਨਾਲ ਬੱਚਿਆਂ ਦੀ ਸਿੱਖਿਆ ਅਤੇ ਜੀਵਨ ਗੁਣਵੱਤਾ ਦਾ ਪੱਧਰ ਉੱਚਾ ਚੱਕਣ ਲਈ ਉਪਰਾਲੇ ਕੀਤੇ ਜਾਂਦੇ ਹਨ। ਉਨ੍ਹਾਂ ਨੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਹਰੀ ਝੰਡੀ ਫ਼ਹਿਰਾ ਕੇ ਕੀਤੀ।

ਇਸ ਮੌਕੇ ਵਿਸ਼ੇਸ਼ ਜਰੂਰਤਾਂ ਵਾਲੇ ਬੱਚਿਆਂ ਨੇ ਆਪਣੀਆਂ ਵਿਲੱਖਣ ਖੇਡਾਂ ਦਾ ਦਿਲਚਸਪ ਪ੍ਰਦਰਸ਼ਨ ਕੀਤਾ। ਬਾਲ ਮੁਕੰਦ ਸ਼ਰਮਾ ਨੇ ਇਨ੍ਹਾਂ ਸਪੈਸ਼ਲ ਬੱਚਿਆਂ ਦੀ ਹੌਂਸਲਾ ਅਫਜ਼ਾਈ ਕੀਤੀ ਤੇ ਜੇਤੂ ਬੱਚਿਆਂ ਨੂੰ ਮੈਡਲ ਵੀ ਵੰਡੇ। ਖੇਡਾਂ ਦੇ ਨਾਲ ਨਾਲ ਉਹਨਾਂ ਨੇ ਵਿਸ਼ੇਸ਼ ਬੱਚਿਆਂ ਵੱਲੋਂ ਬਣਾਏ ਕਰਾਫਟ ਦੇ ਸਮਾਨ ਨੂੰ ਵੀ ਵਾਚਿਆ ਤੇ ਸਕੂਲ ਦੀ ਕਾਰਗੁਜ਼ਾਰੀ ਵੀ ਵੇਖੀ, ਸਕੂਲ ਦੀ ਮੈਨੇਜਮੈਂਟ ਵੱਲੋਂ ਕੀਮਤੀ ਸਮਾਂ ਸਕੂਲ ਨੂੰ ਦੇਣ ਲਈ ਚੇਅਰਮੈਨ ਸ਼ਰਮਾ ਦਾ ਧੰਨਵਾਦ ਕੀਤਾ।

ਜਿਕਰਯੋਗ ਹੈ ਕਿ ਇਨ੍ਹਾਂ ਵਿਸ਼ੇਸ਼ ਬੱਚਿਆਂ ਦਾ ਪਾਠਕ੍ਰਮ ਆਮ ਸਕੂਲਾਂ ਵਰਗਾ ਨਹੀਂ ਹੁੰਦਾ ਅਤੇ ਨਾ ਹੀ ਇੱਕ ਵਿਸ਼ੇਸ਼ ਬੱਚੇ ਦਾ ਪਾਠਕ੍ਰਮ ਦੂਜੇ ਵਿਸ਼ੇਸ਼ ਬੱਚੇ ਨਾਲ ਮਿਲਦਾ ਹੈ, ਕਿਉਂਕਿ ਹਰੇਕ ਵਿਸ਼ੇਸ਼ ਬੱਚੇ ਦੀਆਂ ਜਰੂਰਤਾਂ ਵੱਖ-ਵੱਖ ਹੁੰਦੀਆਂ ਹਨ, ਇਸ ਲਈ ਉਨ੍ਹਾਂ ਦਾ ਪਾਠਕ੍ਰਮ ਇੱਕ ਖ਼ਾਸ ਕਿਸਮ ਦਾ ਪਾਠਕ੍ਰਮ ਹੁੰਦਾ ਹੈ।

ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਬੱਚੇ ਦਾ ਪਾਠਕ੍ਰਮ ਤਿਆਰ ਕਰਨ ਵੇਲੇ ਬੱਚੇ ਦੀ ਬੌਧਿਕ ਵਿਕਲਾਂਗਤਾ, ਵਿਕਲਾਂਗਤਾ ਦੀ ਅਵਸਥਾ, ਭੌਤਿਕ ਅਸੱਮਰਥਤਾ, ਨਿੱਜੀ ਜ਼ਰੂਰਤ ਪਰਿਵਾਰਿਕ ਜ਼ਰੂਰਤਾਂ ਅਤੇ ਹੋਰ ਕਈ ਤਰ੍ਹਾਂ ਦੇ ਕਾਰਕਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਪਾਠਕ੍ਰਮ ਦਾ ਜ਼ਿਆਦਾ ਝੁਕਾਅ ਆਮ ਜ਼ਿੰਦਗੀ ਨਾਲ ਜੁੜੀਆਂ ਨਿਯਮਿਤ ਕ੍ਰਿਆਵਾਂ ਜਿਵੇਂ ਕਿ ਪਖਾਨਾ ਕਰਨਾ, ਨਹਾਉਣਾ, ਆਪਣੇ ਆਪ ਨੂੰ ਸੰਵਾਰਨਾ, ਕਪੜੇ ਪਹਿਨਣੇ ਤੇ ਉਤਾਰਨੇ, ਰੋਟੀ ਖਾਣੀ, ਆਪਣੇ ਸਰੀਰ ਦੀ ਸਾਂਭ ਸੰਭਾਲ ਕਰਨੀ, ਦੂਜਿਆਂ ਦੁਆਰਾ ਪੁੱਛੇ ਆਮ ਸਵਾਲਾਂ ਦੇ ਜਵਾਬ ਦੇਣਾ, ਗੱਲਬਾਤ ਕਰਨਾ ਅਤੇ ਕਿਰਿਆਤਮਕ ਵਿੱਦਿਆ ਸਿੱਖਣ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਨਵਜੀਵਨੀ ਸਕੂਲ ਆਫ ਸਪੈਸ਼ਲ ਐਜੂਕੇਸ਼ਨ ਇੰਟਲੈਕਚੁਅਲ ਤੇ ਡਿਵਲਪਮੈਂਟ ਡਿਸੇਬਲ (ਮੰਦਬੁੱਧਿਤਾ) ਬੱਚਿਆਂ ਲਈ ਡੇ-ਬੋਰਡਿੰਗ ਅਤੇ ਹਾਸਟਲ ਦੀ ਸੁਵਿੱਧਾ ਵੀ ਪ੍ਰਦਾਨ ਕਰਦਾ ਹੈ, ਜਿਸ ਵਿੱਚ ਪੂਰੇ ਭਾਰਤ ਤੋਂ ਬੱਚੇ ਵਿਸ਼ੇਸ਼ ਸਿੱਖਿਆ ਪ੍ਰਾਪਤ ਕਰ ਰਹੇ ਹਨ। ਇਸ ਮੌਕੇ ਜ਼ਿਲ੍ਹਾ ਅਟਾਰਨੀ ਅਨਮੋਲ ਜੀਤ ਸਿੰਘ, ਡਾ. ਅਮਰਜੀਤ ਸਿੰਘ ਸੋਹੀ, ਸਕੱਤਰ ਸਰਬਜੀਤ ਕੌਰ ਸਮੇਤ ਸ਼ਹਿਰ ਦੇ ਹੋਰ ਵੀ ਪਤਵੰਤੇ ਵੀ ਹਾਜ਼ਿਰ ਹੋਏ।

# ਸਿਹਤਮੰਦ ਸ਼ੁਰੂਆਤ, ਆਸ ਭਰਪੂਰ ਭਵਿੱਖ ਵਿਸ਼ੇ ਤਹਿਤ ਮਨਾਇਆ ਵਿਸ਼ਵ ਸਿਹਤ ਦਿਵਸ



**ਪਟਿਆਲਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਸਿਹਤਮੰਦ ਜੀਵਨ ਜਿਉਣ ਲਈ ਜਾਗਰੂਕ ਕਰਨ ਲਈ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਅਧੀਨ ÷ਸਿਹਤਮੰਦ ਸ਼ੁਰੂਆਤ,ਆਸ ਭਰਪੂਰ ਭਵਿੱਖ÷ ਵਿਸ਼ੇ ਤਹਿਤ ਵਿਸ਼ਵ ਸਿਹਤ ਦਿਵਸ ਦਾ ਆਯੋਜਨ ਸੀ.ਐਚ.ਸੀ ਮਾਡਲ ਟਾਊਨ, ਪਟਿਆਲਾ ਵਿਖੇ ਕੀਤਾ ਗਿਆ। ਸੀਨੀਅਰ ਮੈਡੀਕਲ ਅਫਸਰ ਡਾ.ਲਵਕੇਸ਼ ਕੁਮਾਰ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਵਿਸ਼ਵ ਸਿਹਤ ਦਿਵਸ ਲੋਕਾਂ ਨੂੰ ਸਿਹਤਮੰਦ ਰੱਖਣ ਲਈ ਸਿਹਤ ਨਾਲ ਸਬੰਧਤ ਮੁਦਿਆਂ ਅਤੇ ਸਮੱਸਿਆਵਾਂ ਦੇ ਹਲ ਪ੍ਰਤੀ ਜਾਗਰੂਕ ਕਰਨ ਲਈ ਸੰਸਾਰ ਦੇ ਕੋਨੇ ਕੋਨੇ ਵਿੱਚ ਮਨਾਇਆ ਜਾਂਦਾ ਹੈ ਤਾਂ ਜੋ ਸਿਹਤਮੰਦ ਰਹਿ ਕੇ ਮਜਬੂਤ ਸਮਾਜ ਦੀ ਸਥਾਪਨਾ ਕੀਤੀ ਜਾ ਸਕੇ। ਉਹਨਾਂ ਕਿਹਾ ਕਿ ਸਿਹਤਮੰਦ ਹੋਣ ਦਾ ਮਤਲਬ ਕੇਵਲ ਬਿਮਾਰੀਆਂ ਤੋਂ ਰਹਿਤ ਹੋਣਾ ਹੀ ਨਹੀਂ ਬਲਕਿ ਮਨੁੱਖ ਦਾ ਸ਼ਰੀਰਿਕ, ਮਾਨਸਿਕ ਅਤੇ ਸਮਾਜਿਕ ਤੌਰ ਤੇ ਵੀ ਸਿਹਤਮੰਦ ਹੋਣਾ ਹੈ। ਉਹਨਾਂ ਕਿਹਾ ਕਿ ਵਾਤਾਵਰਣ ਅਤੇ ਸਾਡੀਆਂ ਖਾਣ ਪੀਣ/ਰਹਿਣ ਸਹਿਣ ਦੀਆਂ ਆਦਤਾਂ ਵਿੱਚ ਤਬਦੀਲੀਆਂ ਆਉਣ ਕਰਕੇ ਬਿਮਾਰੀਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ,ਜਿਹਨਾਂ ਤੋਂ ਬਚਾਅ ਦੀ ਜਾਗਰੂਕਤਾ ਲਈ ਅਜਿਹੇ ਸਿਹਤ ਦਿਵਸ ਮਨਾਏ ਜਾਂਦੇ ਹਨ।

ਗਾਇਨੀ ਡਾ.ਗਗਨਜੀਤ ਕੌਰ ਵਾਲੀਆ ਨੇ ÷ਸਿਹਤਮੰਦ ਸ਼ੁਰੂਆਤ,ਆਸ ਭਰਪੂਰ ਭਵਿੱਖ÷ ਦੇ ਸਬੰਧ ਵਿੱਚ ਦੱਸਿਆ ਕਿ ਅੱਜ ਦਾ ਵਿਸ਼ਾ ਮੁਖ ਤੌਰ ਤੇ ਮਾਵਾਂ ਅਤੇ ਨਵ ਜੰਮੇ ਬੱਚਿਆਂ ਦੀ ਸਿਹਤ ਅਤੇ ਸੁਰੱਖਿਆ ਤੇ ਕੇਂਦਰਤ ਹੈ। ਇਸ ਦਾ ਮਕਸਦ ਗਰਭ ਅਵਸਥਾ, ਜਣੇਪਾ, ਅਤੇ ਬਾਦ ਦੀ ਦੇਖਭਾਲ ਦੌਰਾਨ ਵਧੀਆ ਸਿਹਤ ਸੇਵਾਵਾਂ ਦੇ ਕੇ ਮਾਵਾਂ ਤੇ ਨਵਜੰਮੇ ਬੱਚਿਆਂ ਦੀ ਮੌਤਾਂ ਦੀ ਗਿਣਤੀ ਨੂੰ ਘਟਾਉਣਾ ਹੈ। ਉਹਨਾਂ ਕਿਹਾ ਕਿ ਗਰਭ-ਅਵਸਥਾ ਦੌਰਾਨ ਮੁਸ਼ਕਿਲਾਂ ਦਾ ਜਲਦੀ ਪਤਾ ਲਗਾਉਣਾ, ਐਮਰਜੈਂਸੀ ਪ੍ਰਸੂਤੀ ਦੇਖਭਾਲ, ਛੋਟੇ ਅਤੇ ਸਮੇਂ ਤੋਂ ਪਹਿਲਾਂ ਜਨਮੇ ਬੱਚਿਆਂ ਦੀ ਵਿਸ਼ੇਸ਼ ਦੇਖਭਾਲ ਹੀ ਮੌਤ ਦਰ ਨੂੰ ਘਟਾਉਣ ਸਹਾਇਕ ਹੁੰਦੀ ਹੈ। ਉਹਨਾਂ ਜੋਰ ਦੇ ਕੇ ਕਿਹਾ ਕਿ ਬੱਚੇ ਦੇ ਜਨਮ ਤੋਂ ਬਾਦ ਮਾਂ ਨੂੰ ਮਾਨਸਿਕ ਸਿਹਤ ਸਹਾਇਤਾ, ਛਾਤੀ ਦਾ ਦੁੱਧ ਚੁੰਘਾਉਣ ਸਬੰਧੀ ਜਾਗਰੂਕਤਾ,ਪੌਸ਼ਟਿਕ ਖੁਰਾਕ ਅਤੇ ਬੱਚਿਆਂ ਦੇ ਟੀਕਾਕਰਨ ਸਬੰਧੀ ਸੇਵਾਵਾਂ ਦੀ ਜਾਣਕਾਰੀ ਹੋਣੀ ਬਹੁਤ ਜਰੂਰੀ ਹੈ।

# ਸਿੱਖਿਆ, ਨੌਜਵਾਨਾਂ ਨੂੰ ਤਰਾਸ਼ ਕੇ ਡਾਕਟਰ, ਵਿਦਵਾਨ, ਇੰਜੀਨੀਅਰ ਅਤੇ ਪ੍ਰਸ਼ਾਸਨਿਕ ਅਧਿਕਾਰੀ ਬਣਾ ਸਕਦੀ ਹੈ : ਮੁੰਡੀਆਂ



**ਚੰਡੀਗੜ੍ਹ/ਲੁਧਿਆਣਾ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ, ਜਦੋਂ ਤੋਂ 'ਆਪ' ਸਰਕਾਰ ਦੇ ਸੱਤਾ ਸੰਭਾਲੀ ਹੈ, ਪੰਜਾਬ ਸਿੱਖਿਆ ਖੇਤਰ ਵਿੱਚ ਨਵੀਆਂ ਬੁਲੰਦੀਆਂ ਛੋਹ ਰਿਹਾ ਹੈ।

ਪੰਜਾਬ ਸਰਕਾਰ ਸੂਬੇ ਭਰ ਦੇ 12,000 ਸਰਕਾਰੀ ਸਕੂਲਾਂ ਵਿੱਚ 2,000 ਕਰੋੜ ਰੁਪਏ ਦੇ ਨਵੇਂ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਦਾ ਉਦਘਾਟਨ ਕਰ ਰਹੀ ਹੈ। ਅੱਜ, ਕੈਬਨਿਟ ਮੰਤਰੀ ਮੁੰਡੀਆਂ ਨੇ ਸਾਹਨੇਵਾਲ ਅਤੇ ਦਾਖਾ ਦੇ ਸਕੂਲਾਂ ਵਿੱਚ 2 ਕਰੋੜ ਰੁਪਏ ਦੀ ਲਾਗਤ ਵਾਲੇ ਕੰਮਾਂ ਦਾ ਉਦਘਾਟਨ ਕੀਤਾ।

ਅੱਜ ਦੇ ਦਿਨ ਨੂੰ ਪੰਜਾਬ ਦੇ ਇਤਿਹਾਸ ਵਿੱਚ ਇੱਕ ਸੁਨਹਿਰੀ ਦਿਨ ਦੱਸਦਿਆਂ, ਕੈਬਨਿਟ ਮੰਤਰੀ ਨੇ ਸਾਹਨੇਵਾਲ ਦੇ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਕਈ ਬੁਨਿਆਦੀ ਢਾਂਚਾ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ, ਜੋ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਉਲੀਕੇ ਗਏ ਹਨ। ਇਨ੍ਹਾਂ ਪ੍ਰੋਜੈਕਟਾਂ ਵਿੱਚ ਨਵੇਂ ਸਮਾਰਟ ਕਲਾਸਰੂਮ, ਸਾਇੰਸ ਲੈਬ, ਚਾਰਦੀਵਾਰੀ, ਅਤੇ ਕੁੜੀਆਂ ਅਤੇ ਮੁੰਡਿਆਂ ਲਈ ਵੱਖਰੇ ਪਖ਼ਾਨਿਆਂ ਦੇ ਨਾਲ-ਨਾਲ ਖੇਡ ਮੈਦਾਨ ਵੀ ਸ਼ਾਮਲ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਰਕਾਰੀ ਸਕੂਲ ਹੁਣ ਨਿੱਜੀ ਅਤੇ ਮਹਿੰਗੇ ਸਕੂਲਾਂ ਨੂੰ ਪਛਾੜਕੇ ਅੱਗੇ ਆ ਰਹੇ ਹਨ, ਜਿਸ ਨਾਲ ਇਹ ਬਹੁਤ ਸਾਰੇ ਮਾਪਿਆਂ ਦੀ ਪਹਿਲੀ ਪਸੰਦ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲ ਮੁਕੰਮਲ ਕਾਇਆ-ਕਲਪ ਦੇ ਦੌਰ ਚੋਂ ਗੁਜ਼ਰ ਰਹੇ ਹਨ, ਜਿਸ ਤਹਿਤ ਬਜਟ ਦਾ ਇੱਕ ਮਹੱਤਵਪੂਰਨ ਹਿੱਸਾ ਸਿੱਖਿਆ ਲਈ ਅਲਾਟ ਕੀਤਾ ਗਿਆ ਹੈ।

ਮੁੰਡੀਆਂ ਨੇ ਸਿੱਖਿਆ ਦੀ ਪਰਿਵਰਤਨਸ਼ੀਲ ਤੇ ਸੇਧਪੂਰਨ ਸਮਰੱਥਾ 'ਤੇ ਜ਼ੋਰ ਦਿੰਦਿਆਂ, ਇਸਨੂੰ ਨਰੋਏ ਸਮਾਜ ਦੀ ਨੀਂਹ ਦੱਸਿਆ। ਉਨ੍ਹਾਂ ਕਿਹਾ ਕਿ ਸਿੱਖਿਆ ਵਿੱਚ ਨੌਜਵਾਨ ਨੂੰ ਤਰਾਸ਼ ਕੇ ਡਾਕਟਰ, ਵਿਦਵਾਨ, ਇੰਜੀਨੀਅਰ, ਉੱਚ ਅਧਿਕਾਰੀ ਅਤੇ ਆਗੂ ਬਣਾਉਣ ਦੀ ਸਮਰੱਥਾ ਹੁੰਦੀ ਹੈ। ਕੈਬਨਿਟ ਮੰਤਰੀ ਨੇ ਮਾਪਿਆਂ ਅਤੇ ਅਧਿਆਪਕਾਂ ਨੂੰ ਇੱਕ ਖੁਸ਼ਹਾਲ ਸਮਾਜ ਦੀ ਸਿਰਜਣਾ ਲਈ ਸਿੱਖਿਆ ਦੇ ਮਹੱਤਵ ਤੇ ਜ਼ੋਰ ਦਿੰਦੇ ਹੋਏ, ਹਰੇਕ ਬੱਚੇ ਦੀ ਸਮਰੱਥਾ ਦਾ ਸੁਚੱਜਤਾ ਨਾਲ ਪਾਲਣ-ਪੋਸ਼ਣ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਪਹਿਲਕਦਮੀ - 'ਪੰਜਾਬ ਸਿੱਖਿਆ ਕ੍ਰਾਂਤੀ', ਨੂੰ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਇੱਕ ਸ਼ਲਾਘਾਯੋਗ ਯਤਨ ਦੱਸਿਆ।

# 'ਭਾਰਤ ਕੀ ਹੈ' ਪੁਸਤਕ ਸ. ਜਸਵੰਤ ਸਿੰਘ ਜ਼ਫ਼ਰ ਨੇ ਕੀਤੀ ਲੋਕ ਅਰਪਣ



**ਪਟਿਆਲਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਪ੍ਰਸਿੱਧ ਵਿਦਵਾਨਾਂ ਦੀ ਨਜ਼ਰ ਵਿੱਚ ਭਾਰਤ ਦੀ ਅਮੀਰ ਤੇ ਸਰਬ-ਪੱਖੀ ਵਿਰਾਸਤ ਨੂੰ ਦਰਸਾਉਂਦੀ ਪੁਸਤਕ 'ਭਾਰਤ ਕੀ ਹੈ' ਅੱਜ ਭਾਸ਼ਾ ਵਿਭਾਗ, ਪੰਜਾਬ ਦੇ ਨਿਰਦੇਸ਼ਕ ਸ. ਜਸਵੰਤ ਸਿੰਘ ਜ਼ਫ਼ਰ ਨੇ ਲੋਕ ਅਰਪਣ ਕੀਤੀ। ਇਹ ਪੁਸਤਕ ਵਿਭਾਗ ਦੇ ਸਹਾਇਕ ਨਿਰਦੇਸ਼ਕ ਸ੍ਰੀ ਆਲੋਕ ਚਾਵਲਾ ਨੇ ਅਨੁਵਾਦ ਕੀਤੀ ਹੈ। ਮੂਲ ਰੂਪ ਵਿੱਚ ਡਾ. ਏ.ਵੀ. ਮੁਰਲੀ (ਅਮਰੀਕਾ) ਇਸ ਦੇ ਪ੍ਰਮੁੱਖ ਸੰਪਾਦਕ ਹਨ ਅਤੇ ਸਲੀਲ ਗੇਵਾਲੀ (ਸ਼ਿਲਾਂਗ) ਮੇਘਾਲਿਆ ਇਸ ਦੇ ਸੰਕਲਨਕਰਤਾ ਹਨ।

ਇਸ ਮੌਕੇ ਸ. ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਅਸੀਂ ਆਪਣੇ ਸੱਭਿਆਚਾਰ ਤੇ ਸੰਸਕ੍ਰਿਤੀ ਬਾਰੇ ਬਹੁਤ ਕੁਝ ਲਿਖਦੇ ਰਹਿੰਦੇ ਹਾਂ ਪਰ ਹੋਰਨਾਂ ਦੇਸ਼ਾਂ ਦੇ ਵਿਦਵਾਨਾਂ ਦੀ ਨਜ਼ਰ ਵਿੱਚ ਸਾਡਾ ਦੇਸ਼ ਕਿਸ ਤਰ੍ਹਾਂ ਦਾ ਹੈ ਉਸ ਨੂੰ ਜਾਣਨਾ ਵੀ ਅਤਿ-ਜ਼ਰੂਰੀ ਹੈ। ਇਸੇ ਕਰਕੇ ਵਿਸ਼ਵ ਪ੍ਰਸਿੱਧ ਵਿਦਵਾਨਾਂ ਦੁਆਰਾ ਸਾਡੇ ਦੇਸ਼ ਬਾਰੇ ਕੀਤੀਆਂ ਗਈਆਂ ਸ਼ਲਾਘਾਯੋਗ ਟਿੱਪਣੀਆਂ ਸਾਡਾ ਮਨੋਬਲ ਵਧਾਉਣ ਦੇ ਨਾਲ-ਨਾਲ ਦੁਨੀਆ ਭਰ ਵਿੱਚ ਸਾਡੇ ਦੇਸ਼ ਦਾ ਸਤਿਕਾਰ ਵਧਾਉਂਦੀਆਂ ਹਨ। ਉਨ੍ਹਾਂ ਅਨੁਵਾਦਕ ਸ੍ਰੀ ਆਲੋਕ ਚਾਵਲਾ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਯਤਨ ਸਾਹਿਤ ਅਤੇ ਗਿਆਨ ਦੇ ਖੇਤਰ ਵਿੱਚ ਹੋਣੇ ਲਾਜ਼ਮੀ ਹਨ। ਸ੍ਰੀ ਆਲੋਕ ਚਾਵਲਾ ਨੇ ਦੱਸਿਆ ਇਸ ਪੁਸਤਕ ਵਿੱਚ ਅਲਬਰਟ ਆਈਨਸਟਾਈਨ, ਟੀ.ਐਸ. ਏਲੀਅਟ, ਆਰਥਰ ਸ਼ੋਪੇਨਹਵਰ, ਵਰਨਰ ਹਾਇਜ਼ੇਨਬਰਗ, ਫ੍ਰੈਡ੍ਰਿਕ ਹੇਗਲ, ਗ੍ਰੀਸ ਦੀ ਮਹਾਰਾਣੀ ਫ੍ਰੈਡ੍ਰਿਕਾ ਅਤੇ ਹੈਨਰੀ ਡੇਵਿਡ 'ਥੋਰ ਆਦਿ ਦੇ ਭਾਰਤੀ ਲੋਕਾਂ ਦੇ ਸਾਹਿਤ, ਕਲਾ, ਵਿਗਿਆਨ ਅਤੇ ਹੋਰਨਾਂ ਖੇਤਰਾਂ ਵਿੱਚ ਕੀਤੇ ਵਡਮੁੱਲੇ ਕਾਰਜਾਂ ਬਾਰੇ ਪ੍ਰਗਟ ਕੀਤੇ ਮਾਣਮੱਤੇ ਵਿਚਾਰ ਤਸਵੀਰਾਂ ਸਹਿਤ ਸ਼ਾਮਲ ਹਨ। ਇਸ ਮੌਕੇ 'ਤੇ ਭਾਸ਼ਾ ਵਿਭਾਗ ਦੇ ਡਿਪਟੀ ਡਾਇਰੈਕਟਰ ਸਤਨਾਮ ਸਿੰਘ, ਸਹਾਇਕ ਨਿਰਦੇਸ਼ਕ ਅਮਰਿੰਦਰ ਸਿੰਘ, ਪ੍ਰੀਤਇੰਦਰ (ਮੈਲਬਰਨ), ਖੋਜ ਅਫ਼ਸਰ ਡਾ. ਸੰਤੋਖ ਸੁੱਖੀ, ਡਾ. ਸੁਖਦਰਸ਼ਨ ਸਿੰਘ ਚਹਿਲ, ਸਤਪਾਲ ਸਿੰਘ ਚਹਿਲ ਅਤੇ ਡਾ. ਮਨਜਿੰਦਰ ਸਿੰਘ ਹਾਜ਼ਰ ਸਨ।

# ਝੋਨੇ ਦੀ ਕਿਸਮ ਪੂਸਾ-44 ਅਤੇ ਹਾਈਬ੍ਰਿਡ ਬੀਜਾਂ ਉੱਪਰ ਪਾਬੰਦੀ: ਮੁੱਖ ਖੇਤੀਬਾੜੀ ਅ.ਫਸਰ

**ਪਟਿਆਲਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਅਤੇ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਜਸਵੰਤ ਸਿੰਘ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਮੁੱਖ ਖੇਤੀਬਾੜੀ ਅਫ਼ਸਰ ਪਟਿਆਲਾ ਡਾ. ਜਸਵਿੰਦਰ ਸਿੰਘ ਨੇ ਪਟਿਆਲਾ ਦੇ ਕਿਸਾਨਾਂ ਨੂੰ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਿਫ਼ਾਰਿਸ਼ ਦੇ ਸਨਮੁੱਖ ਸਾਉਣੀ ਸੀਜ਼ਨ 2025 ਦੌਰਾਨ ਝੋਨੇ ਦੀ ਕਿਸਮ ਪੂਸਾ-44 ਅਤੇ ਹਾਈਬ੍ਰਿਡ ਕਿਸਮਾਂ ਦੇ ਬੀਜਾਂ ਦੀ ਵਿੱਕਰੀ ਅਤੇ ਬਿਜਾਈ ਤੇ ਪੂਰਨ ਤੌਰ ਤੇ ਪਾਬੰਦੀ ਲਗਾਈ ਜਾਂਦੀ ਹੈ।

ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਸੂਬੇ ਵਿਚ ਪੀ.ਏ.ਯੂ. ਦੀਆਂ ਸਿਫ਼ਾਰਿਸ਼ਾਂ ਅਨੁਸਾਰ ਘੱਟ ਪਾਣੀ ਅਤੇ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ.ਆਰ. 126 ਅਤੇ ਹੋਰ ਘੱਟ ਪਾਣੀ ਵਾਲੀਆਂ ਕਿਸਮਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਵਿਧੀ ਰਾਹੀਂ ਬਿਜਵਾਈ ਕਰਵਾਉਣ ਲਈ ਸਿਫ਼ਾਰਿਸ਼ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਪੂਸਾ-44 ਕਿਸਮ ਝੁਲਸ ਰੋਗ ਦੀ ਬਿਮਾਰੀ ਅਤੇ ਕਈ ਪ੍ਰਕਾਰ ਦੇ ਰੱਸ ਚੂਸਣ ਵਾਲੇ ਕੀੜੇ ਮਕੌੜਿਆਂ ਤੋਂ ਜਲਦੀ ਪ੍ਰਭਾਵਿਤ ਹੋਣ ਦਾ ਖ਼ਦਸ਼ਾ ਰੱਖਦੀ ਹੈ ਇਸ ਦੇ ਪਰਾਲ ਨੂੰ ਅੱਗ ਲਗਾਉਣ ਨਾਲ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ ਅਤੇ ਮਿੱਟੀ, ਪਾਣੀ ਨੂੰ ਪ੍ਰਦੂਸ਼ਿਤ ਕਰਨ ਦੀ ਦਰ ਵਿਚ ਵਾਧਾ ਹੁੰਦਾ ਹੈ। ਇਸ ਤੋਂ ਇਲਾਵਾ ਝੋਨੇ ਦੇ ਹਾਈਬ੍ਰਿਡ ਬੀਜ ਮਹਿੰਗੇ ਰੇਟ ਮਿਲਦੇ ਹਨ ਅਤੇ ਇਹਨਾਂ ਦੀ ਜਿਨਸ ਵਿਚ ਐਮ.ਸੀ.ਆਈ. ਵੱਲੋਂ ਨਿਰਧਾਰਿਤ ਮਾਪਦੰਡਾਂ ਦੇ ਜ਼ਿਆਦਾ ਟੋਟਾ ਆਉਂਦਾ ਹੈ। ਜਿਸ ਕਾਰਨ ਕਿਸਾਨਾਂ ਨੂੰ ਮੰਡੀ ਵਿਚ ਘੱਟ ਭਾਅ ਮਿਲਦਾ ਹੈ ਅਤੇ ਜ਼ਿਆਦਾ ਖੱਜਲ ਖੁਆਰੀ ਹੁੰਦੀ ਹੈ।

ਮੁੱਖ ਖੇਤੀਬਾੜੀ ਅਫ਼ਸਰ ਪਟਿਆਲਾ ਨੇ ਦੱਸਿਆ ਕਿ ਵਿਭਾਗ ਵੱਲੋਂ ਮਹੀਨਾ ਅਪ੍ਰੈਲ ਵਿਚ ਲਗਾਏ ਜਾਣ ਵਾਲੇ ਵੱਖ-ਵੱਖ ਕੈਂਪਾਂ ਰਾਹੀਂ ਪ੍ਰਮਾਣਿਤ ਕਿਸਮਾਂ ਦੇ ਬੀਜਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ ਅਤੇ ਅਣਅਧਿਕਾਰਤ ਕਿਸਮਾਂ ਦੇ ਬੀਜਾਂ ਦੀ ਸੇਲ ਨੂੰ ਰੋਕਣ ਸਬੰਧੀ ਬਲਾਕ ਪੱਧਰ ਤੇ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਹੈ ਅਤੇ ਬੀਜ ਡੀਲਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਸੀਡ ਐਕਟ 1966 ਅਧੀਨ ਕੋਈ ਵੀ ਬੀਜ ਪ੍ਰਾਪਤ ਹੋਣ ਤੇ ਸਬੰਧਿਤ ਬੀਜ ਇੰਸਪੈਕਟਰ ਨੂੰ ਜਾਣਕਾਰੀ ਦਿੱਤੀ ਜਾਵੇ ਅਤੇ ਜੇਕਰ ਕਿਸੇ ਵੀ ਬੀਜ ਡੀਲਰ ਵੱਲੋਂ ਕਿਸਾਨਾਂ ਨੂੰ ਵੱਧ ਰੇਟ ਤੇ ਜਾਂ ਕਾਲਾ ਬਾਜ਼ਾਰੀ ਰਾਹੀਂ ਬੀਜ ਦਿੱਤਾ ਗਿਆ ਤਾਂ ਉਸ ਵਿਰੁੱਧ ਸੀਡ ਐਕਟ 1966 ਅਧੀਨ ਬਣਦੀ ਕਾਰਵਾਈ ਕੀਤੀ ਜਾਵੇਗੀ।

ਮੁੱਖ ਖੇਤੀਬਾੜੀ ਅਫ਼ਸਰ ਪਟਿਆਲਾ ਨੇ ਦੱਸਿਆ ਕਿ ਬੀਜਾਂ ਦੀ ਕਾਲਾ ਬਾਜ਼ਾਰੀ ਜਾਂ ਕਿਸੇ ਹੋਰ ਪ੍ਰਕਾਰ ਦੀ ਸਮੱਸਿਆ ਦੇ ਹੱਲ ਲਈ ਬਲਾਕ ਪਟਿਆਲਾ ਦੇ ਕਿਸਾਨ ਡਾ. ਗੁਰਮੀਤ ਸਿੰਘ (97791-60950), ਬਲਾਕ ਨਾਭਾ ਦੇ ਕਿਸਾਨ ਡਾ. ਜੁਪਿੰਦਰ ਸਿੰਘ ਗਿੱਲ (97805-60004), ਬਲਾਕ ਭੂਨਰਹੇੜੀ ਦੇ ਕਿਸਾਨ ਡਾ. ਅਵਨਿੰਦਰ ਸਿੰਘ ਮਾਨ (80547-04171), ਬਲਾਕ ਸਮਾਣਾ ਦੇ ਕਿਸਾਨ ਡਾ. ਸਤੀਸ਼ ਕੁਮਾਰ (97589-00047), ਬਲਾਕ ਰਾਜਪੁਰਾ ਦੇ ਕਿਸਾਨ ਡਾ. ਜੁਪਿੰਦਰ ਸਿੰਘ ਪੰਨੂ (73070-59201) ਅਤੇ ਬਲਾਕ ਘਨੌਰ ਦੇ ਕਿਸਾਨ ਡਾ. ਰਣਜੋਧ ਸਿੰਘ (99883-12299) ਨਾਲ ਸੰਪਰਕ ਕਰ ਸਕਦੇ ਹਨ।

# ਪੰਜਾਬ ਹੋਮ ਗਾਰਡ ਦੇ ਸੇਵਾ ਮੁਕਤ ਮੁਲਾਜ਼ਮਾਂ ਵੱਲੋਂ ਕੌਮੀ ਹਾਈਵੇ ਜਾਮ, ਟਰੈਫਿਕ ਪ੍ਰਭਾਵਿਤ



**ਸੰਗਰੂਰ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਗਰੂਰ 'ਚ ਪੰਜਾਬ ਹੋਮ ਗਾਰਡ ਦੇ ਸੇਵਾ ਮੁਕਤ ਮੁਲਾਜ਼ਮ ਅੱਜ ਜ਼ੀਰਕਪੁਰ-ਬਠਿੰਡਾ ਕੌਮੀ ਹਾਈਵੇ ਉਪਰ ਆਵਾਜਾਈ ਠੱਪ ਕਰ ਕੇ ਵਿਸ਼ਾਲ ਰੋਸ ਧਰਨੇ 'ਤੇ ਡੱਟ ਗਏ ਹਨ। ਸਵੇਰੇ ਕਰੀਬ 10.30 ਵਜੇ ਤੋਂ ਕੌਮੀ ਹਾਈਵੇ -7 ਜਾਮ ਹੈ ਅਤੇ ਟਰੈਫਿਕ ਪ੍ਰਭਾਵਿਤ ਹੋ ਰਹੀ ਹੈ। ਧਰਨਾਕਾਰੀ ਪੈਨਸ਼ਨ, ਭੱਤੇ, ਮੈਡੀਕਲ ਸਹੂਲਤ ਅਤੇ ਹੋਰ ਕੋਈ ਵੀ ਲਾਭ ਨਾ ਮਿਲਣ ਤੋਂ ਖਫਾ ਹਨ। ਹੋਮ ਗਾਰਡ ਵੈਲਫੇਅਰ ਐਸੋਸੀਏਸ਼ਨ ਰਿਟਾਇਰਡ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਮਿੱਠੂ ਸਿੰਘ ਨੇ ਕਿਹਾ ਕਿ ਪੰਜਾਬ ਦੇ ਕਰੀਬ ਪੰਜ ਹਜ਼ਾਰ ਤੋਂ ਵੱਧ ਸੇਵਾ ਮੁਕਤ ਹੋਮ ਗਾਰਡ ਜਵਾਨਾਂ ਨੂੰ ਪੈਨਸ਼ਨ ਨਹੀਂ ਮਿਲ ਰਹੀ, ਜਦੋਂ ਕਿ ਕਰੀਬ ਦਸ ਹਜ਼ਾਰ ਜਵਾਨ ਡਿਊਟੀ ਨਿਭਾ ਰਹੇ ਹਨ। ਉਨ੍ਹਾ ਕਿਹਾ ਕਿ ਮਈ 2022 'ਚ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਸੀ ਪਰ ਪੈਨਸ਼ਨ ਤਾਂ ਕੀ ਮਿਲਣੀ ਸੀ, ਬਾਅਦ 'ਚ ਮੁੱਖ ਮੰਤਰੀ ਨੇ ਮੀਟਿੰਗ ਵੀ ਨਹੀਂ ਕੀਤੀ।

ਉਹਨਾਂ ਕਿਹਾ ਕਿ ਸੇਵਾ ਮੁਕਤੀ ਤੋਂ ਬਾਅਦ ਉਨ੍ਹਾਂ ਨੂੰ ਇੱਕ ਰੁਪਈਆ ਵੀ ਨਹੀਂ ਮਿਲਦਾ ਜਦੋਂ ਕਿ ਅਤਿਵਾਦ ਸਮੇਂ 368 ਜਵਾਨ ਸ਼ਹੀਦ ਹੋ ਗਏ ਸਨ। ਉਨ੍ਹਾਂ ਐਲਾਨ ਕੀਤਾ ਕਿ ਜਦੋਂ ਤਕ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਉਦੋਂ ਤੱਕ ਧਰਨਾ ਜਾਰੀ ਰਹੇਗਾ। ਆਖਿਆ ਜਾ ਰਿਹਾ ਹੈ ਕਿ ਡਿਊਟੀਆਂ 'ਤੇ ਤਾਇਨਾਤ ਹੋਮ ਗਾਰਡ ਜਵਾਨ ਵੀ ਸ਼ਾਮ ਨੂੰ ਧਰਨੇ 'ਚ ਸ਼ਾਮਲ ਹੋਣਗੇ।

# ਫਰੀਡਮ ਫਾਈਟਰ ਉਜਾਗਰ ਸਿੰਘ ਸਰਕਾਰੀ ਹਾਈ ਸਮਾਰਟ ਸਕੂਲ ਨਰੜੂ ਵਿੱਚ ਲੱਖਾਂ ਰੁਪਏ ਦੀ ਗ੍ਰਾਂਟਾਂ ਦੇ ਵਿਕਾਸ ਕਾਰਜ ਲੋਕ ਅਰਪਿਤ



**ਘਨੌਰ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘੀ ਮਾਨ ਦੀ ਰਹਿਨੁਮਾਈ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਜੀ ਬੈਂਸ ਦੀ ਅਗਵਾਈ ਹੇਠ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਫਰੀਡਮ ਫਾਈਟਰ ਉਜਾਗਰ ਸਿੰਘ ਸਰਕਾਰੀ ਹਾਈ ਸਮਾਰਟ ਸਕੂਲ ਨਰੜੂ ਜ਼ਿਲ੍ਹਾ ਪਟਿਆਲਾ ਵਿਖੇ ਲੱਖਾਂ ਰੁਪਏ ਦੀ ਗ੍ਰਾਂਟਾਂ ਨਾਲ ਹੋਏ ਵਿਕਾਸ ਕਾਰਜਾਂ ਨੂੰ ਵਿਧਾਇਕ ਸ੍ਰੀ ਗੁਰਲਾਲ ਸਿੰਘ ਘਨੌਰ ਨੇ ਲੋਕ ਅਰਪਿਤ ਕੀਤਾ। ਇਸ ਉਦੇਸ਼ ਹੇਠ ਕਰਵਾਏ ਗਏ ਉਦਘਾਟਨ ਸਮਾਰੋਹ ਦੌਰਾਨ ਮੁੱਖ ਮਹਿਮਾਨ ਸ੍ਰੀ ਗੁਰਲਾਲ ਸਿੰਘ ਘਨੌਰ ਵੱਲੋਂ ਪੰਜਾਬ ਸਰਕਾਰ ਦੀਆਂ ਸਿੱਖਿਆ ਖੇਤਰ ਵਿੱਚ ਹੋਈਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਗਿਆ।

ਸਮਾਰੋਹ ਦੀ ਸ਼ੁਰੂਆਤ ਬੱਚਿਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਰਾਹੀਂ ਹੋਈ। ਸਕੂਲ ਮੁਖੀ ਵੱਲੋਂ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ ਅਤੇ ਪਤਵੰਤੇ ਸੱਜਣਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ।

ਸਿੱਖਿਆ ਕ੍ਰਾਂਤੀ ਤਹਿਤ ਨਵੀ ਬਣੀ ਚਾਰਦੀਵਾਰੀ, ਪਖਾਨੇ ਅਤੇ ਮੁਰੰਮਤ ਕਾਰਜਾਂ ਦੀ ਜਾਣਕਾਰੀ ਮਾਪਿਆਂ ਨਾਲ ਸਾਂਝੀ ਕੀਤੀ ਗਈ ਅਤੇ ਇਨ੍ਹਾਂ ਦੀ ਮਹੱਤਤਾ ਬਾਰੇ ਵੀ ਵਿਸ਼ੇਸ਼ ਤੌਰ 'ਤੇ ਰੌਸ਼ਨੀ ਪਾਈ ਗਈ।

ਮੁੱਖ ਮਹਿਮਾਨ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਜੀ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਿੱਖਿਆ ਨੂੰ ਸਭ ਤੋਂ ਜਿਆਦਾ ਪਹਿਲ ਦੇ ਰਹੀ ਹੈ। ਹਰ ਬੱਚੇ ਨੂੰ ਗੁਣਵੱਤਾਪੂਰਨ ਸਿੱਖਿਆ ਅਤੇ ਅਨੁਕੂਲ ਸਿੱਖਣ-ਸਿਖਾਉਣ ਵਾਲਾ ਮਾਹੌਲ ਦੇਣ ਲਈ ਇਹ ਯਤਨ ਕੀਤੇ ਜਾ ਰਹੇ ਹਨ।

ਉਨ੍ਹਾਂ ਨੇ ਅੱਠਵੀਂ ਜਮਾਤ ਦੇ ਚੰਗੇ ਨਤੀਜੇ ਲੈ ਕੇ ਆਏ ਵਿਦਿਆਰਥੀਆਂ ਦੀ ਵੀ ਸ਼ਲਾਘਾ ਕੀਤੀ।

ਇਸ ਮੌਕੇ ਤੇ ਸਕੂਲ ਮੁੱਖੀ ਸ੍ਰੀ ਦਲਬਾਰਾ ਸਿੰਘ, ਸਰਪੰਚ ਨਰੜੂ ਸ੍ਰੀ ਤਾਰਾ ਸਿੰਘ, ਬੀ.ਡੀ.ਪੀ.ਓ (ਘਨੌਰ )ਸ੍ਰੀ ਜਤਿੰਦਰ ਸਿੰਘ ਢਿੱਲੋ,ਬੀਪੀਈਓ (ਘਨੌਰ )ਸ੍ਰੀ ਧਰਮਿੰਦਰ ਸਿੰਘ, ਸ੍ਰੀ ਜਤਿੰਦਰ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ ,ਪ੍ਰੋਗਰਾਮ ਹਲਕਾ ਕੋਆਡੀਨੇਟਰ ਸ੍ਰੀ ਦੌਲਤ ਰਾਮ ,ਸਮੂਹ ਸਕੂਲ ਅਧਿਆਪਕ, ਸਕੂਲ ਮੈਨੇਜਮੈਂਟ ਕਮੇਟੀ ਮੈਂਬਰ,ਨੇੜੇ ਦੇ ਪਿੰਡਾਂ ਦੇ ਪੰਚ ਸਰਪੰਚ , ਅਤੇ ਇਲਾਕੇ ਦੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਰਹੇ।

# ਦੂਰਗਾ ਕਲੋਨੀ ਦੇ ਡੇਰੇ ਸੋਨੂ ਬਾਬਾ ਵੱਲੋਂ ਰਿੰਕੂ ਭਾਰਦਵਾਜ ਦਾ ਸਨਮਾਨ

**ਨਾਭਾ, 11 ਅਪ੍ਰੈਲ/-ਸੁਧੀਰ ਜੈਨ-**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਪ੍ਰਧਾਨ ਰਿੰਕੂ ਭਾਰਦਵਾਜ ਜੀ ਨੂੰ ਸੋਨੂ ਬਾਬਾ ਜੀ ਵੱਲੋਂ ਹੋਣ ਵਾਲੇ 6 ਅਪ੍ਰੈਲ ਦਿਨ ਐਤਵਾਰ ਨੂੰ ਵਿਸ਼ਾਲ ਭੰਡਾਰਾ ਤੇ ਕਬਾਲੀਆਂ ਦੂਰਗਾ ਕਲੋਨੀ ਦੁਲੱਦੀ ਪਿੰਡ ਨਾਭਾ ਦਾ ਵਿਸ਼ੇਸ਼ ਸੱਦਾ ਦਿੱਤਾ ਗਿਆ ਸੀ ਤੇ ਜਿਸ ਵਿੱਚ ਰਿੰਕੂ ਭਾਰਦਵਾਜ ਜੀ ਨੇ ਅੱਜ ਦਰਬਾਰ ਵਿੱਚ ਜਾ ਕੇ ਸੰਤਾਂ ਅਤੇ ਸੋਨੂ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਅਤੇ ਸੋਨੂ ਬਾਬਾ ਜੀ ਵੱਲੋਂ ਰਿੰਕੂ ਭਾਰਦਵਾਜ ਜੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਉਨਾਂ ਦੇ ਨਾਲ ਗੁਰਪ੍ਰੀਤ ਸਿੰਘ ਬੱਗੀ ਜੀ ਜੋ ਪ੍ਰਸਿੱਧ ਲੋਕ ਗਾਇਕ ਪਟਿਆਲਾ ਤੋਂ ਉਹਨਾਂ ਦਾ ਵੀ ਸੋਨੂ ਬਾਬਾ ਜੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਗੁਣ ਗਾਣ ਕਰਤਾ ਲਾਡੀ ਲਾਡਲਾ ਜੀ ਅਤੇ ਗੁਰਪ੍ਰੀਤ ਸਿੰਘ ਬੱਗੀ ਜੀ ਵੱਲੋਂ ਦਰਬਾਰ ਵਿੱਚ ਆਪਣੀ ਬੁਲੰਦ ਆਵਾਜ਼ ਨਾਲ ਆਈ ਹੋਈ ਸਾਧ ਸੰਗਤ ਵਿੱਚ ਹਾਜ਼ਰੀ ਲਗਵਾ ਕੇ ਲੋਕਾਂ ਨੂੰ ਨਿਹਾਲ ਕੀਤਾ ਅਤੇ ਆਈ ਹੋਈ ਸਾਧ ਸੰਗਤ ਨੇ ਲਾਡੀ ਲਾਡਲਾ ਜੀ ਅਤੇ ਗੁਰਪ੍ਰੀਤ ਸਿੰਘ ਬੱਗੀ ਜੀ ਦੀ ਆਵਾਜ਼ ਤੋਂ ਖੁਸ਼ ਹੋ ਕੇ ਜ਼ੋਰਦਾਰ ਤਾੜੀਆਂ ਨਾਲ ਉਹਨਾਂ ਦਾ ਸਵਾਗਤ ਕੀਤਾ।

# ਪੰਜਾਬ ਸਰਕਾਰ ਨੇ ਪਿਛਲੇ ਤਿੰਨ ਸਾਲਾਂ 'ਚ ਬਦਲੀ ਸਕੂਲਾਂ ਦੀ ਨੁਹਾਰ : ਨੀਨਾ ਮਿੱਤਲ



**ਰਾਜਪੁਰਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕਾਲਕਾ ਰੋਡ ਰਾਜਪੁਰਾ ਜ਼ਿਲ੍ਹਾ ਪਟਿਆਲਾ ਵਿਖੇ ਲੱਖਾਂ ਰੁਪਏ ਦੀ ਗ੍ਰਾਂਟਾਂ ਨਾਲ ਹੋਏ ਵਿਕਾਸ ਕਾਰਜਾਂ ਨੂੰ ਮੈਡਮ ਨੀਨਾ ਮਿੱਤਲ ਵਿਧਾਇਕਾ ਵਿਧਾਨ ਸਭਾ ਹਲਕਾ ਰਾਜਪੁਰਾ ਨੇ ਲੋਕ ਅਰਪਿਤ ਕੀਤਾ ਗਿਆ। ਸਮਾਰੋਹ ਦੀ ਸ਼ੁਰੂਆਤ ਬੱਚਿਆਂ ਵੱਲੋਂ ਸਵਾਗਤੀ ਗੀਤ ਰਾਹੀਂ ਹੋਈ। ਸਕੂਲ ਮੁਖੀ ਪ੍ਰਿੰਸੀਪਲ ਡਾ: ਨਰਿੰਦਰ ਕੌਰ ਵੱਲੋਂ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ ਅਤੇ ਪਤਵੰਤੇ ਸੱਜਣਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ।

ਸਿੱਖਿਆ ਕ੍ਰਾਂਤੀ ਤਹਿਤ ਸਕੂਲ ਨੂੰ ਸੋਹਣਾ ਬਣਾਉਣ, ਨਵੀ ਚਾਰਦਿਵਾਰੀ, ਨਵੇਂ ਚਾਰ ਕਮਰਿਆਂ ਦੀ ਉਸਾਰੀ ਅਤੇ ਮੁਰੰਮਤ ਕਾਰਜਾਂ ਦੀ ਜਾਣਕਾਰੀ, ਅਧਿਆਪਕਾਂ ਨੂੰ ਫਿਨਲੈਂਡ ਅਤੇ ਸਿੰਘਾਪੁਰ ਭੇਜ ਕੇ ਮਿਆਰੀ ਸਿਖਲਾਈ ਦੇ ਮੌਕੇ ਪ੍ਰਦਾਨ ਕਰਨ ਬਾਰੇ ਮਾਪਿਆਂ ਨਾਲ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਇਨ੍ਹਾਂ ਦੀ ਮਹੱਤਤਾ ਬਾਰੇ ਵੀ ਵਿਸ਼ੇਸ਼ ਤੌਰ 'ਤੇ ਰੌਸ਼ਨੀ ਪਾਈ ਗਈ। ਮੁੱਖ ਮਹਿਮਾਨ ਐਮ.ਐਲ.ਏ. ਰਾਜਪੁਰਾ ਨੀਨਾ ਮਿੱਤਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਅਗਵਾਈ ਹੇਠ ਪੰਜਾਬ ਸਰਕਾਰ ਪਿਛਲੇ ਤਿੰਨ ਸਾਲਾਂ ਵਿੱਚ ਸਕੂਲਾਂ ਦੀ ਨੁਹਾਰ ਬਦਲ ਦਿੱਤੀ ਹੈ ਅਤੇ ਹਰ ਬੱਚੇ ਨੂੰ ਗੁਣਵੱਤਾਪੂਰਨ ਸਿੱਖਿਆ ਅਤੇ ਅਨੁਕੂਲ ਸਿੱਖਣ-ਸਿਖਾਉਣ ਵਾਲਾ ਮਾਹੌਲ ਦੇਣ ਲਈ ਇਹ ਯਤਨ ਕੀਤੇ ਜਾ ਰਹੇ ਹਨ।

# ਪਟਿਆਲਾ ਜ਼ਿਲ੍ਹੇ ਦੇ 16 ਸਕੂਲਾਂ ਵਿੱਚ ਹਲਕਾ ਵਿਧਾਇਕਾਂ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ 40 ਤੋਂ ਵਧੇਰੇ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਕੀਤੇ ਸਮਰਪਿਤ

**ਸਮਾਣਾ/ਪਟਿਆਲਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ, ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਅੱਜ ਪਟਿਆਲਾ ਜ਼ਿਲ੍ਹੇ ਦੇ 16 ਸਕੂਲਾਂ ਵਿੱਚ 40 ਤੋਂ ਵਧੇਰੇ ਵਿਕਾਸ ਕਾਰਜ ਜਿਨ੍ਹਾਂ ਲੈਬਜ਼, ਮਾਡਰਨ ਕਲਾਸ ਰੂਮ, ਲਾਇਬਰੇਰੀ ਚਾਰਦੀਵਾਰੀ, ਬਾਥਰੂਮ ਆਦਿ ਸੰਪੂਰਨਤਾ ਪ੍ਰੋਗਰਾਮ ਕਰਵਾਏ ਗਏ।

ਇਸ ਦੌਰਾਨ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਸਮਾਨਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਰਾਜਪੁਰਾ ਤੋਂ ਨੀਨਾ ਮਿੱਤਲ, ਸ਼ੁਤਰਾਣਾ ਤੋਂ ਕੁਲਵੰਤ ਸਿੰਘ ਬਾਜੀਗਰ, ਘਨੌਰ ਤੋਂ ਗੁਰਲਾਲ ਘਨੌਰ ਸਮੇਤ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੇ ਸੁਪਤਨੀ ਸਿਮਰਜੀਤ ਕੌਰ ਤੇ ਪੁੱਤਰ ਹਰਜਸ਼ਨ ਪਠਾਨਮਾਜਰਾ ਨੇ ਸਕੂਲਾਂ ਵਿਖੇ ਭਾਗ ਲਿਆ। ਉਨ੍ਹਾਂ ਨੇ ਸਕੂਲਾਂ ਵਿੱਚ ਹੋ ਰਹੇ ਵਿਕਾਸ ਕਾਰਜਾਂ ਦੇ ਸੰਪੂਰਨ ਹੋਣ ਉਤੇ ਕਾਰਜ ਵਿਦਿਆਰਥੀਆਂ ਨੂੰ ਸਮਰਪਿਤ ਕਰਦਿਆਂ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹੌਸਲਾ-ਅਫ਼ਜ਼ਾਈ ਕੀਤੀ ਗਈ। ਵਿਧਾਇਕਾਂ ਨੇ ਕਿਹਾ ਕਿ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ ਵਿੱਚ ਬਦਲਾਅ ਆਉਣ ਨਾਲ ਪੰਜਾਬ ਬਦਲ ਰਿਹਾ ਹੈ।



ਇਸ ਦੌਰਾਨ ਵਿਦਿਆਰਥੀਆਂ ਨੇ ਵਿਦਿਅਕ ਪ੍ਰਦਰਸ਼ਨੀਆਂ, ਸੱਭਿਆਚਾਰਕ ਪ੍ਰੋਗਰਾਮ ਅਤੇ ਹੋਰ ਗਤੀਵਿਧੀਆਂ ਪੇਸ਼ ਕਰਦਿਆਂ ਮਾਪਿਆਂ ਅਤੇ ਪਤਵੰਤੇ ਸੱਜਣਾਂ ਨੂੰ ਪ੍ਰਭਾਵਿਤ ਕੀਤਾ। ਇਸ ਤਰ੍ਹਾਂ ਅੱਜ ਦੇ ਇਹ ਪ੍ਰੋਗਰਾਮ ਸਿੱਖਿਆ ਖੇਤਰ ਵਿੱਚ ਚੱਲ ਰਹੀ ਤਬਦੀਲੀ ਅਤੇ ਸਰਕਾਰੀ ਸਕੂਲਾਂ ਦੀ ਵਿਕਾਸ ਯਾਤਰਾ ਦੀ ਜਿਉਂਦੀ ਜਾਗਦੀ ਉਦਾਹਰਨ ਸਾਬਤ ਹੋਏ।

ਇਸ ਮੌਕੇ ਵਿਧਾਇਕ ਹਲਕਾ ਪਟਿਆਲਾ ਸ਼ਹਿਰੀ ਅਜੀਤਪਾਲ ਸਿੰਘ ਕੋਹਲੀ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੁਰਾਣੀ ਪੁਲਿਸ ਲਾਇਨਜ ਪਟਿਆਲਾ, ਵਿਧਾਇਕ ਹਲਕਾ ਰਾਜਪੁਰਾ ਨੀਨਾ ਮਿੱਤਲ ਨੇ ਸਰਕਾਰੀ ਕੰਨਿਆ ਸਕੂਲ ਰਾਜਪੁਰਾ ਟਾਊਨ ਅਤੇ ਕਾਲਕਾ ਰੋਡ ਰਾਜਪੁਰਾ, ਵਿਧਾਇਕ ਹਲਕਾ ਘਨੌਰ ਗੁਰਲਾਲ ਸਿੰਘ ਘਨੌਰ ਨੇ ਸਰਕਾਰੀ ਹਾਈ ਸਕੂਲ ਨਰੜੂ, ਵਿਧਾਇਕ ਹਲਕਾ ਸਮਾਣਾ ਚੇਤਨ ਸਿੰਘ ਜੌੜਾਮਾਜਰਾ ਨੇ ਸਰਕਾਰੀ ਕੰਨਿਆ ਸਕੂਲ ਸਮਾਣਾ, ਸਰਕਾਰੀ ਸਕੂਲ ਲੜਕੇ ਤੇ ਪ੍ਰਾਇਮਰੀ ਸਕੂਲ ਮਲਕਾਣਾ ਪੱਤੀ ਵਿਖੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ।ਜਦੋਂਕਿ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਦੇ ਨੁਮਾਇੰਦਿਆਂ ਨੇ ਸਰਕਾਰੀ ਪ੍ਰਾਇਮਰੀ ਅਤੇ ਹਾਈ ਸਕੂਲ ਘੜਾਮ ਦੇ ਨਾਲ-ਨਾਲ ਸਰਕਾਰੀ ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲ ਭਗਵਾਨਪੁਰ ਜੱਟਾਂ ਵਿਖੇ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਨੇ ਸਰਕਾਰੀ ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲ ਬਹਿਰ ਜੱਛ, ਸਰਕਾਰੀ ਪ੍ਰਾਇਮਰੀ ਸਕੂਲ ਸਾਗਰਾ, ਗੁਰੂ ਨਾਨਕਪੁਰਾ ਅਤੇ ਮਤੌਲੀ ਵਿਖੇ ਉਦਘਾਟਨ ਸਮਾਗਮਾਂ ਵਿੱਚ ਸ਼ਿਰਕਤ ਕੀਤੀ। ਜਿਕਰਯੋਗ ਹੈ ਕਿ ਇਹਨਾਂ ਉਦਘਾਟਨ ਸਮਾਰੋਹਾਂ ਵਿੱਚ ਵੱਖ-ਵੱਖ ਵਿਧਾਇਕਾਂ ਨੇ ਸਾਲਾਨਾ ਇਮਤਿਹਾਨਾਂ ਵਿੱਚ ਅੱਵਲ ਰਹਿਣ ਵਾਲੇ, ਸਹਿ ਅਕਾਦਮਿਕ ਕਿਰਿਆਵਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਅਤੇ ਬਿਜਨਸ ਬਲਾਸਟਰ ਸਕੀਮਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਹੌਸਲਾ-ਅਫ਼ਜ਼ਾਈ ਵੀ ਕੀਤੀ।

ਇਹਨਾਂ ਸਮਾਗਮਾਂ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਸੰਜੀਵ ਸ਼ਰਮਾ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਪਟਿਆਲਾ ਸ਼ਾਲੂ ਮਹਿਰਾ, ਡਾ: ਰਵਿੰਦਰਪਾਲ ਸ਼ਰਮਾ ਡਿਪਟੀ ਡੀਈਓ, ਮਨਵਿੰਦਰ ਕੌਰ ਭੁੱਲਰ ਡਿਪਟੀ ਡੀਈਓ, ਬਲਾਕ ਨੋਡਲ ਅਫ਼ਸਰਾਂ, ਹਲਕਾ ਸਿੱਖਿਆ ਕੋਆਰਡੀਨੇਟਰਾਂ, ਵਿਭਾਗ ਦੇ ਮੀਡੀਆ ਕੋਆਰਡੀਨੇਟਰਾਂ, ਸਕੂਲ ਮੈਨੇਜਮੈਂਟ ਕਮੇਟੀਆਂ ਦੇ ਚੇਅਰਪਰਸਨਾਂ, ਮੈਂਬਰਾਂ, ਵੱਖ-ਵੱਖ ਨਗਰ ਕੌਂਸਲਾਂ ਅਤੇ ਨਗਰ ਨਿਗਮਾਂ ਦੇ ਪ੍ਰਧਾਨਾਂ ਅਤੇ ਮੇਅਰ ਸਾਹਿਬਾਨਾਂ, ਮਿਊਂਸੀਪਲ ਕੌਂਸਲਰਾਂ, ਸਰਪੰਚਾਂ, ਪੰਚਾਂ, ਪਤਵੰਤੇ ਸੱਜਣਾਂ, ਮਾਪਿਆਂ ਅਤੇ ਵਿਦਿਆਰਥੀਆਂ ਨੇ ਵੀ ਸ਼ਮੂਲੀਅਤ ਦਰਜ ਕਰਵਾਈ।

# ਖੁੱਡੀਆਂ ਵੱਲੋਂ ਸੂਬੇ ਭਰ 'ਚ ਡੀਵੌਰਮਿੰਗ ਮੁਹਿੰਮ ਦਾ ਆਗਾਜ਼; ਦਵਾਈ ਦੀ ਵੰਡ ਲਈ 2 ਹਜ਼ਾਰ ਟੀਮਾਂ ਗਠਿਤ



**ਚੰਡੀਗੜ੍ਹ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਪਸ਼ੂ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਵੱਲੋਂ ਅੱਜ ਸੂਬੇ ਭਰ ਵਿੱਚ ਡੀਵੌਰਮਿੰਗ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਦੱਸਣਯੋਗ ਹੈ ਕਿ ਕੈਬਨਿਟ ਮੰਤਰੀ ਵੱਲੋਂ ਇਸ ਮੁਹਿੰਮ ਦੀ ਸ਼ੁਰੂਆਤ ਅੱਜ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਲੰਬੀ ਹਲਕੇ ਤੋਂ ਕੀਤੀ ਗਈ।

ਖੁੱਡੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ 7.78 ਕਰੋੜ ਰੁਪਏ ਦੀ ਲਾਗਤ ਨਾਲ ਸਮੁੱਚੇ ਪਸ਼ੂਧਨ ਨੂੰ ਮਲੱਪ ਰਹਿਤ ਕਰਨ ਲਈ ਡੀਵੌਰਮਿੰਗ ਦਵਾਈ ਖਰੀਦੀ ਹੈ ਅਤੇ ਇਹ ਦਵਾਈ ਸੂਬੇ ਭਰ ਦੇ ਕਿਸਾਨਾਂ ਨੂੰ ਮੁਫ਼ਤ ਵੰਡੀ ਜਾਵੇਗੀ।

ਅਧਿਕਾਰੀਆਂ ਨੂੰ ਇਸੇ ਹਫ਼ਤੇ ਦੇ ਅੰਦਰ ਡੀਵੌਰਮਿੰਗ ਮੁਹਿੰਮ ਨੂੰ ਮੁਕੰਮਲ ਕਰਨ ਦੇ ਨਿਰਦੇਸ਼ ਦਿੰਦਿਆਂ ਉਨ੍ਹਾਂ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਨੇ ਦਵਾਈ ਸਿੱਧੀ ਕਿਸਾਨਾਂ ਨੂੰ ਪਹੁੰਚਾਉਣ ਲਈ 2000 ਤੋਂ ਵੱਧ ਟੀਮਾਂ ਗਠਿਤ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਕਿਸੇ ਕਾਰਨ ਦਵਾਈ ਲੈਣ ਤੋਂ ਖੁੰਝ ਜਾਣਗੇ, ਉਹ ਬਾਅਦ ਵਿੱਚ ਆਪਣੇ ਕਿਸੇ ਵੀ ਨਜ਼ਦੀਕੀ ਵੈਟਰਨਰੀ ਇੰਸਟੀਚਿਊਟ 'ਚੋਂ ਇਹ ਦਵਾਈ ਮੁਫ਼ਤ ਲੈ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਪੰਜਾਬ ਭਰ ਵਿੱਚ ਗਾਵਾਂ/ਮੱਝਾਂ, ਕੱਟੇ/ਕੱਟੀਆਂ, ਵੱਛੇ/ਵੱਛੀਆਂ ਦੇ ਮਲੱਪ ਰਹਿਤ ਕਰਨ ਦੀ ਦਵਾਈ ਲਈ ਏ.ਐਸ.ਸੀ.ਏ.ਡੀ. ਸਕੀਮ ਅਧੀਨ ਇਹ ਦਵਾਈ ਵੰਡੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਰਾਜ ਵਿਚ ਇਹ ਦੂਜੀ ਡੀਵਰਮਿੰਗ ਮੁਹਿੰਮ ਹੈ ਜਿਸਦਾ ਦੁੱਧ ਉਤਪਾਦਨ 'ਤੇ ਸਕਾਰਾਤਮਕ ਪ੍ਰਭਾਵ ਪੈਣ ਸਦਕਾ ਕਿਸਾਨਾਂ ਨੂੰ ਵਧੇਰੇ ਆਮਦਨ ਹੋਣ ਦੀ ਉਮੀਦ ਹੈ। ਪਿਛਲੇ ਸਾਲ ਦੀ ਮੁਹਿੰਮ ਨੂੰ ਪਸ਼ੂ ਮਾਲਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਸੀ ਅਤੇ ਉਹਨਾਂ ਵੱਲੋਂ ਇਸ ਸਾਲ ਵੀ ਇਸ ਨੂੰ ਦੁਹਰਾਉਣ ਸਬੰਧੀ ਬੇਨਤੀ ਕੀਤੀ ਗਈ ਸੀ।

ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਵਿਭਾਗ ਦੇ ਪ੍ਰਮੁੱਖ ਸਕੱਤਰ ਰਾਹੁਲ ਭੰਡਾਰੀ ਨੇ ਸਾਰੇ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਹਰੇਕ ਪਸ਼ੂ ਪਾਲਕ ਦੇ ਘਰ ਤੱਕ ਸਮੇਂ ਸਿਰ ਦਵਾਈ ਪਹੁੰਚਾਉਣਾ ਯਕੀਨੀ ਬਣਾਉਣ। ਇਸ ਨਾਲ ਸੂਬੇ ਦੇ ਸਾਰੇ ਜਾਨਵਰਾਂ ਨੂੰ ਮਲੱਪ ਰਹਿਤ ਕੀਤਾ ਜਾ ਸਕੇਗਾ ਜੋ ਦੁੱਧ ਉਤਪਾਦਨ ਨੂੰ ਵਧਾਉਣ ਅਤੇ ਜਾਨਵਰਾਂ ਦੀ ਰੋਗ ਪ੍ਰਤੀਰੋਧਕ ਸ਼ਕਤੀ ਨੂੰ ਹੋਰ ਵਧਾਉਣ ਵਿੱਚ ਸਹਾਈ ਹੋਵੇਗਾ।

ਪਸ਼ੂ ਪਾਲਣ ਵਿਭਾਗ ਦੇ ਡਾਇਰੈਕਟਰ ਡਾ. ਜੀ.ਐਸ. ਬੇਦੀ ਨੇ ਦੱਸਿਆ ਕਿ ਐਫਐਮਡੀ ਖ਼ਿਲਾਫ਼ ਟੀਕਾਕਰਨ ਤੋਂ ਪਹਿਲਾਂ ਜਾਨਵਰਾਂ ਨੂੰ ਡੀਵੌਰਮਿੰਗ ਕਰਨ ਨਾਲ ਉਨ੍ਹਾਂ ਦੀ ਪ੍ਰਤੀਰੋਧਕ ਸ਼ਕਤੀ ਵਧਦੀ ਹੈ ਅਤੇ ਟੀਕਾਕਰਨ ਦੀ ਪ੍ਰਭਾਵਸ਼ੀਲਤਾ ਵਿੱਚ ਵੀ ਵਾਧਾ ਹੁੰਦਾ ਹੈ। ਉਨ੍ਹਾਂ ਨੇ ਸਾਰੇ ਪਸ਼ੂ ਮਾਲਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮਹੀਨੇ ਦੇ ਅੱਧ ਵਿੱਚ ਸ਼ੁਰੂ ਹੋਣ ਵਾਲੀ ਮੂੰਹ ਖੁਰ ਟੀਕਾਕਰਨ ਮੁਹਿੰਮ ਤੋਂ ਪਹਿਲਾਂ ਆਪਣੇ ਜਾਨਵਰਾਂ ਨੂੰ ਇਹ ਦਵਾਈ ਜ਼ਰੂਰ ਦਿਵਾਉਣ, ਤਾਂ ਜੋ ਪਸ਼ੂਧਨ ਨੂੰ ਸਿਹਤਮੰਦ ਬਣਾਇਆ ਜਾ ਸਕੇ ਅਤੇ ਸੂਬੇ ਵਿੱਚੋਂ ਮੂੰਹ-ਖੁਰ ਦੀ ਬਿਮਾਰੀ ਦਾ ਖਾਤਮਾ ਕੀਤਾ ਜਾ ਸਕੇ। ਇਹ ਦਵਾਈ ਸੂਬੇ ਭਰ ਦੇ ਸਾਰੇ ਸਿਵਲ ਵੈਟਰਨਰੀ ਹਸਪਤਾਲਾਂ ਅਤੇ ਸਿਵਲ ਵੈਟਰਨਰੀ ਡਿਸਪੈਂਸਰੀਆਂ ਵਿੱਚ ਉਪਲਬਧ ਹੈ ਅਤੇ ਪਸ਼ੂ ਪਾਲਕ ਆਪਣੇ ਨੇੜਲੇ ਵੈਟਨਰੀ ਸੰਸਥਾਵਾਂ ਤੋਂ ਪ੍ਰਾਪਤ ਕਰ ਸਕਦੇ ਹਨ।

# ਗੁਰਪਤਵੰਤ ਪੰਨੂ ਵਰਗੀਆਂ ਪੰਜਾਬ ਵਿਰੋਧੀ ਤਾਕਤਾਂ ਤੋਂ ਨਹੀਂ ਦੇਖੀ ਜਾ ਰਹੀ ਪੰਜਾਬ ਦੀ ਤਰੱਕੀ : ਡਾ. ਬਲਬੀਰ ਸਿੰਘ

## ਅਸੀਂ ਡਰਨ ਵਾਲੇ ਨਹੀਂ ਹਾਂ, 14 ਅਪ੍ਰੈਲ ਨੂੰ ਧੂਮਧਾਮ ਨਾਲ ਮਨਾਵਾਂਗੇ ਬਾਬਾ ਸਾਹਿਬ ਦਾ ਜਨਮ ਦਿਨ, ਪੂਰੇ ਪੰਜਾਬ ਵਿੱਚ ਕਰਾਂਗੇ ਉਨ੍ਹਾਂ ਦੀਆਂ ਮੂਰਤੀਆਂ ਦੀ ਰੱਖਿਆ - ਵਿਧਾਇਕ ਦੇਵ ਮਾਨ



**ਚੰਡੀਗੜ੍ਹ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਖਾਲਿਸਤਾਨੀ ਸਮਰਥਕ ਗੁਰਪਤਵੰਤ ਪੰਨੂ ਵੱਲੋਂ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਬਾਰੇ ਕੀਤੀ ਗਈ ਗ਼ਲਤ ਟਿੱਪਣੀ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਨੂ ਵਰਗੀਆਂ ਕੁਝ ਪੰਜਾਬ ਵਿਰੋਧੀ ਤਾਕਤਾਂ ਸੂਬੇ ਦੀ ਤਰੱਕੀ ਨੂੰ ਬਰਦਾਸ਼ਤ ਨਹੀਂ ਕਰ ਪਾ ਰਹੀਆਂ ਹਨ। ਇਸੇ ਲਈ ਉਹ ਪੰਜਾਬ ਦੀ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਆਪ ਸਰਕਾਰ ਉਨ੍ਹਾਂ ਦੇ ਮਨਸੂਬਿਆਂ ਨੂੰ ਸਫਲ ਨਹੀਂ ਹੋਣ ਦੇਵੇਗੀ।

ਡਾ. ਬਲਬੀਰ ਨੇ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਕਿਸੇ ਇੱਕ ਜਾਤ ਜਾਂ ਧਰਮ ਨਾਲ ਸਬੰਧਿਤ ਨਹੀਂ ਸਨ। ਉਹ ਪੂਰੇ ਦੇਸ਼ ਦੇ ਹਨ ਅਤੇ ਉਨ੍ਹਾਂ ਦੀ ਜਨਮ ਜਯੰਤੀ ਦੇਸ਼ ਭਰ ਵਿੱਚ ਮਨਾਈ ਜਾਂਦੀ ਹੈ। ਇਸ ਲਈ, ਇਹ ਬਿਆਨ ਸਿਰਫ਼ ਪੰਜਾਬ ਦੇ ਲੋਕਾਂ ਨੂੰ ਭੜਕਾਉਣ ਲਈ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਬਾਬਾ ਸਾਹਿਬ ਨੂੰ ਸਤਿਕਾਰ ਦਿੱਤਾ ਹੈ। 'ਆਪ' ਸਰਕਾਰ ਬਣਨ ਤੋਂ ਬਾਅਦ ਪੰਜਾਬ ਦੇ ਸਾਰੇ ਸਰਕਾਰੀ ਦਫ਼ਤਰਾਂ ਵਿੱਚ ਬਾਬਾ ਸਾਹਿਬ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਲਗਾਈਆਂ ਗਈਆਂ ਹਨ। ਸਾਡੀ ਸਰਕਾਰ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਲੱਗੀ ਹੋਈ ਹੈ।

ਉਨ੍ਹਾਂ ਲੋਕਾਂ ਨੂੰ ਚੇਤਾਵਨੀ ਦਿੱਤੀ ਕਿ ਗੁਰਪਤਵੰਤ ਪੰਨੂ ਵਰਗੇ ਲੋਕ ਸਮਾਜ ਦੇ ਦੁਸ਼ਮਣ ਹਨ। ਅਜਿਹੇ ਲੋਕ ਕਿਸੇ ਨਾਲ ਸਬੰਧਿਤ ਨਹੀਂ ਹੁੰਦੇ। ਇਸ ਲਈ, ਉਸ ਦੀਆਂ ਗੱਲਾਂ ਵੱਲ ਧਿਆਨ ਨਾ ਦਿਓ। ਉਨ੍ਹਾਂ ਨੇ ਪੰਨੂ ਨੂੰ ਚੁਣੌਤੀ ਦਿੱਤੀ ਕਿ ਜੇਕਰ ਉਸ ਵਿੱਚ ਹਿੰਮਤ ਹੈ ਤਾਂ ਉਹ ਪੰਜਾਬ ਆ ਕੇ ਇਹ ਗੱਲ ਕਹੇ।

ਡਾ. ਬਲਬੀਰ ਨੇ ਕਿਹਾ ਕਿ ਹੁਣ ਪੂਰਾ ਪੰਜਾਬ ਅਜਿਹੇ ਲੋਕਾਂ ਵਿਰੁੱਧ ਜਾਗਰੂਕ ਹੋ ਗਿਆ ਹੈ। ਇਸ ਦਾ ਜਵਾਬ ਪੰਜਾਬ ਦੇ ਲੋਕ ਖ਼ੁਦ ਦੇਣਗੇ। ਇਸ ਦੇ ਨਾਲ ਹੀ, ਪੰਜਾਬ ਪੁਲਿਸ ਅਤੇ ਪੰਜਾਬ ਸਰਕਾਰ ਅਪਰਾਧੀਆਂ ਅਤੇ ਗੈਂਗਸਟਰਾਂ ਵਿਰੁੱਧ ਲਗਾਤਾਰ ਕਾਰਵਾਈ ਕਰ ਰਹੀ ਹੈ। ਅਸੀਂ ਕਿਸੇ ਵੀ ਕੀਮਤ 'ਤੇ ਪੰਜਾਬ ਦਾ ਮਾਹੌਲ ਖ਼ਰਾਬ ਨਹੀਂ ਹੋਣ ਦੇਵਾਂਗੇ।

ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਵੀ ਗੁਰਪਤਵੰਤ ਪੰਨੂ ਵੱਲੋਂ ਡਾ. ਭੀਮ ਰਾਓ ਅੰਬੇਡਕਰ ਵਿਰੁੱਧ ਕੀਤੀ ਗਈ ਅਪਮਾਨਜਨਕ ਟਿੱਪਣੀ ਦੀ ਸਖ਼ਤ ਨਿੰਦਾ ਕੀਤੀ ਅਤੇ ਕਿਹਾ ਕਿ ਉਹ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਦੀ ਸਾਜ਼ਿਸ਼ ਰਚ ਰਿਹਾ ਹੈ।

ਦੇਵ ਮਾਨ ਨੇ ਕਿਹਾ ਕਿ ਪੰਜਾਬ ਦਾ ਭਾਈਚਾਰਾ ਬਹੁਤ ਮਜ਼ਬੂਤ ਹੈ। ਇਹ ਕਦੇ ਟੁੱਟਣ ਵਾਲਾ ਨਹੀਂ ਹੈ। ਗੁਰਪਤਵੰਤ ਪੰਨੂ ਸਿੱਖ ਧਰਮ ਬਾਰੇ ਕੁਝ ਨਹੀਂ ਜਾਣਦਾ।

ਸਾਡੇ ਗੁਰੂਆਂ ਨੇ ਹਮੇਸ਼ਾ ਸਰਬੱਤ ਦਾ ਭਲਾ ਦਾ ਪਾਠ ਸਿਖਾਇਆ ਹੈ ਅਤੇ ਸਾਰੇ ਲੋਕਾਂ ਨੂੰ ਬਰਾਬਰ ਦਾ ਦਰਜਾ ਦਿੱਤਾ ਹੈ। ਇਸੇ ਕਰਕੇ ਪੂਰੇ ਦੇਸ਼ ਵਿੱਚੋਂ ਸਭ ਤੋਂ ਵੱਧ ਦਲਿਤ ਆਬਾਦੀ ਪੰਜਾਬ ਵਿੱਚ ਹੈ।

ਉਨ੍ਹਾਂ ਕਿਹਾ ਕਿ ਅਸੀਂ ਅਜਿਹੇ ਬਿਆਨਾਂ ਤੋਂ ਡਰਨ ਵਾਲੇ ਲੋਕ ਨਹੀਂ ਹਾਂ। 14 ਤਰੀਕ ਨੂੰ, ਅਸੀਂ ਬਾਬਾ ਸਾਹਿਬ ਦਾ ਜਨਮ ਦਿਨ ਬਹੁਤ ਧੂਮਧਾਮ ਨਾਲ ਮਨਾਵਾਂਗੇ ਅਤੇ ਪੂਰੇ ਪੰਜਾਬ ਵਿੱਚ ਸਥਾਪਿਤ ਉਨ੍ਹਾਂ ਦੇ ਬੁੱਤਾਂ ਦੀ ਰੱਖਿਆ ਕਰਾਂਗੇ ਅਤੇ ਜੇਕਰ ਕੋਈ ਕੁਝ ਗ਼ਲਤ ਕਰਨ ਦੀ ਕੋਸ਼ਿਸ਼ ਕਰੇਗਾ, ਤਾਂ ਉਸ ਨੂੰ ਢੁਕਵਾਂ ਜਵਾਬ ਵੀ ਦਿੱਤਾ ਜਾਵੇਗਾ।

# ਰੋਸ਼ਨ ਗਰਾਊਂਡ ਤੋਂ ਪ੍ਰੈਸੀਡੈਂਸੀ ਹੋਟਲ ਤੱਕ ਦੇ ਮਾਰਗ ਦਾ ਨਾਮ 'ਸ੍ਰੀ ਗੁਰੂ ਰਾਮਦਾਸ ਜੀ ਮਾਰਗ' ਰੱਖਿਆ



**ਚੰਡੀਗੜ੍ਹ/ਹੁਸ਼ਿਆਰਪੁਰ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਡਲ ਟਾਊਨ ਦੇ ਰੋਸ਼ਨ ਗਰਾਊਂਡ ਤੋਂ ਲੈ ਕੇ ਪ੍ਰੈਸੀਡੈਂਸੀ ਹੋਟਲ ਤੱਕ ਦੇ ਮਾਰਗ ਦਾ ਸੁੰਦਰੀਕਰਨ ਕਰਕੇ ਆਧੁਨਿਕ ਪ੍ਰੋਜੈਕਟ ਨੂੰ ਅੰਜਾਮ ਦਿੱਤਾ ਗਿਆ ਹੈ। ਇਹ ਮਾਰਗ ਹੁਣ ਨਾ ਸਿਰਫ਼ ਆਵਾਜਾਈ ਦੀ ਨਜ਼ਰ ਤੋਂ ਸੁਵਿਧਾਜਨਕ ਬਣੇਗਾ, ਸਗੋਂ ਆਪਣੀ ਆਕਰਸ਼ਕ ਸਜਾਵਟ ਨਾਲ ਲੋਕਾਂ ਲਈ ਇੱਕ ਵਿਸ਼ੇਸ਼ ਖਿੱਚ ਦਾ ਕੇਂਦਰ ਵੀ ਰਹੇਗਾ।

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਜਾਣਕਾਰੀ ਦਿੱਤੀ ਕਿ ਇਸ ਮਾਰਗ ਦਾ ਨਾਮ ਸਿੱਖ ਧਰਮ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ 'ਤੇ ਸਮਰਪਿਤ ਕਰਕੇ 'ਸ੍ਰੀ ਗੁਰੂ ਰਾਮਦਾਸ ਜੀ ਮਾਰਗ' ਰੱਖਿਆ ਗਿਆ ਹੈ, ਜਿਸ ਨਾਲ ਇਸ ਪ੍ਰੋਜੈਕਟ ਨੂੰ ਅਧਿਆਤਮਿਕ ਅਤੇ ਸੱਭਿਆਚਾਰਕ ਪਛਾਣ ਮਿਲੀ ਹੈ।

ਉਨ੍ਹਾਂ ਦੱਸਿਆ ਕਿ ਲੁਧਿਆਣਾ ਬੈਵਰੇਜ ਲਿਮਟਿਡ ਦੇ ਸਹਿਯੋਗ ਨਾਲ ਇਸ ਸੜਕ ਦਾ ਨਵੀਨੀਕਰਨ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਤਕਨੀਕ ਨਾਲ ਬਣੀਆਂ ਫੈਂਸੀ ਲਾਈਟਾਂ ਲਗਾਈਆਂ ਗਈਆਂ ਹਨ। ਇਹ ਲਾਈਟਾਂ ਨਾਲ ਮਾਰਗ ਰਾਤ ਸਮੇਂ ਵੀ ਪੂਰੀ ਤਰ੍ਹਾਂ ਜਗਮਗਾਉਂਦਾ ਨਜ਼ਰ ਆਵੇਗਾ, ਜਿਸ ਨਾਲ ਸਥਾਨਕ ਨਿਵਾਸੀਆਂ ਅਤੇ ਰਾਹਗੀਰਾਂ ਨੂੰ ਬਿਹਤਰ ਅਨੁਭਵ ਮਿਲੇਗਾ।

ਵਿਧਾਇਕ ਜਿੰਪਾ ਨੇ ਇਹ ਵੀ ਕਿਹਾ ਕਿ ਇਸ ਮਾਰਗ ਦੇ ਸੁੰਦਰੀਕਰਨ ਵਿੱਚ ਕੋਈ ਵੀ ਕਮੀ ਨਹੀਂ ਛੱਡੀ ਜਾਵੇਗੀ। ਸਰਕਾਰ ਅਤੇ ਨਗਰ ਨਿਗਮ ਵੱਲੋਂ ਲਗਾਤਾਰ ਇਹ ਯਤਨ ਕੀਤਾ ਜਾ ਰਿਹਾ ਹੈ ਕਿ ਸ਼ਹਿਰ ਦੀਆਂ ਸੜਕਾਂ ਨੂੰ ਬਿਹਤਰ ਬਣਾਇਆ ਜਾਵੇ, ਤਾਂ ਜੋ ਆਮ ਲੋਕਾਂ ਨੂੰ ਸੁਖਾਲਾ ਅਤੇ ਸੁੰਦਰ ਮਾਹੌਲ ਮਿਲ ਸਕੇ।

ਇਸ ਮੌਕੇ 'ਤੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਸਤਵੰਤ ਸਿੰਘ ਸਿਆਣ, ਬਹਾਦਰ ਸਿੰਘ ਸੁਨੇਤ, ਪ੍ਰਦੀਪ ਸੈਣੀ, ਕੁਲਵਿੰਦਰ ਕੌਰ, ਅਵਤਾਰ ਸਿੰਘ ਕਪੂਰ, ਅਵਤਾਰ ਸਿੰਘ ਜੌਹਲ ਸਮੇਤ ਕਈ ਪਤਵੰਤੇ ਵਿਅਕਤੀ ਹਾਜ਼ਰ ਸਨ।

# ਵਿਸਾਖੀ ਮੌਕੇ ਸ਼ਰਧਾਲੂਆਂ ਦੀ ਸਹੂਲਤ ਲਈ ਕੀਤੇ ਜਾਣਗੇ ਸੁਚਾਰੂ ਪ੍ਰਬੰਧ: ਜਸਪ੍ਰੀਤ ਸਿੰਘ



**ਸ੍ਰੀ ਆਨੰਦਪੁਰ ਸਾਹਿਬ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਵਿਸਾਖੀ ਦੇ ਤਿਉਹਾਰ ਮੌਕੇ 11 ਤੋਂ 13 ਅਪ੍ਰੈਲ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਪਣੇ ਵਿਭਾਗਾ ਨਾਲ ਸਬੰਧਿਤ ਸੁਚਾਰੂ ਪ੍ਰਬੰਧ ਕਰਨ ਦੀ ਨਿਰਦੇਸ਼ ਦਿੱਤੇ ਹਨ।

ਐਸ.ਡੀ.ਐਮ ਨੇ ਕਿਹਾ ਹੈ ਕਿ ਖਾਲਸਾ ਸਾਜਨਾ ਦਿਵਸ ਵਿਸਾਖੀ ਦਾ ਤਿਉਹਾਰ 13 ਅਪ੍ਰੈਲ ਤੱਕ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੈ। ਇਸ ਮੌਕੇ ਸ਼ਰਧਾਲੂ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਿਖੇ ਧਾਰਮਿਕ ਅਸਥਾਨਾ ਦੇ ਦਰਸ਼ਨਾ ਲਈ ਆਉਦੇ ਹਨ। ਇਸ ਲਈ ਸ਼ਰਧਾਲੂਆਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਿਖੇ 11 ਤੋਂ 13 ਅਪ੍ਰੈਲ ਤੱਕ ਸਬੰਧਤ ਵਿਭਾਗਾਂ ਵੱਲੋਂ ਲੋੜੀਂਦੇ ਪ੍ਰਬੰਧ ਸਮੇਂ ਸਿਰ ਕੀਤੇ ਜਾਣ।

ਉਨ੍ਹਾਂ ਨੇ ਪੁਲਿਸ ਵਿਭਾਗ ਨੂੰ ਕਿਹਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਿਖੇ ਉਕਤ ਸਮੇਂ ਦੌਰਾਨ ਲੋੜੀਂਦੇ ਸੁਰੱਖਿਆ, ਟ੍ਰੈਫਿਕ ਅਤੇ ਪਾਰਕਿੰਗ ਪ੍ਰਬੰਧ ਕਰਵਾਏ ਜਾਣ। ਉਨ੍ਹਾਂ ਨੇ ਨਗਰ ਕੌਂਸਲ ਨੂੰ ਹਦਾਇਤ ਕੀਤੀ ਹੈ ਕਿ ਕਾਰਜ ਸਾਧਕ ਅਫਸਰ, ਨਗਰ ਕੌਂਸਲ, ਸ੍ਰੀ ਅਨੰਦਪੁਰ ਸਾਹਿਬ ਤੇ ਕਾਰਜ ਸਾਧਕ ਅਫਸਰ ਨਗਰ ਪੰਚਾਇਤ ਕੀਰਤਪੁਰ ਸਾਹਿਬ ਨੂੰ ਉਕਤ ਸਮੇਂ ਦੌਰਾਨ ਹਰ ਪੱਖੋਂ ਲੋੜੀਂਦੀ ਸਫ਼ਾਈ, ਪਾਣੀ ਦਾ ਛਿੜਕਾਓ ਕਰਵਾਇਆ ਜਾਵੇ ਤੇ ਸ਼ਹਿਰ ਦੀ ਮੁਕੰਮਲ ਸਫਾਈ ਤੇ ਸਟਰੀਟ ਲਾਈਟਾ ਵੀ ਚਾਲੂ ਰੱਖੀਆਂ ਜਾਣ। ਉਨ੍ਹਾਂ ਨੇ ਜਲ ਸਪਲਾਈ ਵਿਭਾਗ ਨੂੰ ਕਿਹਾ ਹੈ ਕਿ ਪੀਣ ਵਾਲੇ ਪਾਣੀ ਦੀ ਸਪਲਾਈ ਨਿਰਵਿਘਨ ਚਾਲੂ ਰੱਖੀ ਜਾਵੇ ਤੇ ਪੱਕੇ ਟਾਈਲਟ ਬਲਾਕਾ ਨੂੰ ਚਾਲੂ ਕੀਤਾ ਜਾਵੇ।

ਉਨ੍ਹਾਂ ਨੇ ਪਾਵਰ ਕਾਮ ਅਧਿਕਾਰੀਆਂ ਨੂੰ ਕਿਹਾ ਕਿ ਬਿਜਲੀ ਦੀ ਸਪਲਾਈ 24 ਘੰਟੇ ਨਿਰਵਿਘਨ ਚਾਲੂ ਕੀਤੀ ਜਾਵੇ ਅਤੇ ਲੋਕ ਨਿਰਮਾਣ ਵਿਭਾਗ ਦੇ ਇਲੈਕਟ੍ਰੀਕਲ ਵਿੰਗ ਨੂੰ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਿਖੇ ਸਾਰੀਆਂ ਸਟਰੀਟ ਲਾਈਟਾ ਚਾਲੂ ਕੀਤੀਆ ਜਾਣ। ਉਨ੍ਹਾਂ ਨੇ ਸੀਨੀਅਰ ਮੈਡੀਕਲ ਅਫਸਰ ਸ੍ਰੀ ਅਨੰਦਪੁਰ ਸਾਹਿਬ ਨੂੰ ਹਸਪਤਾਲ ਵਿੱਚ ਸਾਰੀਆਂ ਸਹੂਲਤਾਂ ਤੇ ਸਟਾਫ ਉਪਲੱਬਧ ਰੱਖਣ ਲਈ ਕਿਹਾ ਤੇ ਐਬੂਲੈਂਸ ਦਾ ਪ੍ਰਬੰਧ ਕਰਨ ਲਈ ਵੀ ਕਿਹਾ ਅਤੇ ਸੀਨੀਅਰ ਮੈਡੀਕਲ ਅਫਸਰ ਪ੍ਰਾਇਮਰੀ ਹੈਲਥ ਸੈਂਟਰ ਕੀਰਤਪੁਰ ਸਾਹਿਬ ਤੇ ਨੂਰਪੁਰ ਬੇਦੀ ਨੂੰ ਵੀ ਆਪਣੇ ਆਪਣੇ ਹੈਲਥ ਸੈਂਟਰਾਂ ਵਿਚ ਸਾਰੇ ਪ੍ਰਬੰਧ ਮੁਕੰਮਲ ਕਰਨ ਲਈ ਨਿਰਦੇਸ਼ ਦਿੱਤੇ ਹਨ।

# ਹਰਭਜਨ ਸਿੰਘ ਈ.ਟੀ.ਓ. ਵੱਲੋਂ ਹਲਕਾ ਉੱਤਰੀ ਦਾ ਵਿਸ਼ੇਸ਼ ਦੌਰਾ



**ਲੁਧਿਆਣਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਸਨੀਕਾਂ ਨੂੰ ਆਗਾਮੀ ਗਰਮੀਆਂ ਦੇ ਮੌਸਮ ਦੌਰਾਨ ਭਰੋਸੇਮੰਦ ਬਿਜਲੀ ਸਪਲਾਈ ਪ੍ਰਦਾਨ ਕਰਨ ਅਤੇ ਸਮਾਜ ਦੇ ਸਾਰੇ ਵਰਗਾਂ ਨੂੰ ਹਰੇਕ ਬਿੱਲ 'ਤੇ 600 ਯੂਨਿਟ ਮੁਫ਼ਤ ਬਿਜਲੀ ਮੁਹੱਈਆ ਕਰਵਾਉਣ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਚਨਬੱਧ ਹੈ।

ਇਸ ਗੱਲ ਦਾ ਪ੍ਰਗਟਾਵਾ ਪੰਜਾਬ ਸਰਕਾਰ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਵਲੋਂ ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਦੇ ਵਿਸ਼ੇਸ਼ ਦੌਰੇ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਮਦਨ ਲਾਲ ਬੱਗਾ ਵੀ ਮੌਜੂਦ ਸਨ।

ਇਸ ਮੌਕੇ ਕੈਬਨਿਟ ਮੰਤਰੀ ਵੱਲੋਂ ਹਲਕਾ ਉੱਤਰੀ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੀ ਸਮੀਖਿਆ ਕੀਤੀ, ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਜਲਦ ਨਿਪਟਾਰੇ ਦਾ ਵੀ ਭਰੋਸਾ ਦਿੱਤਾ।

ਉਨ੍ਹਾਂ ਕਿਹਾ ਕਿ ਸੂਬੇ ਦੇ ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ ਅਤੇ ਭਰੋਸੇਮੰਦ ਬਿਜਲੀ ਸਪਲਾਈ ਪ੍ਰਦਾਨ ਕਰਨ ਦੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਪਿਛਲੇ ਤਿੰਨ ਸਾਲ ਦੌਰਾਨ ਅਹਿਮ ਪਹਿਲਕਦਮੀਆਂ ਕੀਤੀਆਂ ਗਈਆਂ ਹਨ।

ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਦੱਸਿਆ ਕਿ ਪੀ.ਐਸ.ਪੀ.ਐਸ.ਐਲ. ਦੇ ਅਧਿਕਾਰੀਆਂ ਨੂੰ ਸੁਚਾਰੂ ਬਿਜਲੀ ਸਪਲਾਈ ਲਈ ਸਪੱਸ਼ਟ ਨਿਰਦੇਸ਼ ਜਾਰੀ ਕੀਤੇ ਹਨ ਜਿਸਦੇ ਤਹਿਤ ਜਿੱਥੇ ਕਿਤੇ ਵੀ ਨਵੇਂ ਟ੍ਰਾਂਸਫਾਰਮਰ ਦੀ ਲੋੜ ਹੈ ਜਾਂ ਬਿਜਲੀ ਦੀਆਂ ਤਾਰਾਂ ਬਦਲੀਆਂ ਜਾਣੀਆਂ ਹਨ, ਨਵੇਂ ਖੰਭੇ ਲਗਾਏ ਜਾਣੇ ਹਨ।

ਇਨ੍ਹਾਂ ਕਾਰਜ਼ਾਂ ਨੂੰ ਫੌਰੀ ਤੌਰ 'ਤੇ ਅਮਲੀ ਜ਼ਾਮਾ ਪਹਿਨਾਇਆ ਜਾਵੇ ਤਾਂ ਜੋ ਆਮ ਜਨਤਾ ਗਰਮੀ ਦੇ ਮੌਸਮ ਦੌਰਾਨ ਖੱਜਲ-ਖੁਆਰ ਨਾ ਹੋਵੇ।

# ਅਧਿਆਪਕਾਂ ਨੂੰ ਬੋਲੇ ਅਪਸ਼ਬਦਾਂ ਲਈ ਜੌੜਾਮਾਜਰਾ ਮੁਆਫ਼ੀ ਮੰਗਣ: ਡੀਟੀਐੱਫ

**ਪਟਿਆਲਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡੈਮੋਕਰੈਟਿਕ ਟੀਚਰਜ਼ ਫਰੰਟ (ਡੀਟੀਐੱਫ) ਨੇ 'ਆਪ' ਸਰਕਾਰ 'ਤੇ ਸਰਕਾਰੀ ਸਕੂਲਾਂ ਦਾ ਸਿਆਸੀਕਰਨ ਕਰਨ ਦੇ ਦੋਸ਼ ਲਾਏ ਹਨ। ਡੀਟੀਐੱਫ ਆਗੂਆਂ ਨੇ ਸੋਮਵਾਰ ਨੂੰ ਸਿੱਖਿਆ ਕ੍ਰਾਂਤੀ ਨੂੰ ਪ੍ਰਫੁੱਲਤ ਕਰਨ ਦੇ ਨਾਮ 'ਤੇ ਪੰਜਾਬ ਭਰ ਦੇ ਸਰਕਾਰੀ ਸਕੂਲਾਂ ਵਿਚ 'ਆਪ' ਵਿਧਾਇਕਾਂ ਨੂੰ ਭੇਜਣ ਦੀ ਕਾਰਵਾਈ ਦੇ ਹਵਾਲੇ ਨਾਲ ਕਿਹਾ ਕਿ ਸੂਬਾ ਸਰਕਾਰ ਸਰਕਾਰੀ ਸਕੂਲਾਂ 'ਚ ਸਿਆਸੀ ਦਖਲਅੰਦਾਜ਼ੀ ਬੰਦ ਕਰੇ।

ਜਥੇਬੰਦੀ ਨੇ ਸਮਾਣਾ ਤੋਂ ਵਿਧਾਇਕ ਚੇਤਨ ਸਿੰਘ ਜੌੜੇਮਾਜਰਾ 'ਤੇ ਅਜਿਹੇ ਹੀ ਇੱਕ ਸਮਾਗਮ ਦੌਰਾਨ ਸਕੂਲ ਦੀ ਸਟੇਜ ਤੋਂ ਅਧਿਆਪਕਾਂ ਦੀ ਲਾਹਪਾਹ ਕਰਨ ਦੇ ਦੋਸ਼ ਲਾਉਂਦਿਆਂ ਕਿਹਾ ਕਿ ਅਧਿਆਪਕ ਵਰਗ ਸਕੂਲਾਂ 'ਚ ਅਜਿਹਾ ਬਦਸੂਰਤ ਮਾਹੌਲ ਸਿਰਜਣ ਦੀ ਇਜਾਜ਼ਤ ਨਹੀਂ ਦੇਵੇਗਾ। ਉਨ੍ਹਾਂ ਕਿਹਾ ਕਿ ਅਧਿਆਪਕ ਵਰਗ ਦੇ ਮਾਣ ਸਨਮਾਨ ਨੂੰ ਠੇਸ ਪਹੁੰਚਾਉਣ ਲਈ ਵਿਧਾਇਕ ਜੌੜਾਮਾਜਰਾ ਬਿਨਾਂ ਸ਼ਰਤ ਮੁਆਫੀ ਮੰਗਣ। ਇਥੇ ਜਾਰੀ ਇੱਕ ਬਿਆਨ 'ਚ ਜਥੇਬੰਦੀ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ ਅਤੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਰੱਖੜਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਲਗਾਤਾਰ ਖ਼ਦਸ਼ਾ ਜ਼ਾਹਿਰ ਕੀਤਾ ਜਾਂਦਾ ਰਿਹਾ ਹੈ ਕਿ ਸਕੂਲਾਂ ਦੇ ਸੰਵੇਦਨਸ਼ੀਲ ਮਾਹੌਲ ਦਾ ਸਿਆਸੀਕਰਨ ਵਿੱਦਿਅਕ ਮਾਹੌਲ ਨੂੰ ਖਰਾਬ ਕਰੇਗਾ। ਇਸ ਦੀ ਤਾਜ਼ਾ ਮਿਸਾਲ ਵਿਧਾਇਕ ਚੇਤਨ ਸਿੰਘ ਜੌੜਮਾਜਰਾ ਵੱਲੋਂ ਇੱਕ ਸਰਕਾਰੀ ਸਕੂਲ 'ਚ ਅਧਿਆਪਕਾਂ ਨੂੰ ਬੋਲੇ ਕਥਿਤ ਅਪਸ਼ਬਦ ਹਨ। ਅਧਿਆਪਕ ਆਗੂਆਂ ਨੇ ਸਰਕਾਰ ਤੋਂ ਸਕੂਲਾਂ ਨੂੰ ਸਿਆਸੀ ਹਿਤਾਂ ਲਈ ਵਰਤਣ ਤੋਂ ਗੁਰੇਜ਼ ਕਰਨ ਦੀ ਮੰਗ ਕਰਦਿਆਂ ਅਜਿਹੇ ਬੇਲੋੜੇ ਪ੍ਰੋਗਰਾਮਾਂ ਨੂੰ ਤੁਰੰਤ ਬੰਦ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅਜੇ ਕੁਝ ਦਿਨ ਪਹਿਲਾਂ ਹੀ ਸਕੂਲਾਂ ਦੇ ਸਾਲਾਨਾ ਨਤੀਜੇ ਐਲਾਨਣ ਲਈ ਕੀਤੀਆਂ ਗਈਆਂ ਪੀਟੀਐੱਮ ਵਿੱਚ ਵਿਦਿਆਰਥੀਆਂ ਸਮੇਤ ਮਾਪਿਆਂ ਵੱਲੋਂ ਵੱਡੀ ਗਿਣਤੀ ਸਮੂਲੀਅਤ ਕੀਤੀ ਗਈ ਸੀ।

# ਬਲਦੇਵ ਖੁਰਾਣਾ ਦੀ ਪੁਸਤਕ 'ਸਾਂਝੇ ਮੋਤੀ' ਲੋਕ ਅਰਪਣ



**ਰਾਜਪੁਰਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਾਹਿਤ ਸੰਗਮ ਰਾਜਪੁਰਾ ਦਾ ਸਾਹਿਤਕ ਸਮਾਗਮ ਰੋਟਰੀ ਭਵਨ ਵਿੱਚ ਪ੍ਰਧਾਨ ਡਾ. ਗੁਰਵਿੰਦਰ ਅਮਨ ਦੀ ਦੇਖ-ਰੇਖ ਵਿਚ ਹੋਇਆ। ਇਸ ਦੌਰਾਨ ਬਲਦੇਵ ਸਿੰਘ ਖੁਰਾਣਾ ਦੀ ਪੁਸਤਕ 'ਸਾਂਝੇ ਮੋਤੀ' ਲੋਕ ਅਰਪਣ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਸ਼ਾਇਰ ਡਾ. ਸੁਰਿੰਦਰ ਗਿੱਲ ਨੇ ਕੀਤੀ। ਡਾ. ਅਮਰਜੀਤ ਕੌਂਕੇ ਤੇ ਅਵਤਾਰ ਜੀਤ ਅਟਵਾਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ ਪ੍ਰਧਾਨਗੀ ਮੰਡਲ 'ਚ ਸ਼ਾਮਲ ਸਨ। ਸਮਾਗਮ ਦਾ ਆਗਾਜ਼ ਦਲਜੀਤ ਸਿੰਘ ਸ਼ਾਂਤ ਨੇ ਗ਼ਜ਼ਲ ਨਾਲ ਕੀਤਾ। ਤਾਰਾ ਸਿੰਘ ਮੱਠਿਆੜਾਂ ਨੇ ਧਾਰਮਿਕ ਗੀਤ ਤੇ ਕਰਮ ਸਿੰਘ ਹਕੀਰ ਨੇ ਕੈਨੇਡਾ ਬਾਰੇ ਗੀਤ ਸੁਣਾਇਆ। ਪ੍ਰੋਫੈਸਰ ਭੁਪਿੰਦਰ ਸ਼ਾਹੀ, ਬਾਬੂ ਰਾਮ, ਰਣਜੀਤ ਸਿੰਘ ਫ਼ਤਿਹਗੜ੍ਹ ਸਾਹਿਬ ਅਤੇ ਹਰਪਾਲ ਸਿੰਘ ਪਾਲ ਨੇ ਕਵਿਤਾ ਸੁਣਾਕੇ ਰੰਗ ਬੰਨ੍ਹਿਆ। ਨੌਜਵਾਨ ਗ਼ਜ਼ਲਗੋ ਅਵਤਾਰ ਪੁਆਰ ਨੇ ਗ਼ਜ਼ਲ, ਕੁਲਵੰਤ ਸਿੰਘ ਜੱਸਲ ਨੇ ਬਾਲ ਗੀਤ, ਇੰਸਪੈਕਟਰ ਰਵਿੰਦਰ ਕ੍ਰਿਸ਼ਨ, ਹਰਪਾਲ ਸਿੰਘ ਪਾਲ, ਕਰਨੈਲ ਸਿੰਘ ਪਰਵਾਨਾ ਤੇ ਸੁਨੀਤਾ ਦੇਸਰਾਜ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਡਾ. ਅਮਰਜੀਤ ਕੌਂਕੇ ਨੇ ਕਿਤਾਬ ਬਾਰੇ ਚਾਨਣਾ ਪਾਇਆ। ਸੰਗਮ ਦੇ ਪ੍ਰਧਾਨ ਡਾ. ਗੁਰਵਿੰਦਰ ਅਮਨ ਨੇ ਸਮਾਗਮ ਦੀ ਕਾਰਵਾਈ ਬਾਖ਼ੂਬੀ ਨਿਭਾਈ। ਪ੍ਰੋਗਰਾਮ 'ਚ ਰਤਨ ਸ਼ਰਮਾ, ਸੋਮ ਨਾਥ, ਸੁਰੇਸ਼ ਕੱਕੜ, ਅਮਰੀਕ ਸਿੰਘ, ਜਗਦੀਸ਼ ਚੌਹਾਨ, ਰਮੇਸ਼ ਗੁਪਤਾ, ਬਲਕਾਰ ਸਿੰਘ ਸੈਣੀ, ਇੰਦਰਜੀਤ ਸਿੰਘ, ਸੁਖਵਿੰਦਰ ਕੌਰ ਖੁਰਾਣਾ, ਪੱਤਰਕਾਰ ਗੁਰਵਿੰਦਰ ਦੀਪ, ਹਰਨੀਤ ਕੌਰ, ਸਤੀਸ਼ ਵਰਮਾ, ਰਣਜੀਤ ਸਿੰਘ, ਜਸਪ੍ਰੀਤ ਸਿੰਘ ਖੁਰਾਣਾ ਅਤੇ ਦਮਨਜੀਤ ਸਿੰਘ ਸ਼ਾਮਲ ਸਨ।

# ਪਿੰਡ ਚਨਾਰਥਲ ਕਲਾਂ ਵਿਖੇ ਸਾਉਣੀ ਦੀਆਂ ਫਸਲਾਂ ਸਬੰਧੀ ਜਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਅੱਜ

**ਫਤਹਿਗੜ੍ਹ ਸਾਹਿਬ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਾਉਣੀ ਦੀਆਂ ਫਸਲਾਂ ਸਬੰਧੀ ਜਿਲਾ ਪੱਧਰੀ ਕਿਸਾਨ ਸਿਖਲਾਈ ਕੈਂਪ ਤੇ ਪ੍ਰਦਰਸ਼ਨੀਆਂ ਦਾ ਆਯੋਜਨ ਅੱਜ ਪਿੰਡ ਚਨਾਰਥਲ ਕਲਾਂ ਵਿਖੇ ਕੀਤਾ ਜਾਵੇਗਾ। ਇਸ ਕੈਂਪ ਵਿੱਚ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ ਜਦੋਂ ਕਿ ਕੈਂਪ ਦਾ ਉਦਘਾਟਨ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਵੱਲੋਂ ਕੀਤਾ ਜਾਵੇਗਾ। ਇਹ ਜਾਣਕਾਰੀ ਮੁੱਖ ਖੇਤੀਬਾੜੀ ਅਫਸਰ ਗੁਰਨਾਮ ਸਿੰਘ ਨੇ ਦਿੱਤੀ।

ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਆਤਮਾ ਸਕੀਮ ਅਧੀਨ ਲਗਾਏ ਜਾਣ ਵਾਲੇ ਇਸ ਕੈਂਪ ਵਿੱਚ ਸ਼੍ਰੀ ਅਰੁਣ ਕੁਮਾਰ, ਸੰਯੁਕਤ ਡਾਇਰੈਕਟਰ (ਹਾਈਡਰੋਲੋਜੀ) ਵਿਸ਼ੇਸ਼ ਮਹਿਮਾਨ ਵੱਜੋਂ ਸ਼ਾਮਿਲ ਹੋਣਗੇ। ਇਸ ਕੈਂਪ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਮਾਹਿਰਾਂ ਵੱਲੋਂ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਦੀ ਕਾਸ਼ਤ ਸਬੰਧੀ ਤਕਨੀਕੀ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਸਾਉਣੀ ਸੀਜਨ ਦੌਰਾਨ ਪਾਣੀ ਦੀ ਬੱਚਤ ਲਈ ਧਾਨ ਦੀ ਸਿੱਧੀ ਬਿਜਾਈ ਬਾਰੇ ਅਤੇ ਫਸਲੀ ਵਿਭਿੰਨਤਾ ਬਾਰੇ ਵੀ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਬਾਗਬਾਨੀ, ਪਸ਼ੂ-ਪਾਲਣ, ਡੇਅਰੀ, ਮੱਛੀ-ਪਾਲਣ, ਭੂਮੀ ਰੱਖਿਆ, ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਵਿਭਾਗੀ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਅਤੇ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ। ਖੇਤੀਬਾੜੀ ਵਿਭਾਗ ਵੱਲੋਂ ਨਵੀਨਤਮ ਖੇਤੀ ਮਸ਼ੀਨਰੀ ਦੀ ਨੁਮਾਇਸ਼ ਵੀ ਲਗਾਈ ਜਾਵੇਗੀ।

ਮੁਖ ਖੇਤੀਬਾੜੀ ਅਫਸਰ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਵਿਭਾਗ ਵੱਲੋਂ ਲਗਾਏ ਜਾ ਰਹੇ ਇਸ ਕੈਂਪ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਿਲ ਹੋਣ ਅਤੇ ਖੇਤੀ ਮਾਹਿਰਾਂ ਦੀ ਰਾਏ ਅਨੁਸਾਰ ਸਾਉਣੀ ਦੀਆਂ ਫਸਲਾਂ ਸਬੰਧੀ ਤਕਨੀਕੀ ਜਾਣਕਾਰੀ ਹਾਸਿਲ ਕਰਨ।

# ਵਿਜੀਲੈਂਸ ਵੱਲੋਂ ਆਰਟੀਓ ਦਫ਼ਤਰ ਦੇ ਟਰੈਕ 'ਤੇ ਛਾਪਾ

**ਪਟਿਆਲਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਜੀਲੈਂਸ ਬਿਊਰੋ ਪਟਿਆਲਾ ਦੀ ਇੱਕ ਟੀਮ ਨੇ ਅੱਜ ਵਿਜੀਲੈਂਸ ਦੇ ਡੀਐੱਸਪੀ ਪਰਮਿੰਦਰ ਸਿੰਘ ਸਾਹਨੀ ਦੀ ਅਗਵਾਈ ਹੇਠ ਆਰਟੀਓ ਦਫ਼ਤਰ ਦੇ ਇੱਥੇ ਨਾਭਾ ਰੋਡ 'ਤੇ ਸਥਿਤ ਟਰੈਕ 'ਤੇ ਛਾਪਾ ਮਾਰਿਆ ਅਤੇ ਇੱਥੇ ਤਾਇਨਾਤ ਕਰਮਚਾਰੀਆਂ ਦੇ ਕੋਲ ਮੌਜੂਦ ਸਰਕਾਰੀ ਰਿਕਾਰਡਾਂ ਅਤੇ ਦਸਤਾਵੇਜ਼ਾਂ ਦੀ ਜਾਂਚ ਕੀਤੀ। ਇਸ ਦੌਰਾਨ ਵਿਜੀਲੈਂਸ ਵੱਲੋਂ ਕੁਝ ਦਸਤਾਵੇਜ਼ ਕਬਜ਼ੇ ਵਿੱਚ ਲੈਣ ਦਾ ਵੀ ਪਤਾ ਲੱਗਾ ਹੈ। ਪ੍ਰਾਪਤ ਜਾਣਕਾਰੀ ਮੁਤਾਬਿਕ ਵਿਜੀਲੈਂਸ ਕੋਲਲ਼ ਸ਼ਿਕਾਇਤਾਂ ਪੁੱਜ ਰਹੀਆਂ ਸਨ ਕਿ ਡਰਾਈਵਿੰਗ ਲਾਇਸੈਂਸ ਬਣਾਉਣ ਬਦਲੇ ਏਜੰਟਾਂ ਵੱਲੋਂ ਲੋਕਾਂ ਤੋਂ ਵੱਧ ਪੈਸੇ ਵਸੂਲੇ ਜਾਂਦੇ ਹਨ।

# ਸੜਕ ਹਾਦਸੇ 'ਚ ਮਹਿਲਾ ਸਮੇਤ ਦੋ ਹਲਾਕ

**ਪਟਿਆਲਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਨਜ਼ਦੀਕ ਹੀ ਸਮਾਣਾ ਰੋਡ 'ਤੇ ਸਥਿਤ ਥਾਣਾ ਪਸਿਆਣਾ ਦੇ ਪਿੰਡ ਸਵਾਜਪੁਰ ਦੇ ਕੋਲ ਇੱਕ ਕਾਰ ਅਤੇ ਟਿੱਪਰ ਦੀ ਹੋਈ ਟੱਕਰ ਦੌਰਾਨ ਇੱਕ ਮਹਿਲਾ ਸਮੇਤ ਦੋ ਜਣਿਆਂ ਦੀ ਮੌਤ ਹੋ ਗਈ। ਇਹ ਦੋਵੇਂ ਸਵਿਫਟ ਕਾਰ ਵਿੱਚ ਸਵਾਰ ਸਨ।

ਕਾਰ ਨੂੰ 30 ਸਾਲਾ ਸਤਨਾਮ ਸਿੰਘ ਨਾਮੀ ਵਿਅਕਤੀ ਚਲਾ ਰਿਹਾ ਸੀ। ਹਾਦਸੇ ਤੋਂ ਬਾਅਦ ਟਿੱਪਰ ਦਾ ਡਰਾਈਵਰ ਫ਼ਰਾਰ ਹੋ ਗਿਆ। ਥਾਣਾ ਪਸਿਆਣਾ ਦੀ ਪੁਲੀਸ ਵੱਲੋਂ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਮ੍ਰਿਤਕਾਂ ਦੀਆਂ ਲਾਸ਼ਾਂ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਲਿਆਂਦੀਆਂ ਗਈਆਂ ਹਨ। ਮ੍ਰਿਤਕਾਂ ਦਾ ਸਬੰਧ ਮੂਲੇਪੁਰ ਥਾਣੇ ਅਧੀਨ ਪੈਂਦੇ ਇੱਕ ਪਿੰਡ ਨਾਲ ਦੱਸਿਆ ਜਾਂਦਾ ਹੈ।

# ਗੈਂਗਸਟਰ ਨੂੰ ਬੁਲੇਟਪਰੂਫ ਵਾਹਨ ਵਰਤਣ ਦੀ ਇਜਾਜ਼ਤ ਦੇਣ 'ਤੇ ਪੰਜਾਬ ਸਰਕਾਰ ਦੀ ਝਾੜ-ਝੰਬ

## ਹਾਈ ਕੋਰਟ ਨੇ ਮੁੱਖ ਸਕੱਤਰ ਨੂੰ ਮਾਮਲੇ ਦੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ; ਵਾਹਨਾਂ ਨੂੰ ਬੁਲੇਟਪਰੂਫ ਵਿੱਚ ਤਬਦੀਲ ਕਰਨ ਸਬੰਧੀ ਕੋਈ ਨੀਤੀ ਜਾਂ ਦਿਸ਼ਾ-ਨਿਰਦੇਸ਼ ਨਾ ਹੋਣ 'ਤੇ ਹੈਰਾਨੀ ਪ੍ਰਗਟਾਈ

**ਚੰਡੀਗੜ੍ਹ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਖ਼ਤਰਨਾਕ ਗੈਂਗਸਟਰ ਨੂੰ ਬੁਲੇਟਪਰੂਫ ਵਾਹਨ ਦਾ ਇਸਤੇਮਾਲ ਕਰਨ ਦੀ ਇਜਾਜ਼ਤ ਦੇਣ ਲਈ ਅੱਜ ਪੰਜਾਬ ਸਰਕਾਰ ਦੀ ਝਾੜ-ਝੰਬ ਕੀਤੀ। ਇਸ ਨੂੰ ਹੈਰਾਨ ਕਰਨ ਵਾਲੀ ਸਥਿਤੀ ਦੱਸਦੇ ਹੋਏ ਬੈਂਚ ਨੇ ਸੂਬੇ ਦੇ ਮੁੱਖ ਸਕੱਤਰ ਨੂੰ ਇਸ ਮਾਮਲੇ ਦੀ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ। ਇਹ ਆਦੇਸ਼ ਉਦੋਂ ਜਾਰੀ ਕੀਤਾ ਗਿਆ ਜਦੋਂ ਇਹ ਗੱਲ ਸਾਹਮਣੇ ਆਈ ਕਿ ਸੂਬੇ ਵੱਲੋਂ ਵਾਹਨਾਂ ਨੂੰ ਬੁਲੇਟਪਰੂਫ ਵਿੱਚ ਤਬਦੀਲ ਕਰਨ ਸਬੰਧੀ ਕੋਈ ਨੀਤੀ ਜਾਂ ਦਿਸ਼ਾ-ਨਿਰਦੇਸ਼ ਜਾਰੀ ਨਹੀਂ ਕੀਤੇ ਗਏ ਹਨ। ਅਦਾਲਤ ਵਾਹਨ ਦੇ ਰਜਿਸਟਰਡ ਮਾਲਕ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਹੋਰ ਗੱਲਾਂ ਤੋਂ ਇਲਾਵਾ, ਵਾਹਨ ਦੇ ਮਾਲਕ ਨੇ ਵਕੀਲ ਅੰਜੂ ਸ਼ਰਮਾ ਕੌਸ਼ਿਕ ਅਤੇ ਅਮਿਤ ਅਗਨੀਹੋਤਰੀ ਰਾਹੀਂ ਤਰਕ ਦਿੱਤਾ ਕਿ ਐੱਸਯੂਵੀ 8 ਸਤੰਬਰ 2024 ਤੋਂ ਨਾਜਾਇਜ਼ ਤੌਰ ਤੋਂ ਪੁਲੀਸ ਦੇ ਕਬਜ਼ੇ 'ਚ ਸੀ।

ਬੈਂਚ ਨੂੰ ਦੱਸਿਆ ਗਿਆ ਕਿ ਪਟੀਸ਼ਨਰ ਦਾ ਪੁੱਤਰ, ਜਿਸ ਨੂੰ ਲਗਪਗ 41 ਮਾਮਲਿਆਂ ਵਿੱਚ 'ਏ' ਸ਼੍ਰੇਣੀ ਦਾ ਗੈਂਗਸਟਰ ਦੱਸਿਆ ਗਿਆ ਹੈ, ਵਾਹਨ ਨੂੰ ਬੁਲੇਟਪਰੂਫ ਵਿੱਚ ਤਬਦੀਲ/ਅਪਗਰੇਡ ਕਰਵਾਉਣ ਮਗਰੋਂ ਇਸਤੇਮਾਲ ਕਰ ਰਿਹਾ ਸੀ। ਜਸਟਿਸ ਤਿਵਾੜੀ ਨੇ ਕਿਹਾ, "ਇਹ ਮਾਮਲਾ ਅੱਖਾਂ ਖੋਲ੍ਹਣ ਵਾਲਾ ਹੈ ਕਿਉਂਕਿ ਇਹ ਪੰਜਾਬ ਸੂਬੇ ਵਿੱਚ ਹੈਰਾਨ ਕਰਨ ਵਾਲੀ ਸਥਿਤੀ ਨੂੰ ਦਰਸਾਉਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਅਜਿਹੇ ਖ਼ਤਰਨਾਕ ਗੈਂਗਸਟਰ ਨੂੰ ਆਪਣੀਆਂ ਗੈਰ-ਕਾਨੂੰਨੀ ਗਤੀਵਿਧੀਆਂ ਚਲਾਉਣ ਲਈ ਸਬੰਧਤ ਬੁਲੇਟਪਰੂਫ ਵਾਹਨ ਦਾ ਇਸਤੇਮਾਲ ਕਰਨ ਦੀ ਇਜਾਜ਼ਤ ਦਿੱਤੀ ਗਈ।"

ਬੈਂਚ ਨੇ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਵੱਲੋਂ ਦਾਇਰ ਇਕ ਹਲਫ਼ਨਾਮੇ ਨੂੰ ਵੀ ਰਿਕਾਰਡ 'ਤੇ ਲਿਆ, ਜਿਸ ਵਿੱਚ ਸਵੀਕਾਰ ਕੀਤਾ ਗਿਆ ਸੀ ਕਿ ਸੂਬੇ ਕੋਲ ਵਾਹਨਾਂ ਨੂੰ ਬੁਲੇਟਪਰੂਫ ਵਿੱਚ ਬਦਲਣ ਦੀ ਕੋਈ ਨੀਤੀ ਨਹੀਂ ਹੈ। ਸੁਰੱਖਿਆ ਵਿੰਗ ਨੂੰ ਹੁਣ ਉਚਿਤ ਦਿਸ਼ਾ-ਨਿਰਦੇਸ਼ ਤਿਆਰ ਕਰਨ ਵਾਸਤੇ ਇਕ ਕਮੇਟੀ ਗਠਿਤ ਕਰਨ ਲਈ ਸੂਬਾ ਸਰਕਾਰ ਕੋਲ ਮਾਮਲਾ ਉਠਾਉਣ ਦਾ ਨਿਰਦੇਸ਼ ਵੀ ਦਿੱਤਾ ਗਿਆ ਹੈ।

ਜਸਟਿਸ ਤਿਵਾੜੀ ਨੇ ਹੁਕਮ ਦਿੱਤਾ, "ਇਸ ਅਦਾਲਤ ਦਾ ਮੰਨਣਾ ਹੈ ਕਿ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਨੂੰ ਪੂਰੇ ਮਾਮਲੇ ਦੀ ਜਾਂਚ ਕਰਨ ਅਤੇ ਆਪਣਾ ਨਿੱਜੀ ਹਲਫ਼ਨਾਮਾ ਦਾਇਰ ਕਰਨ ਦੀ ਲੋੜ ਹੈ, ਜਿਸ ਵਿੱਚ ਪੰਜਾਬ ਦੇ ਡੀਜੀਪੀ ਵੱਲੋਂ ਕੀਤੀ ਅਪੀਲ/ਸੁਝਾਅ 'ਤੇ ਕੀਤੀ ਗਈ ਕਾਰਵਾਈ ਦਾ ਖੁਲਾਸਾ ਕੀਤਾ ਜਾਵੇ।" 9 ਮਈ ਨੂੰ ਸੁਣਵਾਈ ਦੀ ਅਗਲੀ ਤਰੀਕ ਤੈਅ ਕਰਦੇ ਹੋਏ, ਅਦਾਲਤ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਕਿਸੇ ਵੀ ਧਿਰ ਵੱਲੋਂ ਮਾਮਲੇ ਦੀ ਸੁਣਵਾਈ ਅੱਗੇ ਪਾਉਣ ਲਈ ਕੀਤੀ ਗਈ ਕੋਈ ਵੀ ਅਪੀਲ ਮੰਨੀ ਨਹੀਂ ਜਾਵੇਗੀ।

ਕੇਂਦਰੀ ਗ੍ਰਹਿ ਮੰਤਰਾਲੇ ਅਤੇ ਸੜਕੀ ਆਵਾਜਾਈ ਤੇ ਸ਼ਾਹਰਾਹ ਮੰਤਰਾਲੇ ਨੂੰ ਪ੍ਰਤੀਵਾਦੀ ਬਣਾਇਆ

ਪੁਲੀਸ ਵੱਲੋਂ ਕਥਿਤ ਤੌਰ 'ਤੇ ਜ਼ਬਤ ਕੀਤੇ ਗਏ ਬੁਲੇਟਪਰੂਫ ਵਾਹਨ ਨੂੰ ਛੱਡਣ ਦੀ ਮੰਗ ਕਰਦੀ ਰਿੱਟ ਪਟੀਸ਼ਨ ਦੇ ਦਾਇਰੇ ਦਾ ਵਿਸਤਾਰ ਕਰਦੇ ਹੋਏ ਜਸਟਿਸ ਕੁਲਦੀਪ ਤਿਵਾੜੀ ਨੇ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਸੜਕੀ ਆਵਾਜਾਈ ਤੇ ਸ਼ਾਹਰਾਹ ਮੰਤਰਾਲੇ ਨੂੰ ਪ੍ਰਤੀਵਾਦੀ ਬਣਾਇਆ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੌਮੀ ਪੱਧਰ 'ਤੇ ਰੈਗੂਲੇਟਰੀ ਢਾਂਚਾ ਮੌਜੂਦ ਹੈ ਜਾਂ ਨਹੀਂ। ਅਦਾਲਤ ਨੇ ਭਾਰਤ ਸਰਕਾਰ ਦੇ ਵਧੀਕ ਸੌਲੀਸਿਟਰ ਜਨਰਲ ਸੱਤਿਆ ਪਾਲ ਜੈਨ ਨੂੰ ਸਬੰਧਤ ਮੰਤਰਾਲਿਆਂ ਕੋਲੋਂ ਨਿਰਦੇਸ਼ ਪ੍ਰਾਪਤ ਕਰਨ ਅਤੇ ਅਦਾਲਤ ਨੂੰ ਸੂਚਿਤ ਕਰਨ ਵਾਸਤੇ ਵਾਧੂ ਸਮਾਂ ਦਿੱਤਾ ਕਿ ਕੀ ਕੇਂਦਰ ਸਰਕਾਰ ਨੇ ਵਾਹਨਾਂ ਨੂੰ ਬੁਲੇਟਪਰੂਫ ਵਿੱਚ ਤਬਦੀਲ ਕਰਨ ਜਾਂ ਅਪਗਰੇਡ ਕਰਨ ਲਈ ਕੋਈ ਨੀਤੀ ਜਾਰੀ ਕੀਤੀ ਹੈ।

# ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਹਰਿਮੰਦਰ ਸਾਹਿਬ ਵਿਖੇ ਟੇਕਿਆ ਮੱਥਾ



**ਲੁਧਿਆਣਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਮੱਥਾ ਟੇਕਿਆ ਅਤੇ ਸਮਾਜ ਦੀ ਭਲਾਈ ਲਈ ਅਰਦਾਸ ਕੀਤੀ। ਬਾਅਦ ਵਿੱਚ ਮੇਅਰ ਇੰਦਰਜੀਤ ਕੌਰ ਨੇ ਅੰਮ੍ਰਿਤਸਰ ਦੇ ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ ਨਾਲ ਵੀ ਮੀਟਿੰਗ ਕੀਤੀ। ਮੀਟਿੰਗ ਦੌਰਾਨ ਟਿਕਾਊ ਵਿਕਾਸ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ ਤਾਂ ਜੋ ਵਿਕਾਸ ਦੇ ਏਜੰਡੇ ਨੂੰ ਅੱਗੇ ਵਧਾਇਆ ਜਾ ਸਕੇ।

ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦਾ ਟੀਚਾ ਮਿਆਰੀ ਬੁਨਿਆਦੀ ਢਾਂਚੇ ਦਾ ਵਿਕਾਸ ਕਰਨਾ ਅਤੇ ਪਿਛਲੀਆਂ ਸਰਕਾਰਾਂ ਵੱਲੋਂ ਅਣਗੌਲਿਆਂ ਕੀਤੇ ਗਏ ਵਿਕਾਸ ਕਾਰਜ ਕਰਵਾ ਕੇ ਸ਼ਹਿਰ ਵਾਸੀਆਂ ਨੂੰ ਰਾਹਤ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਉਹ ਸਾਰੇ ਮਿਲ ਕੇ ਸਮਾਜ ਦੀ ਬਿਹਤਰੀ ਲਈ ਕੰਮ ਕਰ ਰਹੇ ਹਨ।

ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਅੱਗੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਲੁਧਿਆਣਾ ਨੂੰ ਨੰਬਰ 1 ਸ਼ਹਿਰ ਬਣਾਉਣ ਦੇ ਟੀਚੇ ਦੀ ਪ੍ਰਾਪਤੀ ਲਈ ਪ੍ਰਸ਼ਾਸਨ ਦਾ ਸਾਥ ਦੇਣ।

# ਤਹੱਵੁਰ ਰਾਣਾ ਦੇ ਅੱਜ ਦਿੱਲੀ ਪੁੱਜਣ ਦੀ ਸੰਭਾਵਨਾ, ਤਿਹਾੜ ਜੇਲ੍ਹ 'ਚ ਰੱਖਣ ਦੀ ਤਿਆਰੀ

## ਜੇਲ੍ਹ ਸਟਾਫ਼ ਵੱਲੋਂ ਸਾਰੀਆਂ ਲੋੜੀਂਦੀਆਂ ਤਿਆਰੀਆਂ ਮੁਕੰਮਲ; ਪਟਿਆਲਾ ਹਾਊਸ ਕੋਰਟ ਦੇ ਬਾਹਰ ਸੁਰੱਖਿਆ ਵਧਾਈ; ਕੇਸ ਦੀ ਪੈਰਵੀ ਲਈ ਨਰੇਂਦਰ ਮਾਨ ਵਿਸ਼ੇਸ਼ ਸਰਕਾਰੀ ਵਕੀਲ ਨਿਯੁਕਤ

**ਨਵੀਂ ਦਿੱਲੀ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



26/11 ਮੁੰਬਈ ਹਮਲੇ ਦੇ ਮੁਲਜ਼ਮ ਤਹੱਵੁਰ ਰਾਣਾ ਦੇ ਅੱਜ ਬਾਅਦ ਦੁਪਹਿਰ ਦਿੱਲੀ ਪੁੱਜਣ ਦੀ ਸੰਭਾਵਨਾ ਹੈ। ਭਾਰਤ ਪੁੱਜਣ 'ਤੇ ਰਾਣਾ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਦੀ ਉੱਚ ਸੁਰੱਖਿਆ ਵਾਲੀ ਕੋਠੜੀ ਵਿਚ ਰੱਖਿਆ ਜਾਵੇਗਾ। ਇਹ ਦਾਅਵਾ ਜੇਲ੍ਹ ਵਿਚਲੇ ਸੂਤਰਾਂ ਨੇ ਕੀਤਾ ਹੈ। ਸੂਤਰਾਂ ਮੁਤਾਬਕ ਜੇਲ੍ਹ ਵਿਚ ਸਾਰੀਆਂ ਲੋੜੀਂਦੀਆਂ ਤਿਆਰੀਆਂ ਕਰ ਲਈਆਂ ਗਈਆਂ ਹਨ। ਇਸ ਦੌਰਾਨ ਕੇਂਦਰ ਸਰਕਾਰ ਨੇ ਰਾਣਾ ਖਿਲਾਫ਼ ਕੇਸ ਦੀ ਪੈਰਵੀ ਲਈ ਨਰੇਂਦਰ ਮਾਨ ਨੂੰ ਵਿਸ਼ੇਸ਼ ਸਰਕਾਰੀ ਵਕੀਲ ਨਿਯੁਕਤ ਕੀਤਾ ਹੈ।

ਉਧਰ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਦੇ ਬਾਹਰ ਸੁਰੱਖਿਆ ਵਧਾ ਦਿੱਤੀ ਗਈ ਹੈ। ਰਾਣਾ ਨੂੰ ਇਸ ਕੋਰਟ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਇਕ ਅਧਿਕਾਰੀ ਨੇ ਕਿਹਾ ਕਿ ਕੋਰਟ ਦੇ ਬਾਹਰ ਨੀਮ ਫੌਜੀ ਬਲਾਂ ਤੇ ਦਿੱਲੀ ਪੁਲੀਸ ਦਾ ਅਮਲਾ ਤਾਇਨਾਤ ਕੀਤਾ ਗਿਆ ਹੈ। ਕਿਸੇ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਕੋਰਟ ਵਿਚ ਆਉਣ ਵਾਲੇ ਲੋਕਾਂ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਐੱਨਆਈਏ ਜੱਜ ਵੱਲੋਂ ਸੁਣਵਾਈ ਕੀਤੇ ਜਾਣ ਦੀ ਉਮੀਦ ਹੈ।

ਕੇਂਦਰ ਸਰਕਾਰ ਨੇ 26/11 ਮੁੰਬਈ ਦਹਿਸ਼ਤੀ ਹਮਲੇ ਦੇ ਮੁਲਜ਼ਮ ਤਹੱਵੁਰ ਹੁਸੈਨ ਰਾਣਾ ਨਾਲ ਸਬੰਧਤ ਮਾਮਲੇ ਵਿੱਚ ਸੁਣਵਾਈ ਲਈ ਇੱਕ ਵਿਸ਼ੇਸ਼ ਸਰਕਾਰੀ ਵਕੀਲ ਨਿਯੁਕਤ ਕੀਤਾ ਹੈ। ਦੇਰ ਰਾਤ ਜਾਰੀ ਨੋਟੀਫਿਕੇਸ਼ਨ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਐਡਵੋਕੇਟ ਨਰੇਂਦਰ ਮਾਨ ਮਾਮਲੇ ਦੀ ਸੁਣਵਾਈ ਤੇ ਕੌਮੀ ਜਾਂਚ ਏਜੰਸੀ ਕੇਸ R3-04/2009/NIA/DLI (ਮੁੰਬਈ ਹਮਲੇ) ਵਿਚ ਤਿੰਨ ਸਾਲਾਂ ਲਈ ਵਿਸ਼ੇਸ਼ ਸਰਕਾਰੀ ਵਕੀਲ ਹੋਣਗੇ। ਨੋਟੀਫਿਕੇਸ਼ਨ ਵਿਚ ਕਿਹਾ ਗਿਆ ਕਿ ਇਹ ਨਿਯੁਕਤੀ ਨੋਟੀਫਿਕੇਸ਼ਨ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਤਿੰਨ ਸਾਲਾਂ ਦੀ ਮਿਆਦ ਲਈ ਜਾਂ ਉਕਤ ਕੇਸ ਦੀ ਸੁਣਵਾਈ ਪੂਰੀ ਹੋਣ ਤੱਕ, ਜੋ ਵੀ ਪਹਿਲਾਂ ਹੋਵੇ, ਤੱਕ ਹੋਵੇਗੀ।

ਪਾਕਿਸਤਾਨੀ ਮੂਲ ਦਾ ਕੈਨੇਡੀਅਨ ਨਾਗਰਿਕ ਤਹੱਵੁਰ ਰਾਣਾ (64) 2008 ਮੁੰਬਈ ਦਹਿਸ਼ਤੀ ਹਮਲਿਆਂ ਦੇ ਮੁੱਖ ਸਾਜ਼ਿਸ਼ਘਾੜੇ ਤੇ ਅਮਰੀਕੀ ਨਾਗਰਿਕ ਡੇਵਿਡ ਕੋਲੇਮਨ ਹੈਡਲੀ ਉਰਫ਼ ਦਾਊਦ ਗਿਲਾਨੀ ਦਾ ਨੇੜਲਾ ਸਾਥੀ ਹੈ। ਅਮਰੀਕੀ ਸੁਪਰੀਮ ਕੋਰਟ ਵੱਲੋਂ ਲੰਘੇ ਦਿਨੀਂ ਰਾਣਾ ਦੀ ਭਾਰਤ ਨੂੰ ਆਪਣੀ ਸਪੁਰਦਗੀ ਖਿਲਾਫ਼ ਦਾਇਰ ਅਪੀਲ ਖਾਰਜ ਕੀਤੇ ਜਾਣ ਮਗਰੋਂ ਤਹੱਵੁਰ ਰਾਣਾ ਨੂੰ ਭਾਰਤ ਲਿਆਂਦੇ ਜਾਣ ਦਾ ਰਾਹ ਪੱਧਰਾ ਹੋ ਗਿਆ ਸੀ।

ਅਧਿਕਾਰੀਆਂ ਮੁਤਾਬਕ ਕਈ ਭਾਰਤੀ ਏਜੰਸੀਆਂ ਅਮਰੀਕਾ ਵਿਚ ਮੌਜੂਦ ਸਨ, ਜੋ ਰਾਣਾ ਨੂੰ ਭਾਰਤ ਲਿਆਉਣ ਲਈ ਜ਼ਰੂਰੀ ਕਾਗਜ਼ੀ ਕਾਰਵਾਈ ਪੂਰੀ ਕਰ ਰਹੀਆਂ ਸਨ। ਚੇਤੇ ਰਹੇ ਕਿ 26 ਨਵੰਬਰ 2008 ਨੂੰ ਦਸ ਪਾਕਿਸਤਾਨੀ ਦਹਿਸ਼ਤਗਰਦਾਂ ਨੇ ਮੁੰਬਈ ਵਿਚ ਰੇਲਵੇ ਸਟੇਸ਼ਨ, ਦੋ ਲਗਜ਼ਰੀ ਹੋਟਲਾਂ ਤੇ ਯਹੂਦੀ ਸੈਂਟਰ ਨੂੰ ਨਿਸ਼ਾਨਾ ਬਣਾਇਆ ਸੀ। ਇਹ ਦਹਿਸ਼ਤਗਰਦ ਸਮੁੰਦਰੀ ਰਸਤੇ (ਅਰਬ ਸਾਗਰ) ਭਾਰਤ ਦੀ ਵਿੱਤੀ ਰਾਜਧਾਨੀ 'ਚ ਦਾਖ਼ਲ ਹੋਏ ਸਨ। ਇਨ੍ਹਾਂ ਹਮਲਿਆਂ ਦੌਰਾਨ 166 ਲੋਕਾਂ ਦੀ ਜਾਨ ਜਾਂਦੀ ਰਹੀ ਸੀ।

# ਤਹੱਵੁਰ ਰਾਣਾ ਦੀ ਹਵਾਲਗੀ ਯੂਪੀਏ ਸਰਕਾਰ ਵੇਲੇ ਸ਼ੁਰੂ ਕੀਤੇ ਕੂਟਨੀਤਕ ਯਤਨਾਂ ਦਾ ਸਿੱਟਾ: ਕਾਂਗਰਸ

**ਨਵੀਂ ਦਿੱਲੀ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੰਬਈ ਦਹਿਸ਼ਤੀ ਹਮਲੇ ਦੇ ਮੁਲਜ਼ਮ ਤਹੱਵੁਰ ਰਾਣਾ ਨੂੰ ਅਮਰੀਕਾ ਤੋਂ ਭਾਰਤ ਲਿਆਂਦੇ ਜਾਣ ਦੇ ਹਵਾਲੇ ਨਾਲ ਕਾਂਗਰਸ ਨੇ ਅੱਜ ਕਿਹਾ ਕਿ ਰਾਣਾ ਦੀ ਭਾਰਤ ਨੂੰ ਹਵਾਲਗੀ ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਵੱਲੋਂ 2008 ਵਿਚ ਸ਼ੁਰੂ ਕੀਤੇ ਕੂਟਨੀਤਕ ਯਤਨਾਂ ਦਾ ਸਿੱਟਾ ਹੈ। ਸੀਨੀਅਰ ਆਗੂ ਪੀ.ਚਿਦੰਬਰਮ ਨੇ ਕਿਹਾ ਕਿ ਰਾਣਾ ਦੀ ਹਵਾਲਗੀ ਦਾ ਅਮਲ ਮੋਦੀ ਸਰਕਾਰ ਨੇ ਸ਼ੁਰੂ ਨਹੀਂ ਕੀਤਾ ਬਲਕਿ ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਵੇਲੇ ਸ਼ੁਰੂ ਹੋਈ 'ਪਰਿਪੱਕ, ਇਕਸਾਰ ਅਤੇ ਰਣਨੀਤਕ ਕੂਟਨੀਤੀ' ਦਾ ਅੱਜ ਲਾਭ ਮਿਲਿਆ ਹੈ। ਕਾਂਗਰਸ ਆਗੂ ਤੇ ਸਾਬਕਾ ਗ੍ਰਹਿ ਮੰਤਰੀ ਪੀ.ਚਿਦੰਬਰਮ ਨੇ ਕਿਹਾ ਕਿ ਸਰਕਾਰ ਨੇ ਤਹੱਵੁਰ ਰਾਣਾ ਦੀ ਹਵਾਲਗੀ ਨੂੰ ਸੰਭਵ ਬਣਾਉਣ ਲਈ ਕੁਝ ਨਹੀਂ ਕੀਤਾ ਤੇ ਨਾ ਹੀ ਇਹ ਕਿਸੇ ਵੱਡੇ ਦਾਅਵਿਆਂ ਦਾ ਨਤੀਜਾ ਹੈ। ਚਿਦੰਬਰਮ ਨੇ ਅੱਗੇ ਕਿਹਾ ਕਿ ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਜਦੋਂ ਕੂਟਨੀਤੀ, ਕਾਨੂੰਨ ਲਾਗੂ ਕਰਨ ਵਾਲੇ ਅਤੇ ਅੰਤਰਰਾਸ਼ਟਰੀ ਸਹਿਯੋਗ ਨੂੰ ਇਮਾਨਦਾਰੀ ਨਾਲ ਅਤੇ ਬਿਨਾਂ ਕਿਸੇ



ਕਿਸਮ ਦੀ ਛਾਤੀ ਪਿੱਟਣ ਦੇ ਅਪਣਾਇਆ ਜਾਂਦਾ ਹੈ ਤਾਂ ਭਾਰਤ ਸਰਕਾਰ ਕੀ ਕੁਝ ਹਾਸਲ ਕਰ ਸਕਦੀ ਹੈ।

ਚਿਦੰਬਰਮ ਨੇ ਇੱਕ ਬਿਆਨ ਵਿੱਚ ਕਿਹਾ, "ਮੋਦੀ ਸਰਕਾਰ ਹੁਣ ਜਦੋਂ ਇਸ ਦਾ ਸਿਹਰਾ ਆਪਣੇ ਸਿਰ ਸਜਾਉਣ ਲਈ ਕਾਹਲੀ ਹੈ, ਸੱਚਾਈ ਉਨ੍ਹਾਂ ਦੇ ਚੱਕਰ ਤੋਂ ਕੋਹਾਂ ਦੂਰ ਹੈ।" ਉਨ੍ਹਾਂ ਕਿਹਾ ਕਿ ਰਾਣਾ ਦੀ ਹਵਾਲਗੀ ਡੇਢ ਦਹਾਕੇ ਦੇ ਮਿਹਨਤੀ ਕੂਟਨੀਤਕ, ਕਾਨੂੰਨੀ ਅਤੇ ਖੁਫੀਆ ਯਤਨਾਂ ਦਾ ਸਿੱਟਾ ਹੈ ਜੋ ਯੂਪੀਏ ਸਰਕਾਰ ਵੱਲੋਂ ਅਮਰੀਕਾ ਨਾਲ ਤਾਲਮੇਲ ਜ਼ਰੀਏ ਸ਼ੁਰੂ ਕੀਤੇ ਗਏ ਸਨ। ਚਿਦੰਬਰਮ ਨੇ ਕਿਹਾ ਕਿ ਅਮਲ ਕੰਮ 11 ਨਵੰਬਰ, 2009 ਨੂੰ ਸ਼ੁਰੂ ਹੋਇਆ ਸੀ, ਜਦੋਂ ਐਨਆਈਏ ਨੇ ਡੇਵਿਡ ਕੋਲਮੈਨ ਹੈਡਲੀ (ਅਮਰੀਕੀ ਨਾਗਰਿਕ), ਤਹੱਵੁਰ ਰਾਣਾ (ਕੈਨੇਡੀਅਨ ਨਾਗਰਿਕ) ਅਤੇ 26/11 ਦੀ ਸਾਜ਼ਿਸ਼ ਵਿੱਚ ਸ਼ਾਮਲ ਹੋਰਾਂ ਵਿਰੁੱਧ ਨਵੀਂ ਦਿੱਲੀ ਵਿੱਚ ਕੇਸ ਦਰਜ ਕੀਤਾ ਸੀ।

## ਲਾਲ ਕਿਲ੍ਹੇ ਅਤੇ ਜਾਮਾ ਮਸਜਿਦ ਵਿਚ ਬੰਬ ਦੀ ਝੂਠੀ ਧਮਕੀ

**ਨਵੀਂ ਦਿੱਲੀ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਫਾਇਰ ਸਰਵਿਸਿਜ਼ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਲਾਲ ਕਿਲ੍ਹੇ ਅਤੇ ਜਾਮਾ ਮਸਜਿਦ ਨੂੰ ਨਿਸ਼ਾਨਾ ਬਣਾਉਣ ਵਾਲੀ ਇਕ ਝੂਠੀ ਬੰਬ ਦੀ ਧਮਕੀ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੇ ਵੀਰਵਾਰ ਸਵੇਰੇ ਮੌਕੇ 'ਤੇ ਪਹੁੰਚ ਕੇ ਜਾਂਚ ਕੀਤੀ, ਅਧਿਕਾਰੀ ਨੇ ਕਿਹਾ ਕਿ ਸਮਾਰਕਾਂ ਵਿਚ ਬੰਬ ਹੋਣ ਬਾਰੇ ਸਵੇਰੇ 9.03 ਵਜੇ ਇੱਕ ਕਾਲ ਆਈ ਸੀ ਅਤੇ ਟੀਮਾਂ ਨੂੰ ਤੁਰੰਤ ਮੌਕੇ 'ਤੇ ਭੇਜਿਆ ਗਿਆ। ਉਨ੍ਹਾਂ ਕਿਹਾ, ਅਸੀਂ ਫਾਇਰ ਟੈਂਡਰ ਨੂੰ ਮੌਕੇ 'ਤੇ ਭੇਜਿਆ ਅਤੇ ਪੂਰੀ ਤਲਾਸ਼ੀ ਲਈ, ਹਾਲਾਂਕਿ ਉੱਥੇ ਕੁਝ ਵੀ ਸ਼ੱਕੀ ਨਹੀਂ ਮਿਲਿਆ।

# ਇੰਡੀਆ-ਬਲਾਕ ਨੇ ਸਰਕਾਰ ਨੂੰ ਡੀਪੀਡੀਪੀ ਐਕਟ ਵਿਚ ਸੋਧ ਕਰਨ ਦੀ ਕੀਤੀ ਅਪੀਲ

**ਨਵੀਂ ਦਿੱਲੀ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਰੋਧੀ ਧਿਰ ਇੰਡੀਆ-ਬਲਾਕ ਨੇ ਵੀਰਵਾਰ ਨੂੰ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੂੰ ਡਿਜੀਟਲ ਪਰਸਨਲ ਡੇਟਾ ਪ੍ਰੋਟੈਕਸ਼ਨ ਐਕਟ (ਡੀਪੀਡੀਪੀ) ਦੀ ਧਾਰਾ 44 (3) ਨੂੰ ਰੱਦ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਇਹ ਵਿਵਸਥਾ ਪ੍ਰੈਸ ਦੀ ਆਜ਼ਾਦੀ ਅਤੇ ਨਾਗਰਿਕਾਂ ਦੇ ਅਧਿਕਾਰਾਂ ਨੂੰ ਤਬਾਹ ਕਰ ਦੇਵੇਗੀ। ਵਿਰੋਧੀ ਧਿਰ ਨੇ ਇਹ ਵੀ ਕਿਹਾ ਕਿ ਐਕਟ ਵਿਚ ਵਿਵਸਥਾ ਸੂਚਨਾ ਅਧਿਕਾਰ (ਆਰਟੀਆਈ) ਐਕਟ ਦੇ ਅਸਲ ਮੰਤਵ ਦੀ ਉਲੰਘਣਾ ਕਰਦੀ ਹੈ, ਜਦੋਂ ਕਿ ਇਸਨੂੰ ਪ੍ਰਸਾਰਿਤ ਕੀਤਾ ਜਾਂਦਾ ਹੈ।

ਆਗੂਆਂ ਨੇ ਕਿਹਾ ਕਿ ਡਿਜੀਟਲ ਡੇਟਾ ਪ੍ਰੋਟੈਕਸ਼ਨ ਐਕਟ ਸਰਕਾਰ ਵੱਲੋਂ 2023 ਵਿਚ ਸੰਸਦ ਵਿਚ ਪਾਸ ਕੀਤਾ ਗਿਆ ਸੀ। ਇੰਡੀਆ-ਬਲਾਕ ਨੇ ਅੱਜ ਕਿਹਾ ਕਿ ਇਸਨੂੰ ਸੰਸਦ ਵਿਚ ਗੁਪਤ ਰੂਪ ਵਿਚ ਪਾਸ ਕੀਤਾ ਗਿਆ ਸੀ ਜਦੋਂ ਸਦਨ ਮਨੀਪੁਰ ਹਿੰਸਾ 'ਤੇ ਚਰਚਾ ਕਰ ਰਿਹਾ ਸੀ।

ਕਾਂਗਰਸ ਨੇਤਾ ਗੌਰਵ ਗੋਗੋਈ ਅਤੇ ਸ਼ਿਵ ਸੈਨਾ (ਯੂਬੀਟੀ) ਨੇਤਾ ਪ੍ਰਿਯੰਕਾ ਚਤੁਰਵੇਦੀ ਸਮੇਤ ਕਈ ਵਿਰੋਧੀ ਨੇਤਾਵਾਂ ਵੱਲੋਂ ਕੀਤੀ ਗਈ ਇਕ ਪ੍ਰੈਸ ਕਾਨਫਰੰਸ ਦੌਰਾਨ ਬਲਾਕ ਦੇ ਨੇਤਾ ਗੋਗੋਈ ਨੇ ਕਿਹਾ ਕਿ ਰਾਹੁਲ ਗਾਂਧੀ, ਲਾਲੂ ਪ੍ਰਸਾਦ ਯਾਦਵ, ਅਖਿਲੇਸ਼ ਯਾਦਵ ਅਤੇ ਹੋਰਾਂ ਸਮੇਤ ਵਿਰੋਧੀ ਪਾਰਟੀਆਂ ਦੇ ਲਗਭਗ 120 ਸੰਸਦ ਮੈਂਬਰਾਂ ਅਤੇ ਨੇਤਾਵਾਂ ਨੇ ਸਾਂਝੇ ਤੌਰ 'ਤੇ ਇਕ ਪਟੀਸ਼ਨ ਬਣਾਈ ਹੈ ਜੋ ਸੂਚਨਾ ਅਤੇ ਤਕਨਾਲੋਜੀ ਮੰਤਰੀ ਅਸ਼ਵਨੀ ਵੈਸ਼ਨਵ ਨੂੰ ਸੌਂਪੀ ਜਾਵੇਗੀ।

ਲੋਕ ਸਭਾ ਵਿਚ ਵਿਰੋਧੀ ਧਿਰ ਦੇ ਡਿਪਟੀ ਲੀਡਰ ਗੋਗੋਈ ਨੇ ਕਿਹਾ ਕਿ ਐਕਟ ਵਿਚ ਵਿਵਸਥਾ ਦੇ ਅਰਥਾਂ ਨੂੰ ਪੜ੍ਹਨ ਤੋਂ ਬਾਅਦ ਇਹ ਪਾਇਆ ਗਿਆ ਕਿ ਡੀਪੀਡੀਪੀ ਐਕਟ ਦੀ ਧਾਰਾ 44 (3) ਆਰਟੀਆਈ ਐਕਟ 2005 ਦੀ ਧਾਰਾ 8 (1) (j) ਦੀ ਥਾਂ ਲੈਣ ਦੀ ਕੋਸ਼ਿਸ਼ ਕਰਦੀ ਹੈ।

# ਤਹੱਵੁਰ ਰਾਣਾ ਨਾਲ ਸਾਡਾ ਕੋਈ ਲਾਗਾ ਦੇਗਾ ਨਹੀਂ: ਪਾਕਿਸਤਾਨ

**ਨਵੀਂ ਦਿੱਲੀ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਨੇ 26/11 ਮੁੰਬਈ ਦਹਿਸ਼ਤੀ ਹਮਲੇ ਦੇ ਸਾਜ਼ਿਸ਼ਘਾੜਿਆਂ ਵਿਚੋਂ ਇਕ ਤਹੱਵੁਰ ਰਾਣਾ ਤੋਂ ਦੂਰੀ ਬਣਾ ਲਈ ਹੈ। ਪਾਕਿਸਤਾਨ ਦਾ ਕਹਿਣਾ ਹੈ ਕਿ ਉਸ ਦਾ ਪਾਕਿਸਤਾਨੀ ਮੂਲ ਦੇ ਕੈਨੇਡੀਅਨ ਨਾਗਰਿਕ ਨਾਲ ਕੋਈ ਲਾਗਾ ਦੇਗਾ ਨਹੀਂ ਹੈ। ਰਾਣਾ ਨੂੰ ਦਹਿਸ਼ਤੀ ਹਮਲੇ ਵਿਚ ਉਸ ਦੀ ਭੂਮਿਕਾ ਲਈ ਗ੍ਰਿਫਤਾਰੀ ਤੋਂ ਕਰੀਬ 16 ਸਾਲ ਬਾਅਦ ਅਮਰੀਕਾ ਤੋਂ ਭਾਰਤ ਹਵਾਲੇ ਕੀਤਾ ਗਿਆ ਹੈ। 26 ਨਵੰਬਰ 2008 ਨੂੰ ਹੋਏ ਇਸ ਹਮਲੇ ਵਿੱਚ ਛੇ ਅਮਰੀਕੀਆਂ ਸਣੇ ਕਰੀਬ 170 ਲੋਕਾਂ ਦੀ ਜਾਨ ਜਾਂਦੀ ਰਹੀ ਸੀ। ਅਮਰੀਕਾ ਤੋਂ ਰਾਣਾ ਦੀ ਹਵਾਲਗੀ ਮਗਰੋਂ ਆਪਣੇ ਪਹਿਲੇ ਬਿਆਨ ਵਿਚ ਪਾਕਿਸਤਾਨ ਨੇ ਰਾਣਾ ਤੋਂ ਦੂਰੀ ਬਣਾ ਲਈ ਹੈ।

ਪਾਕਿਸਤਾਨ ਦੇ ਵਿਦੇਸ਼ ਦਫ਼ਤਰ ਨੇ ਇੱਕ ਵੀਡੀਓ ਬਿਆਨ ਵਿੱਚ ਕਿਹਾ, "ਤਹੱਵੁਰ ਰਾਣਾ ਨੇ ਪਿਛਲੇ ਦੋ ਦਹਾਕਿਆਂ ਵਿੱਚ ਆਪਣੇ ਪਾਕਿਸਤਾਨੀ ਦਸਤਾਵੇਜ਼ ਨਹੀਂ ਨਵਿਆਏ ਹਨ। ਉਸ ਦੀ ਕੈਨੇਡੀਅਨ ਨਾਗਰਿਕਤਾ ਬਹੁਤ ਸਪੱਸ਼ਟ ਹੈ।" ਸੂਤਰਾਂ ਅਨੁਸਾਰ ਇਸਲਾਮਾਬਾਦ ਹੁਣ ਰਾਣਾ ਨਾਲੋਂ ਦੂਰੀ ਬਣਾ ਰਿਹਾ ਹੈ ਕਿ 'ਕਿਉਂਕਿ ਤਹੱਵੁਰ ਰਾਣਾ ਪਾਕਿਸਤਾਨੀ ਫੌਜ/ਆਈਐਸਆਈ ਦਾ ਇੱਕ ਅੰਦਰੂਨੀ ਮੈਂਬਰ ਹੈ, ਜੋ ਹੁਣ ਮੁੰਬਈ 26/11 ਹਮਲਿਆਂ ਦੀ ਸਾਜ਼ਿਸ਼ ਰਚਣ ਵਿੱਚ ਪਾਕਿਸਤਾਨ ਦੀ ਸਿੱਧੀ ਭੂਮਿਕਾ ਬਾਰੇ ਖੁਲਾਸਾ ਕਰੇਗਾ।"

ਉਧਰ ਭਾਰਤੀ ਸੁਰੱਖਿਆ ਏਜੰਸੀਆਂ ਦਾ ਕਹਿਣਾ ਹੈ ਕਿ ਰਾਣਾ ਪਾਕਿਸਤਾਨੀ-ਅਮਰੀਕੀ ਦਹਿਸ਼ਤਗਰਦ ਡੇਵਿਡ ਕੋਲਮੈਨ ਹੈਡਲੀ ਦਾ ਸਾਥੀ ਹੈ, ਜੋ 2008 ਮੁੰਬਈ ਦਹਿਸ਼ਤੀ ਹਮਲਿਆਂ ਦੇ ਮੁੱਖ ਸਾਜ਼ਿਸ਼ਕਾਰਾਂ ਵਿੱਚੋਂ ਇੱਕ ਸੀ। ਉਹ ਪਾਕਿਸਤਾਨੀ ਮੂਲ ਦਾ ਕੈਨੇਡੀਅਨ ਕਾਰੋਬਾਰੀ ਦੱਸਿਆ ਜਾਂਦਾ ਹੈ। ਸੁਰੱਖਿਆ ਏਜੰਸੀਆਂ ਦਾ ਦਾਅਵਾ ਹੈ ਕਿ ਰਾਣਾ ਦੇ ਦਹਿਸ਼ਤੀ ਜਥੇਬੰਦੀ ਲਸ਼ਕਰ-ਏ-ਤੋਇਬਾ ਤੇ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈਐੱਸਆਈ ਨਾਲ ਵੀ ਸਬੰਧ ਹਨ। ਰਾਣਾ ਨੇ 11 ਤੋਂ 21 ਨਵੰਬਰ 2008 ਦੌਰਾਨ ਦੁਬਈ ਰਸਤੇ ਮੁੰਬਈ ਦੀ ਯਾਤਰਾ ਕੀਤੀ ਸੀ।

# ਭਾਰਤੀ ਚੋਣ ਕਮਿਸ਼ਨ ਨੇ ਦੇਸ਼ ਦੇ ਮੀਡੀਆ ਨੋਡਲ ਅਫਸਰਾਂ ਲਈ ਇੱਕ-ਰੋਜ਼ਾ ਓਰੀਐਂਟੇਸ਼ਨ ਪ੍ਰੋਗਰਾਮ ਕਰਵਾਇਆ



**ਚੰਡੀਗੜ੍ਹ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਚੋਣ ਕਮਿਸ਼ਨ ਨੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੀਡੀਆ ਨੋਡਲ ਅਫ਼ਸਰਾਂ, ਸੋਸ਼ਲ ਮੀਡੀਆ ਨੋਡਲ ਅਫ਼ਸਰਾਂ ਅਤੇ ਲੋਕ ਸੰਪਰਕ ਅਫ਼ਸਰਾਂ ਲਈ ਇੰਡੀਆ ਇੰਟਰਨੈਸ਼ਨਲ ਇੰਸਟੀਚਿਊਟ ਆਫ਼ ਡੈਮੋਕਰੇਸੀ ਐਂਡ ਇਲੈਕਸ਼ਨ ਮੈਨੇਜਮੈਂਟ (ਆਈ.ਆਈ.ਆਈ.ਡੀ.ਈ.ਐਮ), ਨਵੀਂ ਦਿੱਲੀ, ਵਿਖੇ ਬੁੱਧਵਾਰ ਨੂੰ ਇੱਕ ਰੋਜ਼ਾ ਓਰੀਐਂਟੇਸ਼ਨ ਪ੍ਰੋਗਰਾਮ ਦਾ ਪ੍ਰਬੰਧ ਕੀਤਾ।

ਇਸ ਟ੍ਰੇਨਿੰਗ ਪ੍ਰੋਗਰਾਮ ਦਾ ਉਦੇਸ਼ ਚੋਣ ਅਧਿਕਾਰੀਆਂ ਦੇ ਮੀਡੀਆ ਨਾਲ ਤਾਲਮੇਲ ਅਤੇ ਅਗਾਊਂ ਪਹਿਲਕਦਮੀਆਂ ਨੂੰ ਵਧਾਉਣਾ ਸੀ।

ਇਸ ਪ੍ਰੋਗਰਾਮ ਵਿੱਚ ਪੂਰੇ ਦੇਸ਼ ਵਿੱਚੋਂ 28 ਰਾਜਾਂ ਅਤੇ 8 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੀਡੀਆ ਅਧਿਕਾਰੀਆਂ ਨੇ ਹਾਜ਼ਰੀ ਭਰੀ। ਪੰਜਾਬ ਤੋਂ ਐਡੀਸ਼ਨਲ ਮੁੱਖ ਚੋਣ ਅਧਿਕਾਰੀ (ਏ.ਸੀ.ਈ.ਓ) ਹਰੀਸ਼ ਨਈਅਰ ਅਤੇ ਸੂਚਨਾ ਤੇ ਲੋਕ ਸੰਪਰਕ ਅਫਸਰ ਨਰਿੰਦਰ ਪਾਲ ਸਿੰਘ ਜਗਦਿਓ ਨੇ ਹਿੱਸਾ ਲਿਆ।

ਓਰੀਐਂਟੇਸ਼ਨ ਪ੍ਰੋਗਰਾਮ ਦਾ ਉਦੇਸ਼ ਕਾਨੂੰਨੀ ਢਾਂਚੇ ਅਰਥਾਤ ਲੋਕ ਨੁਮਾਇੰਦਾ ਐਕਟ 1950 ਤੇ 1951, ਰਜਿਸਟ੍ਰੇਸ਼ਨ ਆਫ ਵੋਟਰ ਰੂਲਜ਼ 1960, ਚੋਣ ਨਿਯਮ 1961 ਅਤੇ ਚੋਣ ਕਮਿਸ਼ਨ ਦੁਆਰਾ ਸਮੇਂ-ਸਮੇਂ 'ਤੇ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਵੱਖ-ਵੱਖ ਮੀਡੀਆ ਪਲੇਟਫਾਰਮਾਂ ਰਾਹੀਂ ਜਾਣਕਾਰੀਆਂ ਤੇ ਸੂਚਨਾਵਾਂ ਦੇ ਪ੍ਰਸਾਰ, ਗਲਤ ਜਾਣਕਾਰੀ ਦਾ ਮੁਕਾਬਲਾ ਕਰਨ ਅਤੇ ਵੋਟਰ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਪ੍ਰਭਾਵੀ ਸੰਚਾਰ ਰਣਨੀਤੀ ਵਿਕਸਿਤ ਕਰਨਾ ਸੀ। ਆਪਣੇ ਸੰਬੋਧਨ ਵਿੱਚ, ਭਾਰਤ ਦੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਚੋਣ ਪ੍ਰਕਿਰਿਆ ਵਿੱਚ ਮੀਡੀਆ ਦੀ ਭੂਮਿਕਾ ਨੂੰ ਅਹਿਮ ਦੱਸਦਿਆਂ, ਮੌਜੂਦਾ ਡਿਜੀਟਲ ਜਗਤ ਵਿੱਚ ਚੋਣ ਪ੍ਰਕਿਰਿਆਵਾਂ ਵਿੱਚ ਵੋਟਰਾਂ ਦੇ ਵਿਸ਼ਵਾਸ ਨੂੰ ਬਰਕਰਾਰ ਰੱਖਣ ਲਈ ਤੱਥ ਅਧਾਰਿਤ, ਸਮੇਂ ਸਿਰ ਅਤੇ ਪਾਰਦਰਸ਼ੀ ਸੰਚਾਰ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਮੀਡੀਆ ਅਫਸਰਾਂ ਨੂੰ ਸਹੀ ਜਾਣਕਾਰੀ ਵੋਟਰਾਂ ਤੱਕ ਪੁੱਜਦੀ ਕਰਨ ਲਈ ਹੋਰ ਸਰਗਰਮ ਹੋਣਾ ਪਵੇਗਾ ਅਤੇ ਪਹਿਲਕਦਮੀ ਕਰਕੇ ਇਹ ਯਕੀਨੀ ਬਣਾਉਣਾ ਪਵੇਗਾ ਕਿ ਵੋਟਰਾਂ ਨੂੰ ਤੱਥਾਂ ਦੇ ਆਧਾਰ 'ਤੇ ਸਹੀ, ਸਟੀਕ ਸੂਚਨਾਵਾਂ ਤੇ ਜਾਣਕਾਰੀਆਂ ਪ੍ਰਾਪਤ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਗਲਤ ਸੂਚਨਾ, ਮਾਨਤਾ ਜਾਂ ਅਫਵਾਹ ਦਾ ਟਾਕਰਾ ਸਿਰਫ ਤੇ ਸਿਰਫ ਸੱਚੀ, ਸਹੀ ਅਤੇ ਤੱਥ ਭਰੀ ਜਾਣਕਾਰੀ/ਸੂਚਨਾ ਨਾਲ ਹੀ ਕੀਤਾ ਜਾ ਸਕਦਾ ਹੈ ਅਤੇ ਇਸ ਮਕਸਦ ਦੀ ਪੂਰਤੀ ਲਈ ਦੇਸ਼ ਭਰ ਦੇ ਮੀਡੀਆ ਅਫ਼ਸਰ ਮੀਡੀਆ ਦੇ ਵੱਖ ਵੱਖ ਪਲੇਟਫਾਰਮਾ ਦੀ ਸੁਚੱਜੀ ਤੇ ਸਾਰਥਕ ਵਰਤੋਂ ਕਰਨ।

# ਭਲਾਈ ਸਕੀਮਾਂ 'ਚ ਵਾਧੂ ਸਹਿਯੋਗ ਤੇ ਨੀਤੀਗਤ ਸੁਧਾਰ ਦੀ ਮੰਗ; ਡਾ. ਬਲਜੀਤ ਕੌਰ ਨੇ ਚਿੰਤਨ ਸ਼ਿਵਿਰ 'ਚ ਰੱਖੀ ਪੰਜਾਬ ਦੀ ਆਵਾਜ਼

**ਚੰਡੀਗੜ੍ਹ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੇਹਰਾਦੂਨ ਵਿੱਖੇ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਧਿਕਾਰਤਾ ਅਤੇ ਸਸ਼ਕਤੀਕਰਨ ਮੰਤਰਾਲੇ ਵੱਲੋਂ ਆਯੋਜਿਤ ਰਾਸ਼ਟਰੀ ਚਿੰਤਿਨ ਸ਼ਿਵਿਰ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਦਿਆ ਕਿਹਾ ਕਿ ਅਨੁਸੂਚਿਤ ਜਾਤੀਆਂ, ਪਿੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਨਾਲ ਸਬੰਧਤ ਅਹਿਮ ਮਸਲੇ ਬੜੀ ਹੀ ਮਜ਼ਬੂਤੀ ਨਾਲ ਕੇਂਦਰ ਸਰਕਾਰ ਅੱਗੇ ਉਠਾਏ ਗਏ।

ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਵੱਲੋਂ ਆਯੋਜਿਤ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਰਾਸ਼ਟਰੀ ਸਮੀਖਿਆ ਸੰਮੇਲਨ ਦੌਰਾਨ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਚਿੰਤਨ ਸ਼ਿਵਿਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਪਲੇਟਫਾਰਮ ਰਾਜਾਂ ਨੂੰ ਭਲਾਈ ਸਕੀਮਾਂ ਦੇ ਲਾਗੂ ਕਰਨ ਵਿੱਚ ਆ ਰਹੀਆਂ ਚੁਣੌਤੀਆਂ ਅਤੇ ਨੀਤੀਗਤ ਅੜਚਣਾਂ ਨੂੰ ਸਾਂਝਾ ਕਰਨ ਦਾ ਮਹੱਤਵਪੂਰਣ ਮੌਕਾ ਪ੍ਰਦਾਨ ਕਰਦੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਾਸੀਏ 'ਤੇ ਖੜੇ ਵਰਗਾਂ ਦੇ ਸਮੁੱਚੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਅਤੇ ਸਮੱਰਪਿਤ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ " ਪੰਜਾਬ ਦੇਸ਼ ਵਿੱਚ ਸਭ ਤੋਂ ਵੱਧ ਅਨੁਸੂਚਿਤ ਜਾਤੀ ਦੀ ਆਬਾਦੀ ਵਾਲਾ ਸੂਬਾ ਹੋਣ ਦੇ ਨਾਤੇ ਸਾਡੀ ਪੰਜਾਬ ਲਈ ਇਹ ਨੈਤਿਕ ਜਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਨਿਸ਼ਾਨਾਬੱਧ ਦਖਲਅੰਦਾਜ਼ੀ ਰਾਹੀਂ ਇਹਨਾਂ ਭਾਈਚਾਰਿਆਂ ਦੀ ਭਲਾਈ ਯਕੀਨੀ ਬਣਾਏ।"

ਉਨ੍ਹਾਂ ਅੱਗੇ ਕਿਹਾ ਕਿ ਰਾਜ ਸਰਕਾਰ ਵੱਲੋਂ ਕੇਂਦਰੀ ਸਹਿਯੋਗ ਨਾਲ ਸਾਂਝੇ ਤੌਰ 'ਤੇ ਚਲਾਈਆਂ ਜਾ ਰਹੀਆਂ ਸਕੀਮਾਂ ਅਤੇ ਪੰਜਾਬ ਰਾਜ ਵੱਲੋਂ ਆਪਣੇ ਪੱਧਰ 'ਤੇ ਚਲਾਈਆਂ ਜਾ ਰਹੀਆਂ ਸਕੀਮਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰ ਰਹੀ ਹੈ।

# ਵਕ਼ਫ ਸੋਧ ਬਿੱਲ ਦੇ ਵਿਰੋਧ ਵਿਚ ਜੰਗੀਪੁਰ ਹਿੰਸਾ ਤੋਂ ਬਾਅਦ 22 ਗ੍ਰਿਫ਼ਤਾਰ: ਪੁਲਿਸ



**ਮੁਰਸ਼ੀਦਾਬਾਦ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲੀਸ ਪ੍ਰਸ਼ਾਸਨ ਨੇ 8 ਅਪਰੈਲ ਨੂੰ ਜੰਗੀਪੁਰਾ ਵਿਚ ਹੋਈ ਹਿੰਸਾ ਤੋਂ ਬਾਅਦ 22 ਵਿਅਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਇਕ ਖੁਦ-ਨੋਟਿਸ ਲੈਂਦਿਆਂ ਕੇਸ ਦਰਜ ਕੀਤਾ ਹੈ। ਪੁਲਿਸ ਨੇ ਬੁੱਧਵਾਰ ਨੂੰ ਇਲਾਕੇ ਦੀ ਸਥਿਤੀ ਦਾ ਜਾਇਜ਼ਾ ਵੀ ਲਿਆ। ਜੰਗੀਪੁਰ ਦੇ ਪੁਲੀਸ ਸੁਪਰਡੈਂਟ (SP) ਆਨੰਦ ਰਾਏ ਨੇ ਪੱਤਰਕਾਰਾਂ ਨੂੰ ਦੱਸਿਆ, ਹੁਣ ਤੱਕ 22 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਖੁਦ-ਨੋਟਿਸ ਲੈਂਦਿਆਂ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹਿੰਸਾ ਪ੍ਰਭਾਵਿਤ ਖੇਤਰ ਵਿਚ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (BNSS) ਦੀ ਧਾਰਾ 163 ਲਾਗੂ ਕਰ ਦਿੱਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਖੇਤਰ ਵਿਚ ਇੰਟਰਨੈੱਟ ਸੇਵਾਵਾਂ ਵੀ ਮੁਅੱਤਲ ਕਰ ਦਿੱਤੀਆਂ ਗਈਆਂ ਸਨ। ਅਧਿਕਾਰੀ ਨੇ ਅੱਗੇ ਕਿਹਾ ਕਿ ਪੱਥਰਬਾਜ਼ੀ ਹੋਣ ਦੇ ਬਾਵਜੂਦ ਸਥਿਤੀ ਕਾਬੂ ਹੇਠ ਹੈ।

ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਜੰਗੀਪੁਰ ਇਲਾਕੇ ਵਿਚ ਵਕ਼ਫ (ਸੋਧ) ਐਕਟ 2025 ਦੇ ਵਿਰੋਧ 'ਚ ਹੋਏ ਪ੍ਰਦਰਸ਼ਨ ਦੌਰਾਨ ਹਿੰਸਾ ਭੜਕ ਗਈ। ਇਸ ਘਟਨਾ ਤੋਂ ਬਾਅਦ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ 'ਤੇ ਸ਼ਬਦੀ ਹਮਲਾ ਕਰਦਿਆਂ ਕਾਨੂੰਨ ਵਿਵਸਥਾ ਬਣਾਈ ਰੱਖਣ ਵਿਚ ਅਸਫਲ ਰਹਿਣ ਦਾ ਦੋਸ਼ ਲਗਾਇਆ ਹੈ। ਪੱਛਮੀ ਬੰਗਾਲ ਵਿਧਾਨ ਸਭਾ ਦੇ ਵਿਰੋਧੀ ਧਿਰ ਦੇ ਨੇਤਾ (LoP) ਸ਼ਵੇਂਦੂ ਅਧਿਕਾਰੀ ਨੇ ਮੰਗਲਵਾਰ ਨੂੰ ✓ 'ਤੇ ਇੱਕ ਵੀਡੀਓ ਪੋਸਟ ਕੀਤੀ ਜਿਸ ਵਿਚਕਥਿਤ ਤੌਰ 'ਤੇ ਇਲਾਕੇ ਵਿਚ ਹਿੰਸਕ ਝੜਪਾਂ ਦੀਆਂ ਤਸਵੀਰਾਂ ਦਿਖਾਈਆਂ ਗਈਆਂ ਹਨ।

# ਬਿਹਾਰ ਵਿਖੇ ਬਿਜਲੀ ਡਿੱਗਣ ਕਾਰਨ 13 ਲੋਕਾਂ ਦੀ ਮੌਤ

**ਪਟਨਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਦਫ਼ਤਰ ਵੱਲੋਂ ਜਾਰੀ ਇਕ ਅਧਿਕਾਰਤ ਬਿਆਨ ਅਨੁਸਾਰ ਬਿਹਾਰ ਦੇ ਚਾਰ ਜ਼ਿਲ੍ਹਿਆਂ ਬੇਗੂਸਰਾਏ, ਦਰਭੰਗਾ, ਮਧੂਬਨੀ ਅਤੇ ਸਮਸਤੀਪੁਰ ਵਿਚ ਬਿਜਲੀ ਡਿੱਗਣ ਕਾਰਨ 13 ਲੋਕਾਂ ਦੀ ਮੌਤ ਹੋ ਗਈ। ਸੀਐਮਓ ਦੇ ਅਨੁਸਾਰ ਬੇਗੂਸਰਾਏ ਵਿਚ ਪੰਜ, ਦਰਭੰਗਾ ਵਿਚ ਚਾਰ ਅਤੇ ਮਧੂਬਨੀ ਵਿਚ ਤਿੰਨ ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ ਸਮਸਤੀਪੁਰ ਵਿਚ ਇਕ ਦੀ ਮੌਤ ਦਰਜ ਕੀਤੀ ਗਈ ਹੈ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਮੌਤਾਂ 'ਤੇ ਦੁੱਖ ਪ੍ਰਗਟ ਕੀਤਾ ਹੈ ਅਤੇ ਸਾਰੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਚਾਰ ਲੱਖ ਰੁਪਏ ਦੀ ਐਕਸ ਗ੍ਰੇਸ਼ੀਆ ਗ੍ਰਾਂਟ ਦਾ ਐਲਾਨ ਕੀਤਾ ਹੈ। ਬਿਹਾਰ ਦੇ ਮੁੱਖ ਮੰਤਰੀ ਨੇ ਲੋਕਾਂ ਨੂੰ ਖਰਾਬ ਮੌਸਮ ਦੌਰਾਨ ਘਰ ਦੇ ਅੰਦਰ ਅਤੇ ਸੁਰੱਖਿਅਤ ਰਹਿਣ ਅਤੇ ਆਫ਼ਤ ਪ੍ਰਬੰਧਨ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ।

# ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ਾਂ ਹੇਠ ਤਿੰਨ ਗ੍ਰਿਫ਼ਤਾਰ

**ਅੰਮ੍ਰਿਤਸਰ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**




ਅੰਮ੍ਰਿਤਸਰ ਦਿਹਾਤੀ ਪੁਲੀਸ ਨੇ ਵੀਰਵਾਰ ਨੂੰ ਇਕ ਕਾਰਵਾਈ ਦੌਰਾਨ ਸਰਹੱਦ ਪਾਰ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਗੈਰ-ਕਾਨੂੰਨੀ ਲੈਣ-ਦੇਣ ਵਿਚ ਸ਼ਾਮਲ ਹੋਣ ਦੇ ਦੋਸ਼ ਵਿਚ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਰਣਜੀਤ ਸਿੰਘ ਉਰਫ਼ ਰਾਣਾ, ਗੁਰਦੇਵ ਸਿੰਘ ਉਰਫ਼ ਗੋਦੀ ਅਤੇ ਸ਼ੈਲੇਂਦਰ ਸਿੰਘ ਉਰਫ਼ ਸੇਲੂ ਵਜੋਂ ਹੋਈ ਹੈ। ਇਸ ਦੌਰਾਨ ਪੁਲੀਸ ਨੇ 500 ਗ੍ਰਾਮ ਹੈਰੋਇਨ, ਇੱਕ ਗਲੌਕ 9✡✡ ਪਿਸਤੌਲ (2 ਮੈਗਜ਼ੀਨਾਂ ਦੇ ਨਾਲ), ਅਤੇ ਹਵਾਲਾ ਰਾਸ਼ੀ ਦੇ 33 ਲੱਖ ਰੁਪਏ ਵੀ ਬਰਾਮਦ ਕੀਤੇ ਹਨ। ਇਸ ਸਬੰਧੀ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਐਕਸ 'ਤੇ ਪੋਸਟ ਸਾਂਝੀ ਕਰਦਿਆਂ ਕਿਹਾ ਕਿ ਇਸ ਸਰਹੱਦ ਪਾਰ ਤਸਕਰੀ ਨੈੱਟਵਰਕ ਦਾ ਪਤਾ ਲਗਾਉਣ ਲਈ ਯਤਨ ਜਾਰੀ ਹਨ।

# ਅਧਿਆਪਕਾਂ ਨਾਲ ਬਦਸਲੂਕੀ: 'ਆਪ' ਵਿਧਾਇਕ ਜੌੜਾਮਾਜਰਾ ਨੇ ਮੁਆਫ਼ੀ ਮੰਗੀ

**ਚੰਡੀਗੜ੍ਹ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



'ਆਪ' ਵਿਧਾਇਕ ਚੇਤਨ ਸਿੰਘ ਜੋੜਾਮਾਜਰਾ ਨੇ ਅੱਜ ਸਮੁੱਚੇ ਅਧਿਆਪਕ ਜਗਤ ਤੋਂ ਮੁਆਫ਼ੀ ਮੰਗੀ ਹੈ। ਉਨ੍ਹਾਂ ਕਿਹਾ ਕਿ ਅਧਿਆਪਕ ਸਤਿਕਾਰਯੋਗ ਹਨ ਤੇ ਸਾਡੇ ਗੁਰੂ ਵੀ ਹਨ, ਜੋ ਸਾਨੂੰ ਸੇਧ ਦਿੰਦੇ ਹਨ।

ਚੇਤੇ ਰਹੇ ਕਿ ਪਿਛਲੇ ਦਿਨੀ ਰਾਜ ਵਿਆਪੀ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਮਾਣਾ ਦੇ 'ਸਕੂਲ ਆਫ ਐਮੀਨੈਂਸ' ਵਿੱਚ ਇਕਮਾਤਰ ਚਾਰਦੀਵਾਰੀ ਦੇ ਉਦਘਾਟਨੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਆਮ ਆਦਮੀ ਪਾਰਟੀ ਦੇ ਸਥਾਨਕ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਅਧਿਆਪਕਾਂ ਖ਼ਿਲਾਫ਼ 'ਅਪਸ਼ਬਦ' ਵਰਤੇ ਸਨ। ਜੌੜਾਮਾਜਰਾ ਸਕੂਲ ਵਿਚ ਕੀਤੇ ਪ੍ਰਬੰਧ ਦੇਖ ਕੇ ਭੜਕ ਗਏ ਸਨ।

ਉਨ੍ਹਾਂ ਨੇ ਅਧਿਆਪਕਾਂ ਨਾਲ ਬਦਸਲੂਕੀ ਕੀਤੀ ਸੀ, ਜਿਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਸੀ।

ਡੀਟੀਐੱਫ ਨੇ ਪਿਛਲੇ ਦਿਨੀਂ ਮੰਗ ਕੀਤੀ ਸੀ ਕਿ ਅਧਿਆਪਕ ਵਰਗ ਦੇ ਮਾਣ ਸਨਮਾਨ ਨੂੰ ਠੇਸ ਪਹੁੰਚਾਉਣ ਲਈ ਵਿਧਾਇਕ ਜੌੜਾਮਾਜਰਾ ਬਿਨਾਂ ਸ਼ਰਤ ਮੁਆਫੀ ਮੰਗਣ।

# ਸਬ-ਇੰਸਪੈਕਟਰ ਹੱਤਿਆ ਮਾਮਲਾ: 'ਆਪ' ਦੇ ਸਰਪੰਚ ਸਣੇ 50 ਦੇ ਕਰੀਬ ਵਿਅਕਤੀਆਂ ਖਿਲਾਫ਼ ਕੇਸ ਦਰਜ

## ਡੀਐੱਸਪੀ ਦੀ ਮੌਜੂਦਗੀ ਵਿੱਚ ਸਰਪੰਚ ਧਿਰ ਨੇ ਸਬ ਇੰਸਪੈਕਟਰ ਦੇ ਮਾਰੀ ਗੋਲੀ; ਮੁਲਜ਼ਮਾਂ ਦੀ ਭਾਲ ਲਈ ਛਾਪੇਮਾਰੀ ਜਾਰੀ

**ਸ੍ਰੀ ਗੋਇੰਦਵਾਲ ਸਾਹਿਬ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਬੀਤੀ ਦੇਰ ਰਾਤ ਪਿੰਡ ਕੋਟ ਮੁਹੰਮਦ ਖਾ ਵਿੱਚ ਦੋ ਧਿਰਾਂ ਦੇ ਝਗੜੇ ਨੂੰ ਸੁਲਝਾਉਣ ਗਈ ਥਾਣਾ ਗੋਇੰਦਵਾਲ ਸਾਹਿਬ ਦੀ ਪੁਲੀਸ ਪਾਰਟੀ 'ਤੇ ਹੋਏ ਹਮਲੇ ਦੌਰਾਨ ਮਾਰੇ ਗਏ ਸਬ-ਇੰਸਪੈਕਟਰ ਚਰਨਜੀਤ ਸਿੰਘ ਦੇ ਮਾਮਲੇ ਵਿੱਚ ਸਬ-ਡਵੀਜ਼ਨ ਗੋਇੰਦਵਾਲ ਸਾਹਿਬ ਦੇ ਡੀਐੱਸਪੀ ਅਤੁਲ ਸੋਨੀ ਦੇ ਬਿਆਨਾਂ 'ਤੇ ਆਮ ਆਦਮੀ ਪਾਰਟੀ ਨਾਲ ਸਬੰਧਤ ਸਰਪੰਚ ਸਮੇਤ 50 ਵਿਅਕਤੀਆਂ ਖਿਲਾਫ਼ ਕਤਲ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਐੱਸਪੀਡੀ ਅਜੈਰਾਜ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ।

ਥਾਣਾ ਗੋਇੰਦਵਾਲ ਸਾਹਿਬ ਦੀ ਪੁਲੀਸ ਨੇ ਇਸ ਮਾਮਲੇ ਵਿੱਚ ਆਮ ਆਦਮੀ ਪਾਰਟੀ ਨਾਲ ਸਬੰਧਤ ਪਿੰਡ ਕੋਟ ਮੁਹੰਮਦ ਖਾ ਦੇ ਸਰਪੰਚ ਕੁਲਦੀਪ ਸਿੰਘ, ਰਾਜਬੀਰ ਸਿੰਘ, ਅਮਨਦੀਪ ਸਿੰਘ, ਗੁਰਦਿਆਲ ਸਿੰਘ, ਜਗਰੂਪ ਸਿੰਘ, ਬਲਜਿੰਦਰ ਸਿੰਘ, ਰੇਸ਼ਮ ਸਿੰਘ, ਹਰਮਨਜੀਤ ਸਿੰਘ, ਰਾਜਦੀਪ ਸਿੰਘ, ਗੁਰਸੇਵਕ ਸਿੰਘ, ਪਲਵਿੰਦਰ ਸਿੰਘ, ਜ਼ੋਰਾਵਰ ਸਿੰਘ, ਸਤਨਾਮ ਸਿੰਘ, ਅਰਸ਼ਪ੍ਰੀਤ ਸਿੰਘ, ਅਰਸ਼ਦੀਪ ਸਿੰਘ, ਲਵਪ੍ਰੀਤ ਸਿੰਘ, ਚਮਕੌਰ ਸਿੰਘ, ਜਸ਼ਨਪ੍ਰੀਤ ਸਿੰਘ, ਸ਼ਮਸ਼ੇਰ ਸਿੰਘ, ਹਰਪਾਲ ਸਿੰਘ ਤੋਂ ਇਲਾਵਾ 40/50 ਅਣਪਛਾਤੇ ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਹੈ।

ਚੇਤੇ ਰਹੇ ਕਿ ਪਿਛਲੇ ਦਸ ਦਿਨ ਤੋਂ ਪਿੰਡ ਕੋਟ ਮੁਹੰਮਦ ਖਾਂ ਦੇ ਰਹਿਣ ਵਾਲੇ ਅਰਸ਼ਦੀਪ ਸਿੰਘ ਦਾ ਪਿੰਡ ਦੇ ਸਰਪੰਚ ਕੁਲਦੀਪ ਸਿੰਘ ਦੇ ਲੜਕੇ ਨਾਲ ਝਗੜਾ ਚੱਲ ਰਿਹਾ ਸੀ। ਇਸ ਸਬੰਧੀ ਅਰਸ਼ਦੀਪ ਸਿੰਘ ਦੀ ਧਿਰ ਨੇ ਸਰਪੰਚ ਕੁਲਦੀਪ ਸਿੰਘ ਖਿਲਾਫ ਥਾਣਾ ਗੋਇੰਦਵਾਲ ਸਾਹਿਬ ਵਿਖੇ ਕਾਰਵਾਈ ਲਈ ਲਿਖਤੀ ਸ਼ਿਕਾਇਤ ਦਿੱਤੀ ਸੀ। ਹਾਲਾਂਕਿ ਗੋਇੰਦਵਾਲ ਪੁਲੀਸ ਕਥਿਤ ਸਿਆਸੀ ਦਬਾਅ ਦੇ ਚੱਲਦਿਆਂ ਸਰਪੰਚ ਕੁਲਦੀਪ ਸਿੰਘ ਖਿਲਾਫ਼ ਕੋਈ ਕਾਰਵਾਈ ਨਹੀਂ ਕਰ ਰਹੀ ਸੀ।

ਬੀਤੀ ਰਾਤ ਦੋਵਾਂ ਧਿਰਾਂ ਦਰਮਿਆਨ ਝਗੜਾ ਵੱਧ ਗਿਆ। ਸਬ-ਇੰਸਪੈਕਟਰ ਚਰਨਜੀਤ ਸਿੰਘ ਮਸਲੇ ਦੇ ਨਿਪਟਾਰੇ ਲਈ ਆਪਣੀ ਟੀਮ ਨਾਲ ਉਥੇ ਪੁੱਜੇ ਤਾਂ ਸਰਪੰਚ ਕੁਲਦੀਪ ਸਿੰਘ ਦੀ ਧਿਰ ਨੇ ਡੀਐੱਸਪੀ ਅਤੁਲ ਸੋਨੀ ਦੇ ਸਾਹਮਣੇ ਸਬ-ਇੰਸਪੈਕਟਰ ਚਰਨਜੀਤ ਸਿੰਘ ਕੋਲੋਂ ਉਸ ਦਾ ਹੀ ਡਿਊਟੀ ਰਿਵਾਲਵਰ ਖੋਹ ਕੇ ਗੋਲੀ ਮਾਰ ਦਿੱਤੀ।

ਚਰਨਜੀਤ ਸਿੰਘ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ, ਪਰ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਇਸ ਖ਼ੂਨੀ ਝੜਪ ਦੌਰਾਨ ਸਹਾਇਕ ਏਐੱਸਆਈ ਜਸਬੀਰ ਸਿੰਘ ਵੀ ਬੁਰੀ ਤਰ੍ਹਾ ਜ਼ਖਮੀ ਹੋ ਗਿਆ, ਜਿਸ ਦੀ ਇੱਕ ਬਾਂਹ ਟੁੱਟੀ ਹੈ।

# ਅੰਮ੍ਰਿਤਸਰ ਵਿੱਚ ਹੋਈ ਹਾਲੀਆ ਗ੍ਰਿਫਤਾਰੀ ਨੇ ਪੰਜਾਬ ਅੰਦਰ ਨਸ਼ਿਆਂ ਦੇ ਵਪਾਰ ਵਿੱਚ ਹੋਰਨਾਂ ਰਾਜਾਂ ਦੇ ਇਨਫੋਰਸਮੈਂਟ ਅਧਿਕਾਰੀਆਂ ਦੀ ਸ਼ਮੂਲੀਅਤ ਬਾਰੇ ਚਿੰਤਾ ਨੂੰ ਵਧਾਇਆ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

'ਯੁੱਧ ਨਸ਼ਿਆਂ ਵਿਰੁੱਧ' ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਕਿਹਾ ਕਿ ਅੰਮ੍ਰਿਤਸਰ ਪੁਲਿਸ ਵੱਲੋਂ ਇਨਫੋਰਸਮੈਂਟ ਏਜੰਸੀ ਦੇ ਇੱਕ ਅਧਿਕਾਰੀ ਜੋ ਕਿ ਹਰਿਆਣਾ ਦੇ ਰੋਹਤਕ ਨਾਲ ਸਬੰਧਤ ਹੈ ਸਮੇਤ ਅੱਠ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 4 ਕਿਲੋ ਹੈਰੋਇਨ ਬਰਾਮਦ ਕਰਨ ਦੇ ਮਾਮਲੇ ਕਾਰਨ ਸੂਬੇ ਅੰਦਰ ਨਸ਼ਿਆਂ ਦੇ ਵਪਾਰ ਵਿੱਚ ਹੋਰ ਸੂਬਿਆਂ ਦੇ ਇਨਫੋਰਸਮੈਂਟ ਅਧਿਕਾਰੀਆਂ ਦੇ ਸ਼ਾਮਿਲ ਹੋਣ ਦੀ ਚਿੰਤਾ ਵੱਧ ਗਈ ਹੈ। ਇੱਥੇ ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਗਿਰੋਹ ਦੇ ਮੁਖੀ ਦੀ ਸ਼ਨਾਖਤ ਲਈ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ ਅਤੇ ਉਸ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ, ਭਾਵੇਂ ਉਹ ਕੋਈ ਵੀ ਹੋਵੇ। ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸਰਹੱਦ 'ਤੇ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ ਆਪਣੀ ਜ਼ਿੰਮੇਵਾਰੀ ਪੂਰੀ ਕਰ ਰਹੀ ਹੈ ਪਰ ਕੇਂਦਰ ਸਰਕਾਰ ਆਪਣੇ ਫਰਜ਼ਾਂ 'ਚ ਨਾਕਾਮ ਹੁੰਦੀ ਨਜ਼ਰ ਆ ਰਹੀ ਹੈ। 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਬਾਰੇ ਤਾਜ਼ਾ ਜਾਣਕਾਰੀ ਸਾਂਝਾ ਕਰਦੇ ਹੋਏ ਵਿੱਤ ਮੰਤਰੀ ਨੇ ਖੁਲਾਸਾ ਕੀਤਾ ਕਿ ਵਿਆਪਕ ਮੁਹਿੰਮ ਦੇ ਨਤੀਜੇ ਵਜੋਂ ਪਿਛਲੇ 41 ਦਿਨਾਂ ਵਿੱਚ ਐਨਡੀਪੀਐਸ ਐਕਟ ਦੇ ਤਹਿਤ 3,279 ਕੇਸ ਦਰਜ ਕੀਤੇ ਗਏ ਹਨ ਅਤੇ 5,537 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਫੜੀਆਂ ਗਈਆਂ ਮਹੱਤਵਪੂਰਨ ਬਰਾਮਦਗੀਆਂ ਵਿੱਚ 212 ਕਿਲੋ ਹੈਰੋਇਨ, 6,945 ਕਿਲੋ ਭੁੱਕੀ, 105 ਕਿਲੋ ਅਫੀਮ, 50 ਕਿਲੋ ਗਾਂਜਾ, 6 ਕਿਲੋ ਚਰਸ ਅਤੇ 9 ਲੱਖ ਦੇ ਕਰੀਬ ਪਾਬੰਦੀਸ਼ੁਦਾ ਗੋਲੀਆਂ ਅਤੇ ਕੈਪਸੂਲ ਸ਼ਾਮਲ ਹਨ। ਇਸ ਤੋਂ ਇਲਾਵਾ, ਲਗਭਗ 6 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ, ਅਤੇ 57 ਨਸ਼ਾ ਤਸਕਰਾਂ ਦੀਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਢਾਹਿਆ ਗਿਆ ਹੈ ਤਾਂ ਜੋ ਉਨ੍ਹਾਂ ਨੂੰ ਢੁਕਵਾਂ ਸਬਕ ਸਿਖਾਇਆ ਜਾ ਸਕੇ।

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਲੁਧਿਆਣਾ ਵਿੱਚ ਕੀਤੀ ਗਈ ਰੈਲੀ ਬਾਰੇ ਚਾਨਣਾ ਪਾਉਂਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਇਹ ਮੁਹਿੰਮ ਪਿੰਡਾਂ ਅਤੇ ਸ਼ਹਿਰਾਂ ਵਿੱਚ ਨੌਜਵਾਨਾਂ ਨੂੰ ਲਾਮਬੰਦ ਕਰਨ ਵਿੱਚ ਸਫ਼ਲ ਰਹੀ। ਉਨ੍ਹਾਂ ਕਿਹਾ ਕਿ ਪੰਚ-ਸਰਪੰਚ ਅਤੇ ਨਗਰ ਕੌਂਸਲਰ ਨਸ਼ਿਆਂ ਵਿਰੁੱਧ ਚਲਾਈ ਇਸ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਪੰਜਾਬ ਦੇ ਬਜਟ ਵਿੱਚ ਨਸ਼ਿਆਂ ਵਿਰੁੱਧ ਕਾਰਵਾਈ ਨੂੰ ਹੋਰ ਮਜ਼ਬੂਤ ਕਰਨ ਲਈ ਐਂਟੀ ਡਰੋਨ ਸਿਸਟਮ ਅਤੇ ਨਸ਼ਾ ਜਨਗਣਨਾ ਲਈ ਬਜਟ ਅਲਾਟ ਕੀਤਾ ਗਿਆ ਹੈ।

# ਹਜ਼ਰਤ ਫ਼ਰੀਦ-ਉਦ-ਦੀਨ ਮਸਊਦ ਗੰਜ-ਇ-ਸ਼ਕਰ

ਪ੍ਰਿੰ. ਗੁਰਚਰਨ ਸਿੰਘ ਤਲਵਾੜਾ



ਹਜ਼ਰਤ ਬਾਬਾ ਫ਼ਰੀਦ ਜੀ ਦਾ ਪੂਰਾ ਨਾਂ ਫ਼ਰੀਦ-ਉਦ-ਦੀਨ ਮਸਊਦ ਸੀ। ਸ਼ਕਰਗੰਜ ਆਪ ਦਾ ਲਕਬ ਹੈ। ਫ਼ਰੀਦ ਦਾ ਸ਼ਬਦੀ ਅਰਥ ਹੈ-ਬੇਮਿਸਾਲ, ਅਦੁੱਤੀ, ਲਾਸਾਨੀ। ਚਿਸ਼ਤੀ ਸਿਲਸਿਲੇ ਦੇ ਇਸ ਵਿਸ਼ਵ ਪ੍ਰਸਿੱਧ ਸੂਫ਼ੀ ਦਰਵੇਸ਼ ਤੇ ਪੰਜਾਬੀ ਦੇ ਪਹਿਲੇ ਕਵੀ ਹਜ਼ਰਤ ਸ਼ੇਖ਼ ਫ਼ਰੀਦ-ਉਦ-ਦੀਨ ਮਸਊਦ ਗੰਜ-ਇ-ਸ਼ਕਰ ਨੂੰ ਆਮ ਕਰਕੇ ਬਾਬਾ ਫ਼ਰੀਦ ਦੇ ਨਾਂ ਨਾਲ ਹੀ ਪੁਕਾਰਿਆ ਜਾਂਦਾ ਹੈ।

ਫ਼ਰੀਦ ਨਾਂ ਲੈਂਦਿਆਂ ਜਾਂ ਸੁਣਦਿਆਂ ਹੀ ਖ਼ਿਆਲ ਇਸ ਕਾਮਿਲ ਸੂਫ਼ੀ ਦਰਵੇਸ਼ ਦਾ ਆਉਂਦਾ ਹੈ। ਹਜ਼ਰਤ ਸ਼ੇਖ਼ ਫ਼ਰੀਦ ਜਾ ਜਨਮ 1173 ਈਸਵੀ ਵਿਚ ਪਿੰਡ ਕੋਠੇਵਾਲ, ਨੇੜੇ ਮੁਲਤਾਨ, ਪਾਕਿਸਤਾਨ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਂ ਸ਼ੇਖ਼ ਜਮਾਲੁੱਦੀਨ ਸੁਲੇਮਾਨ ਅਤੇ ਮਾਤਾ ਦਾ ਨਾਂ ਬੀਬੀ ਮਰੀਅਮ ਸੀ। ਉੱਚ ਵਿੱਦਿਆ ਆਪ ਨੇ ਮੁਲਤਾਨ ਵਿਖੇ ਹਾਸਲ ਕੀਤੀ। ਹਜ਼ਰਤ ਖ਼ਵਾਜਾ ਕੁਤਬੁੱਦੀਨ ਬਖ਼ਤਿਆਰ ਕਾਕੀ ਆਪ ਦੇ ਪੀਰੋ-ਮੁਰਸ਼ਦ ਤੇ ਹਜ਼ਰਤ ਖ਼ਵਾਜਾ ਮੁਈਨੁੱਦੀਨ ਚਿਸ਼ਤੀ ਅਜਮੇਰੀ ਆਪ ਦੇ ਦਾਦਾ ਪੀਰ ਸਨ।

1235 ਤੋਂ 1266 ਈਸਵੀ ਤਕ ਆਪ ਨੇ ਚਿਸ਼ਤੀ ਸੂਫ਼ੀ ਸਿਲਸਿਲੇ ਦੀ ਵਾਗਡੋਰ ਸੰਭਾਲੀ। ਅਜੋਧਨ (ਪਾਕਪਟਨ) ਵਿਖੇ ਖ਼ਾਨਕਾਹ ਸਥਾਪਿਤ ਕੀਤੀ। ਹਜ਼ਰਤ ਸ਼ੇਖ਼ ਫ਼ਰੀਦ-ਉਦ-ਦੀਨ ਗੰਜ-ਇ-ਸ਼ਕਰ ਦੀ ਪੰਜਾਬੀ ਭਾਸ਼ਾ ਵਿਚ ਲਿਖੀ ਬਾਣੀ ਦੇ 112 ਸਲੋਕ ਅਤੇ ਚਾਰ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਪਾਕਪਟਨ (ਪਾਕਿਸਤਾਨ) ਵਿਖੇ ਸਥਿਤ ਆਪ ਦੀ ਦਰਗਾਹ ਪਾਕਿਸਤਾਨ ਦੀ ਸਭ ਤੋਂ ਪ੍ਰਸਿੱਧ ਜ਼ਿਆਰਤਗਾਹ ਹੈ। •

94634-63193

ਭਾਈ ਮੰਝ ਜੀ ਪਹਿਲਾਂ ਸਖੀ ਸਰਵਰ ਦੇ ਮੁਰੀਦ ਸਨ। ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ ਤਾਂ ਗੁਰੂ ਘਰ ਦੇ ਹੋ ਕੇ ਰਹਿ ਗਏ। ਗੁਰੂ ਘਰ ਦੀ ਸੇਵਾ ਜ਼ਰੀਏ ਹੀ ਉਨ੍ਹਾਂ ਨੇ ਗੁਰੂ ਮਹਾਰਾਜ ਦੀਆਂ ਬਖ਼ਸ਼ਿਸ਼ਾਂ ਪ੍ਰਾਪਤ ਕਰ ਕੇ ਜੀਵਨ ਸਫਲ ਕੀਤਾ...



3 ਅਪ੍ਰੈਲ, ਸਾਲਾਨਾ ਜੋੜ ਮੇਲੇ 'ਤੇ

# ਇਤਿਹਾਸਿਕ ਗੁਰਦੁਆਰਾ ਖੂਹ ਭਾਈ ਮੰਝ ਜੀ ਸੁਲਤਾਨਵਿੰਡ

ਧਰਮਿੰਦਰ ਸਿੰਘ ਚੱਬਾ

ਭਾਈ ਮੰਝ ਦਾ ਪਹਿਲਾ ਨਾਂ 'ਤੀਰਥਾ' ਸੀ। ਉਹ ਸੁਲਤਾਨੀਏ ਦੇ ਵੱਡੇ ਆਗੂ ਤੇ ਪ੍ਰਚਾਰਕ ਸਨ। ਉਨ੍ਹਾਂ ਦੇ ਘਰ 'ਸਖੀ ਸਰਵਰ' ਦਾ 'ਪੀਰਖ਼ਾਨਾ' ਵੀ ਸੀ। ਗੁਰਦੁਆਰਾ ਇਤਿਹਾਸਿਕ ਖੂਹ ਭਾਈ ਮੰਝ ਸੁਲਤਾਨਵਿੰਡ, ਅੰਮ੍ਰਿਤਸਰ ਵਿਖੇ ਹੈ। ਇਹ ਉਹ ਇਤਿਹਾਸਿਕ ਖੂਹ ਹੈ, ਜਿਸ ਵਿਚ ਭਾਈ ਮੰਝ ਜੀ ਗੁਰੂ ਘਰ ਵਾਸਤੇ ਲੱਕੜਾਂ ਲੈਣ ਗਏ ਡਿੱਗ ਪਏ ਸਨ ਤੇ ਗੁਰੂ ਅਰਜਨ ਦੇਵ ਜੀ ਨੇ ਆਪ ਜਾ ਕੇ ਉਨ੍ਹਾਂ ਨੂੰ ਖੂਹ 'ਚੋਂ ਬਾਹਰ ਕੱਢਿਆ ਸੀ।

ਭਾਈ ਮੰਝ ਪਿੰਡ ਕੰਗ ਮਾਈ ਜ਼ਿਲ੍ਹਾ ਹੁਸ਼ਿਆਰਪੁਰ ਦੇ ਰਹਿਣ ਵਾਲੇ ਸਨ। ਘਰ ਵਿਚ ਸਖੀ ਸਰਵਰ ਦੀ ਜਗ੍ਹਾ ਬਣਾਈ ਹੋਈ ਸੀ। ਪਿੰਡ ਦੀ ਸੰਗਤ ਇਕੱਠੀ ਕਰ ਕੇ ਉਹ ਹਰ ਸਾਲ ਪੀਰ ਦੇ ਦਰਸ਼ਨਾਂ ਲਈ ਨਿਗਾਹੇ ਜਾਂਦੇ ਸਨ। ਹਰ ਵੀਰਵਾਰ ਰੋਟ ਚੜ੍ਹਾਉਂਦੇ ਸਨ। ਆਪ ਪਿੰਡ ਦੇ ਚੌਧਰੀ ਸਨ। ਮਾਇਆ ਦੀ ਕੋਈ ਕਮੀ ਨਹੀਂ ਸੀ। ਇਕ ਦਿਨ ਨਿਗਾਹੇ ਤੋਂ ਵਾਪਸ ਆਉਂਦਿਆਂ ਆਪ ਦਾ ਮੇਲ ਗੁਰੂ ਅਰਜਨ ਦੇਵ ਜੀ ਦੇ ਸਿੱਖਾਂ ਨਾਲ ਹੋਇਆ। ਵਿਚਾਰ ਵਟਾਂਦਰੇ ਉਪਰੰਤ ਗੁਰੂ ਦਰਸ਼ਨਾਂ ਦੀ ਚਾਹਤ ਪੈਦਾ ਹੋਈ। ਆਪ ਸਿੱਖਾਂ ਨਾਲ ਗੁਰੂ ਅਰਜਨ ਦੇਵ ਜੀ ਪਾਸ ਆਏ ਤੇ ਸਿੱਖੀ ਦੀ ਦਾਤ ਮੰਗੀ ਤਾਂ ਗੁਰੂ ਜੀ ਨੇ ਕਿਹਾ ਕਿ 'ਜੇ ਪਾਰ ਲੰਘਣਾ ਹੈ ਤਾਂ, ਇਕ ਪਾਸੇ ਹੋ ਜਾਓ।' ਆਪ ਨੇ ਗੁਰੂ ਚਰਨਾਂ ਵਿਚ ਆਪਣਾ ਸਿਰ ਰੱਖ ਦਿੱਤਾ। ਘਰ ਆ ਕੇ ਸਖੀ ਸਰਵਰ ਦੀ ਬਣਾਈ ਹੋਈ ਜਗ੍ਹਾ ਢਾਹ ਦਿੱਤੀ। ਪਰਖ ਸ਼ੁਰੂ ਹੋ ਗਈ। ਘਰ ਵਿਚ ਗ਼ਰੀਬੀ ਆਉਣੀ ਸ਼ੁਰੂ ਹੋ ਗਈ। ਲੋਕਾਂ ਦੇ ਮਿਹਣੇ ਵੀ ਸੁਣਨੇ ਪਏ। ਘਰ ਦੇ ਗੁਜ਼ਾਰੇ ਲਈ ਘਾਹ ਖੋਦ ਕੇ ਵੇਚਣਾ ਪਿਆ ਪਰ ਗੁਰੂ ਘਰ ਵਿਚ ਵਿਸ਼ਵਾਸ਼ ਹੋਰ ਪਕੇਰਾ ਹੁੰਦਾ ਗਿਆ। ਆਪ ਗੁਰਬਾਣੀ ਦਾ ਨਿਰੰਤਰ ਜਾਪ ਕਰਦੇ ਰਹਿੰਦੇ।

ਆਪ ਗੁਰੂ ਘਰ ਦੇ ਘੋੜਿਆਂ ਲਈ ਘਾਹ ਖੋਦ ਕੇ ਲਿਆਉਂਦੇ ਤੇ ਬਾਅਦ ਵਿਚ ਸਾਰਾ ਦਿਨ ਗੁਰੂ ਕੇ ਲੰਗਰਾਂ 'ਚ ਸੇਵਾ ਕਰਦੇ ਰਹਿੰਦੇ। ਗੁਰੂ ਘਰ ਦੇ ਲੰਗਰਾਂ ਲਈ ਜੰਗਲ 'ਚੋਂ ਲੱਕੜਾਂ ਲਿਆਉਂਦੇ ਤੇ ਲੰਗਰ 'ਚੋਂ ਪ੍ਰਸ਼ਾਦਾ ਛਕ ਲੈਂਦੇ। ਇਕ ਦਿਨ ਗੁਰੂ ਜੀ ਲੰਗਰ ਵਾਲੇ ਪਾਸੇ ਆਏ ਤੇ ਭਾਈ ਮੰਝ ਨਾਲ ਮੇਲ ਹੋ ਗਿਆ। ਪੁੱਛਣ ਤੇ ਦੱਸਿਆ ਕਿ 'ਸੇਵਾ ਕਰਕੇ, ਲੰਗਰ ਵਿਚੋਂ ਹੀ ਪ੍ਰਸ਼ਾਦਾ ਛਕ ਲੈਂਦਾ ਹਾਂ।' ਗੁਰੂ ਜੀ ਕਹਿਣ ਲੱਗੇ ਕਿ 'ਇਹ ਸੇਵਾ ਕਾਹਦੀ ਹੋਈ, ਇਹ ਤਾਂ ਮਜ਼ਦੂਰੀ ਹੋ ਗਈ।' ਅਗਲੇ ਦਿਨ ਤੋਂ ਜੋ ਸੰਗਤਾਂ ਨੇ ਪੱਤਲਾਂ ਵਿਚ ਜੂਠ ਛੱਡ ਦੇਣੀ, ਉਹ ਛਕ ਲੈਣੀ। ਇਕ ਦਿਨ ਫਿਰ ਗੁਰੂ ਅਰਜਨ ਦੇਵ ਜੀ ਲੰਗਰ ਵਾਲੇ ਪਾਸੇ ਆਏ ਤੇ ਪੁੱਛਣ ਲੱਗੇ ਕਿ 'ਭਾਈ ਮੰਝ ਜੀ, ਹੁਣ ਪ੍ਰਸ਼ਾਦਾ ਕਿੱਥੋਂ ਛਕਦੇ ਹੋ?' ਤਾਂ ਆਪ ਕਹਿਣ ਲੱਗੇ ਕਿ 'ਮੈਂ ਸੰਗਤਾਂ ਦੀ ਜੂਠ ਛਕ ਕੇ ਗੁਜ਼ਾਰਾ ਕਰ ਲੈਂਦਾ ਹਾਂ। ਗੁਰੂ ਜੀ ਕਹਿਣ ਲੱਗੇ ਕਿ 'ਤੁਸੀ ਕਾਵਾਂ, ਚਿੜੀਆਂ ਤੇ ਹੋਰ ਪੰਛੀਆਂ ਦਾ ਹਿੱਸਾ ਖਾ ਰਹੇ ਹੋ।'

ਅਗਲੇ ਦਿਨ ਤੋਂ ਭਾਈ ਮੰਝ ਜੀ ਪਹਿਲਾਂ ਲੰਗਰ ਵਾਸਤੇ ਲੱਕੜਾਂ ਕੱਟ ਕੇ ਲਿਆਉਂਦੇ ਤੇ ਫਿਰ ਆਪਣੇ ਗੁਜ਼ਾਰੇ ਵਾਸਤੇ ਲੱਕੜਾਂ ਕੱਟ ਕੇ ਵੇਚਦੇ। ਇਸ ਤਰ੍ਹਾਂ ਸੱਚੀ ਕਿਰਤ ਕਮਾਈ ਕਰ ਕੇ ਆਪਣਾ ਜੀਵਨ ਨਿਰਬਾਹ ਕਰਦੇ। ਇਕ ਦਿਨ ਅਚਾਨਕ ਜੰਗਲ ਵਿਚ ਲੱਕੜਾਂ ਲੈਣ ਗਏ ਤਾਂ ਜ਼ੋਰਦਾਰ ਮੀਂਹ, ਝੱਖੜ ਤੇ ਹਨੇਰੀ ਤੂਫ਼ਾਨ ਕਾਰਨ ਆਪ ਖੂਹ ਵਿਚ ਡਿੱਗ ਪਏ। ਆਪ ਖੂਹ ਵਿਚ ਤਾਂ ਡਿੱਗ ਪਏ ਪਰ ਆਪ ਨੇ ਆਪਣੇ ਸਿਰ ਤੋਂ ਲੱਕੜਾਂ ਨਹੀ ਸੁੱਟੀਆਂ ਤੇ ਲੱਕੜਾਂ ਨੂੰ ਸਿਰ 'ਤੇ ਟਿਕਾਈ ਰੱਖਿਆ। ਕਾਫ਼ੀ ਦੇਰ ਹੋਣ 'ਤੇ ਜਦ ਆਪ ਲੱਕੜਾਂ ਲੈ ਕੇ ਗੁਰੂ ਕੇ ਲੰਗਰਾਂ ਵਿਚ ਨਹੀਂ ਪਹੁੰਚੇ ਤਾਂ ਜਾਣੀ-ਜਾਣ ਸਤਿਗੁਰੂ ਜੀ ਨੇ ਕੁਝ ਸਿੱਖਾਂ ਨੂੰ ਪਤਾ ਕਰਨ ਲਈ ਭੇਜਿਆ। ਉਹ ਜੰਗਲ ਵਿਚ ਜਾ ਕੇ ਵੇਖਦੇ ਹਨ ਕਿ ਭਾਈ ਮੰਝ ਖੂਹ ਵਿਚ ਡਿੱਗੇ ਹੋਏ ਹਨ। ਸਿਰ 'ਤੇ ਲੱਕੜਾਂ ਟਿਕਾਈ ਗੁਰਬਾਣੀ ਪੜ੍ਹ ਰਹੇ ਹਨ।

ਸਿੱਖਾਂ ਨੇ ਸਾਰੀ ਗੱਲ ਗੁਰੂ ਜੀ ਨੂੰ ਦੱਸੀ। ਗੁਰੂ ਅਰਜਨ ਦੇਵ ਜੀ ਨੰਗੇ ਪੈਰੀਂ ਸੰਗਤਾਂ ਨੂੰ ਨਾਲ ਲੈ ਕੇ ਭਾਈ ਮੰਝ ਜੀ ਲਈ ਉਸ ਖੂਹ ਵੱਲ ਨੱਠ ਤੁਰੇ। ਖੂਹ ਕੋਲ ਜਾ ਕੇ ਰੱਸਾ ਥੱਲੇ ਸੁੱਟਿਆ ਤੇ ਕਿਹਾ ਕਿ 'ਭਾਈ ਮੰਝ ਰੱਸਾ ਫੜ ਕੇ ਬਾਹਰ ਆ ਜਾਓ।' ਭਾਈ ਮੰਝ ਜੀ ਨੇ ਪਹਿਲਾਂ ਗੁਰੂ ਕੇ ਲੰਗਰ ਦੀਆਂ ਲੱਕੜਾਂ ਕੱਢਣ ਲਈ ਬੇਨਤੀ ਕੀਤੀ। ਪਹਿਲਾਂ ਲੱਕੜਾਂ ਕੱਢੀਆਂ ਗਈਆਂ ਫਿਰ ਭਾਈ ਮੰਝ ਰੱਸਾ ਫੜ ਕੇ ਬਾਹਰ ਆਏ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਮੰਝ ਜੀ ਨੂੰ ਘੁੱਟ ਕੇ ਸੀਨੇ ਨਾਲ ਲਾਇਆ ਤੇ ਕਿਹਾ ਕਿ 'ਭਾਈ ਮੰਝ ਜੀ, ਤੁਹਾਡੀ ਸੇਵਾ ਗੁਰੂ ਘਰ ਵਿਚ ਪ੍ਰਵਾਨ ਹੋ ਗਈ ਹੈ। ਮੰਗੋ ਕੀ ਮੰਗਣਾ ਹੈ?' ਭਾਈ ਮੰਝ ਜੀ ਹੱਥ ਜੋੜ ਕੇ ਖਲੋ ਗਏ, 'ਹੇ ਪਾਤਸ਼ਾਹ ਜੀ, ਕਿਸੇ ਚੀਜ਼ ਦੀ ਲੋੜ ਨਹੀ ਹੈ।' ਗੁਰੂ ਜੀ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਕਿ 'ਹੇ ਦਾਤਾ ਜੀ, ਕਲਯੁੱਗ ਦਾ ਸਮਾਂ ਹੈ, ਸਿੱਖਾਂ ਦਾ ਇੰਨਾਂ ਇਮਤਿਹਾਨ ਨਾ ਲਿਆ ਕਰੋ। ਸਿੱਖਾਂ ਕੋਲੋਂ ਇੰਨੀ ਕਰੜੀ ਪ੍ਰੀਖਿਆ ਦਿੱਤੀ ਨਹੀਂ ਜਾਣੀ। ਲੰਗਰ ਦਾ ਪ੍ਰਸ਼ਾਦਾ ਨਾ ਖੋਹਣਾ।' ਗੁਰੂ ਜੀ ਬੋਲੇ, 'ਤੁਸੀਂ ਸਾਡਾ ਰੂਪ ਹੋ ਗਏ ਹੋ, ਜੋ ਮੁੱਖ ਤੋਂ ਬੋਲੋਗੇ, ਸਭ ਪੂਰਾ ਹੋਵੇਗਾ।' ਭਾਈ ਮੰਝ ਜੀ ਨੂੰ ਗੁਰੂ ਸਾਹਿਬ ਨੇ ਵਰ ਦਿੱਤਾ ਕਿ 'ਮੰਝ ਪਿਆਰਾ ਗੁਰੂ ਕੋ, ਗੁਰੂ ਮੰਝ ਪਿਆਰਾ, ਮੰਝ ਗੁਰੂ ਕਾ ਬੋਹਿਥਾ, ਜਗ ਲੰਘਣਹਾਰਾ।' ਇਸ ਤਰ੍ਹਾਂ ਭਾਈ ਮੰਝ ਜੀ ਗੁਰੂ ਘਰ ਪ੍ਰਵਾਨ ਚੜ੍ਹੇ।

ਗੁਰਦੁਆਰਾ ਖੂਹ ਭਾਈ ਮੰਝ, ਸੁਲਤਾਨਵਿੰਡ ਪਿੰਡ, ਅੰਮ੍ਰਿਤਸਰ ਵਿਖੇ ਪਹਿਲੀ ਅਪ੍ਰੈਲ ਤੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਆਰੰਭ ਹੋਏ ਹਨ ਅਤੇ 3 ਅਪ੍ਰੈਲ ਨੂੰ ਭੋਗ ਪਾਏ ਜਾਣਗੇ। ਜਥੇਦਾਰ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਦੀ ਰਹਿਨਮਈ ਹੇਠ ਸਲਾਨਾ ਜੋੜ ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਵਿਚ ਰਾਗੀ, ਢਾਡੀ ਤੇ ਕਵੀਸ਼ਰੀ ਜਥੇ ਗੁਰੂ ਘਰ ਦਾ ਜੱਸ ਗਾਉਣਗੇ। ਉਪਰੰਤ ਪੰਜਾਬ ਦੀਆਂ ਮਸ਼ਹੂਰ ਟੀਮਾਂ ਦਰਮਿਆਨ ਕੁਸ਼ਤੀਆਂ ਤੇ ਕਬੱਡੀ ਦੇ ਮੈਚ ਕਰਵਾਏ ਜਾਣਗੇ। ਗੁਰੂ ਕੇ ਅਤੁੱਟ ਲੰਗਰ ਵਰਤਾਏ ਜਾਣਗੇ ਤੇ ਰਾਤ ਨੂੰ ਦੀਪਮਾਲਾ ਹੋਵੇਗੀ। •

# ਸੁਲਤਾਨ ਹਮ ਦਰਵੇਸ਼ ਗੁਰੂ ਕਰਤਾ ਹਰਿਰਾਇ

ਰਮੇਸ਼ ਬੱਗਾ ਚੋਹਲਾ

ਸਿੱਖ ਧਰਮ ਬਾਕੀ ਧਰਮਾਂ ਨਾਲੋਂ ਉਮਰ 'ਚ ਬੇਸ਼ੱਕ ਕੁਝ ਛੁਟੇਰਾ ਹੈ ਪਰ ਸਿੱਖ ਗੁਰੂਆਂ ਨੇ ਮਨੁੱਖੀ ਆਤਮਾ ਦੇ ਵਿਕਾਸ ਲਈ ਜੋ ਫਲਸਫ਼ਾ ਦਿੱਤਾ ਹੈ, ਉਹ ਸਰਲ, ਸਹਿਜ ਤੇ ਸਮਾਜ ਪੱਖੀ ਹੈ। ਸਿੱਖੀ ਅਸਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਪ੍ਰਚਾਰੀ ਤੇ ਪ੍ਰਸਾਰੀ ਗਈ ਅਜਿਹੀ ਜੀਵਨ ਜਾਂਚ ਹੈ, ਜਿਸ ਨੂੰ ਅਪਣਾ ਕੇ ਕੋਈ ਵੀ ਵਿਅਕਤੀ ਜਿੱਥੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਸਫਲਤਾ ਪੂਰਵਕ ਨਿਭਾਅ ਸਕਦਾ ਹੈ, ਉੱਥੇ ਪਰਮ ਪਿਤਾ ਦੀ ਨੇੜ੍ਹਤਾ ਦਾ ਨਿੱਘ ਵੀ ਮਾਣ ਸਕਦਾ ਹੈ। ਗੁਰੂ ਸਾਹਿਬਾਨ ਨੇ ਅਜਿਹੀ ਉੱਚੀ ਤੇ ਸੁੱਚੀ ਵਿਚਾਰਧਾਰਾ ਮਨੁੱਖਤਾ ਨੂੰ ਬਖ਼ਸ਼ੀ ਹੈ, ਜੋ ਧਰਮ ਦੇ ਖੇਤਰ 'ਚ ਸ਼ਾਮਲ ਹੋਏ ਕਰਮਕਾਂਡੀ ਵਿਹਾਰ ਨੂੰ ਰੱਦ ਕਰ ਕੇ ਨਰੋਲ ਪ੍ਰੇਮ ਪੂਰਵਕ ਵਿਧਾਨ ਦਾ ਪੱਖ ਪੂਰਦੀ ਹੈ। ਇਸ ਵਿਧਾਨ ਦੀ ਪੁਸ਼ਟੀ ਜਿੱਥੇ ਦਸ ਪਾਤਸ਼ਾਹੀਆਂ ਨੇ ਆਪੋ-ਆਪਣੇ ਸਮਿਆਂ ਵਿਚ ਕੀਤੀ, ਉੱਥੇ ਉਨ੍ਹਾਂ ਭਗਤਾਂ, ਭੱਟਾਂ ਤੇ ਗੁਰੂ ਘਰ ਦੇ ਨਿਕਟਵਰਤੀਆਂ ਦਾ ਵੀ ਰੱਜਵਾਂ ਸਤਿਕਾਰ ਕੀਤਾ ਹੈ, ਜਿਨ੍ਹਾਂ ਦੀ ਅਧਿਆਤਮਕ ਸੋਚ ਇਸ ਵਿਧਾਨ ਦੇ ਨੇੜੇ ਸੀ। ਦਸ ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਤਰੀਕਿਆਂ ਨਾਲ ਜਿੱਥੇ ਭਾਓ-ਭਗਤੀ ਦੇ ਵਿਧਾਨ ਨੂੰ ਸਾਰਥਿਕਤਾ ਪ੍ਰਦਾਨ ਕੀਤੀ, ਉੱਥੇ ਮਨੁੱਖੀ ਕਦਰਾਂ-ਕੀਮਤਾਂ ਦੀ ਵੀ ਡਟ ਕੇ ਪਹਿਰੇਦਾਰੀ ਕੀਤੀ। ਇਸ ਪਹਿਰੇਦਾਰੀ ਲਈ ਸੱਤਵੇਂ ਨਾਨਕ ਸਾਹਿਬ ਸ੍ਰੀ ਗੁਰੂ ਹਰਿਰਾਇ ਜੀ ਦਾ ਨਾਂ ਵੀ ਧੰਨਤਾ ਦੇ ਯੋਗ ਹੈ।



3 ਅਪ੍ਰੈਲ ਗੁਰਗੱਦੀ ਦਿਵਸ 'ਤੇ

ਸ੍ਰੀ ਹਰਿਰਾਇ ਸਾਹਿਬ ਦਾ ਜਨਮ 16 ਜਨਵਰੀ 1630 ਈਸਵੀ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਤੇ ਮਾਤਾ ਨਿਹਾਲ ਕੌਰ ਦੇ ਘਰ ਕੀਰਤਪੁਰ ਸਾਹਿਬ (ਹੁਸ਼ਿਆਰਪੁਰ) ਵਿਖੇ ਹੋਇਆ। ਗੁਰੂ ਸਾਹਿਬ ਦਾ ਬਚਪਨ ਕੀਰਤਪੁਰ ਸਾਹਿਬ ਵਿਖੇ ਹੀ ਬੀਤਿਆ। ਜਦੋਂ ਆਪ 8 ਕੁ ਸਾਲ ਦੇ ਹੋਏ ਤਾਂ ਪਿਤਾ ਬਾਬਾ ਗੁਰਦਿੱਤਾ ਜੀ ਗੁਰਪੁਰੀ ਪਿਆਨਾ ਕਰ ਗਏ। ਉਮਰ ਦੇ ਅਗਲੇ 10 ਸਾਲ ਆਪ ਨੇ ਆਪਣੇ ਦਾਦਾ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਨਜ਼ਰਸਾਨੀ ਹੇਠ ਬਤੀਤ ਕੀਤੇ। ਇਸੇ ਸਦਕਾ ਆਪ ਦੇ ਵਿਅਕਤੀਤਵ ਵਿਚ ਦਾਦਾ ਗੁਰੂ ਵਾਲੀਆਂ ਸਿਫ਼ਤਾਂ ਪ੍ਰਤੀਬਿੰਬਤ ਹੁੰਦੀਆਂ ਰਹੀਆਂ ਹਨ।

ਗੁਰੂ ਹਰਿਰਾਇ ਸਾਹਿਬ ਨੇ ਮੁਢਲੀ ਤਾਲੀਮ ਭਾਈ ਦਰਗਾਹ ਮੱਲ ਪਾਸੋਂ ਹਾਸਲ ਕੀਤੀ ਤੇ ਸ਼ਸਤਰ ਵਿੱਦਿਆ ਭਾਈ ਬਿਧੀ ਚੰਦ ਛੀਨਾ ਜੀ ਪਾਸੋਂ ਗ੍ਰਹਿਣ ਕੀਤੀ। ਆਪ 13-14 ਸਾਲ ਦੀ ਉਮਰ ਤਕ ਸ਼ਸਤਰ ਤੇ ਸ਼ਾਸਤਰ ਵਿੱਦਿਆ ਵਿਚ ਮੁਹਾਰਤ ਪ੍ਰਾਪਤ ਕਰ ਗਏ। ਆਪ ਜੀ ਦੇ ਉਸਤਾਦਾਂ ਵਿਚ ਪੁਰੋਹਿਤ ਜਾਤੀ ਮੱਲ ਦਾ ਨਾਂ ਵੀ ਜ਼ਿਕਰਯੋਗ ਹੈ।

ਸੱਤਵੇਂ ਪਾਤਸ਼ਾਹ ਜਿੱਥੇ ਗਿਆਨਵਾਨ, ਮਿੱਠੇ ਤੇ ਨਿੱਘੇ ਸੁਭਾਅ ਦੇ ਮਾਲਕ ਸਨ, ਉੱਥੇ ਉਨ੍ਹਾਂ ਦਾ ਹਿਰਦਾ ਬੜਾ ਕੋਮਲ ਸੀ। ਇਤਿਹਾਸ 'ਚ ਜ਼ਿਕਰ ਆਉਂਦਾ ਹੈ ਕਿ ਇਕ ਵਾਰੀ ਕਰਤਾਰਪੁਰ ਦੇ ਬਾਗ਼ ਵਿਚ ਸੈਰ ਕਰਦਿਆਂ ਤੇਜ਼ ਹਵਾ ਵਗ ਰਹੀ ਸੀ। ਹਵਾ ਕਾਰਨ ਆਪ ਦਾ ਜਾਮਾ ਬੂਟਿਆਂ ਨਾਲ ਉਲਝ ਗਿਆ।ਤੇ ਕੁਝ ਫੁੱਲ ਟਹਿਣੀ ਨਾਲੋਂ ਟੁੱਟ ਕੇ ਹੇਠਾਂ ਡਿੱਗ ਪਏ। ਟੁੱਟੇ ਫੁੱਲਾਂ ਨੂੰ ਦੇਖ ਕੇ ਗੁਰੂ ਸਾਹਿਬ ਦੇ ਕੋਮਲ ਹਿਰਦੇ ਨੂੰ ਬਹੁਤ ਠੇਸ ਪੁੱਜੀ। ਇੰਨੇ ਚਿਰ ਵਿਚ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਕੋਲ ਆਏ ਤੇ ਉਦਾਸੀ ਦਾ ਕਾਰਨ ਪੁੱਛਿਆ। ਆਪ ਨੇ ਕਿਹਾ ਕਿ ਸੱਚੇ ਪਾਤਸ਼ਾਹ ਮੇਰੇ ਖੁੱਲ੍ਹੇ ਜਾਮੇ ਨਾਲ ਅੜ ਕੇ ਇਹ ਨਿਰਦੋਸ਼ ਫੁੱਲ ਹੇਠਾਂ ਡਿੱਗ ਪਏ ਹਨ। ਇਸ ਮੌਕੇ ਛੇਵੇਂ ਪਾਤਸ਼ਾਹ ਨੇ ਕਿਹਾ ਕਿ ਜੇ ਜਾਮਾ ਵੱਡਾ ਪਹਿਨੀਏ ਤਾਂ ਸੰਭਲ ਕੇ ਤੁਰਨਾ ਚਾਹੀਦਾ ਹੈ। ਉਪਦੇਸ਼ ਬੜਾ ਸਪਸ਼ਟ ਸੀ ਕਿ ਜੇ ਜ਼ਿੰਮੇਵਾਰੀ ਵੱਡੀ ਹੋਵੇ ਤਾਂ ਤਾਕਤ ਦੀ ਵਰਤੋਂ ਸੋਚ ਸਮਝ ਕੇ ਕਰਨੀ ਚਾਹੀਦੀ ਹੈ। ਇਹ ਤਾਕਤ ਨਿਆਸਰਿਆਂ ਦਾ ਆਸਰਾ ਬਣਨੀ ਚਾਹੀਦੀ ਹੈ। ਗੁਰੂ ਹਰਿਰਾਇ ਜੀ ਨੇ ਆਪਣੇ ਦਾਦਾ ਗੁਰੂ ਜੀ ਦੇ ਉਪਦੇਸ਼ ਨੂੰ ਪੱਲ੍ਹੇ ਨਾਲ ਬੰਨ੍ਹ ਲਿਆ ਤੇ ਸਾਰੀ ਹਯਾਤੀ ਇਸ ਉਪਦੇਸ਼ ਦੀ ਕਮਾਈ ਕੀਤੀ ਤੇ ਤਾਣ ਹੁੰਦਿਆਂ ਵੀ ਨਿਤਾਣੇ ਬਣੇ ਰਹੇ। ਗੁਰੂ ਸਾਹਿਬ ਬਾਬਾ ਸ਼ੇਖ ਫ਼ਰੀਦ ਜੀ ਦੇ ਇਹ ਬਚਨ ਬੜੇ ਪ੍ਰੇਮ ਨਾਲ ਉਚਾਰਿਆ ਕਰਦੇ ਸਨ :

ਸਭਨਾ ਮਨ ਮਾਣਿਕ ਠਾਹੁਣ ਮੂਲ ਮਚਾਂਗਣਾ॥

ਜੇ ਤਉ ਪਿਰੀਆ ਦੀ ਸਿੱਕ ਹਿਆਉ ਨਾ ਠਾਹੇ ਕਹੀਦਾ॥

ਇਸ ਤੋਂ ਇਲਾਵਾ ਉਹ ਸ਼ਬਦ 'ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਓ' ਵੀ ਬੜੇ ਵਿਸਮਾਦ ਵਿਚ ਗਾਇਆ ਕਰਦੇ ਸਨ। ਗੁਰੂ ਸਾਹਿਬ ਦੀ ਸ਼ਾਦੀ ਅਨੂਪ ਸ਼ਹਿਰ (ਯੂਪੀ) ਦੇ ਵਸਨੀਕ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਜੀ ਨਾਲ ਹੋਈ। ਆਪ ਦੇ ਘਰ ਦੋ ਸਪੁੱਤਰ ਸ੍ਰੀ ਰਾਮ ਰਾਏ ਤੇ ਸ੍ਰੀ ਹਰਿਕ੍ਰਿਸ਼ਨ ਜੀ ਪੈਦਾ ਹੋਏ।

ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ 3 ਮਾਰਚ 1644 ਨੂੰ ਜੋਤੀ ਜੋਤ ਸਮਾ ਗਏ ਸਨ। ਉਸ ਤੋਂ ਪੰਜ ਦਿਨ ਬਾਅਦ 8 ਮਾਰਚ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਭਾਨਾ ਜੀ (ਸਪੁੱਤਰ ਬਾਬਾ ਬੁੱਢਾ ਸਾਹਿਬ) ਜੀ ਨੇ ਗੁਰੂ ਸਾਹਿਬ ਨੂੰ ਗੁਰਿਆਈ ਦਾ ਤਿਲਕ ਲਗਾਇਆ। ਗੁਰੂ ਸਾਹਿਬ ਨੇ ਆਪਣੇ ਦਾਦਾ ਗੁਰੂ ਵਾਂਗ ਸਿੱਖਾਂ ਵਿਚੋਂ ਬੀਰ ਰਸ ਨੂੰ ਮੱਧਮ ਨਹੀਂ ਪੈਣ ਦਿੱਤਾ ਤੇ 2000 ਤੋਂ ਵਧੇਰੇ ਸੈਨਿਕ ਜਿੱਥੇ ਯੁੱਧ ਕਲਾਵਾਂ ਦਾ ਅਕਸਰ ਅਭਿਆਸ ਕਰਦੇ, ਉੱਥੇ ਕਿਸੇ ਵੀ ਔਖੀ ਘੜੀ ਦਾ ਸਾਹਮਣਾ ਕਰਨ ਲਈ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ ਸਨ। ਆਪ ਜੀ ਵੱਲੋਂ ਗੁਰੂ ਦੇ ਲੰਗਰ ਲਈ ਵਿਸ਼ੇਸ਼ ਹਦਾਇਤ ਸੀ ਕਿ ਭੁੱਖ ਦਾ ਕੋਈ ਸਮਾਂ ਨਹੀਂ ਹੁੰਦਾ, ਜਦੋਂ ਵੀ ਕੋਈ ਲੋੜਵੰਦ ਲੰਗਰ ਵਿਚ ਆਵੇ ਤਾਂ ਉਸ ਨੂੰ ਪ੍ਰਸ਼ਾਦਾ-ਪਾਣੀ ਤਿਆਰ ਕਰਕੇ ਛਕਾਇਆ ਜਾਵੇ।

ਆਪ ਇੰਨੇ ਰਹਿਮ ਦਿਲ ਸਨ ਕਿ ਕਿਸੇ ਦਾ ਵੀ ਦੁੱਖ ਸਹਿਣ ਨਹੀਂ ਸਨ ਕਰ ਸਕਦੇ। ਇਸ ਲਈ ਰੋਗੀਆਂ ਵਾਸਤੇ ਉਨ੍ਹਾਂ ਨੇ ਇਕ ਦਵਾਖ਼ਾਨਾ ਵੀ ਖੋਲ੍ਹਿਆ ਅਤੇ ਗ਼ਰੀਬਾਂ ਤੇ ਲੋੜਵੰਦਾਂ ਨੂੰ ਦਵਾਈਆਂ ਮੁਫ਼ਤ ਦਿੱਤੀਆਂ ਜਾਂਦੀਆਂ ਸਨ। ਮੁਗ਼ਲ ਬਾਦਸ਼ਾਹ ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਵੀ ਉਨ੍ਹਾਂ ਵੱਲੋਂ ਦਿੱਤੀਆਂ ਦਵਾਈਆਂ ਦੀ ਬਦੌਲਤ ਸਿਹਤਯਾਬ ਹੋਇਆ ਸੀ। ਇਥੇ ਹੀ ਬੱਸ ਨਹੀਂ, ਲੋੜ ਪੈਣ 'ਤੇ ਗੁਰੂ ਸਾਹਿਬ ਨੇ ਦਾਰਾ ਸ਼ਿਕੋਹ ਦੀ ਮਦਦ ਵੀ ਕੀਤੀ।

ਜਦੋਂ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ ਤਾਂ ਆਪ ਨੇ ਆਪਣੇ ਜੇਠੇ ਪੁੱਤਰ ਰਾਮਰਾਇ ਨੂੰ ਭੇਜ ਦਿੱਤਾ ਤੇ ਹਦਾਇਤ ਕੀਤੀ ਕਿ ਔਰੰਗਜ਼ੇਬ ਦੇ ਦਰਬਾਰ ਵਿਚ ਜੋ ਵੀ ਬਚਨ ਬਿਲਾਸ ਕਰਨੇ ਹਨ, ਉਹ ਗੁਰੂ ਨਾਨਕ ਪਾਤਸ਼ਾਹ ਦੇ ਆਸ਼ੇ ਅਨੁਸਾਰ ਹੋਣੇ ਚਾਹੀਦੇ ਹਨ ਪਰ ਗੁਰੂ ਸਾਹਿਬ ਦੀ ਹਦਾਇਤ ਦੇ ਉਲਟ ਰਾਮਰਾਇ ਨੇ ਬਾਦਸ਼ਾਹ ਨੂੰ ਖ਼ੁਸ਼ ਕਰਨ ਲਈ ਰੱਬੀ ਬਾਣੀ ਵਿਚ ਹੇਰ-ਫੇਰ ਕਰਦਿਆਂ 'ਮਿੱਟੀ ਮੁਸਲਮਾਨ ਕੀ' ਦੀ ਵਾਲੀ ਪੰਕਤੀ ਨੂੰ 'ਮਿੱਟੀ ਬੇਈਮਾਨ ਕੀ' ਕਹਿ ਕੇ ਬਾਦਸ਼ਾਹ ਨੂੰ ਤਾਂ ਖ਼ੁਸ਼ ਕਰ ਲਿਆ ਪਰ ਗੁਰੂ ਨਾਨਕ ਦੇ ਘਰ ਨਾਲ ਸਦਾ ਵਾਸਤੇ ਨਰਾਜ਼ਗੀ ਮੁੱਲ ਲੈ ਲਈ।

ਗੁਰੂ ਹਰਿਰਾਇ ਸਾਹਿਬ ਨੂੰ ਰਾਮਰਾਇ ਦੀ ਇਸ ਕਾਰਵਾਈ ਨਾਲ ਬੜਾ ਦੁੱਖ ਹੋਇਆ ਤੇ ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਉਹ ਸਾਰੀ ਉਮਰ ਉਸ ਨੂੰ ਮੂੰਹ ਨਹੀਂ ਲਗਾਉਣਗੇ। ਇਸੇ ਕਰਕੇ ਉਨ੍ਹਾਂ ਨੇ ਗੁਰਗੱਦੀ ਦਾ ਹੱਕਦਾਰ ਆਪਣੇ ਛੋਟੇ ਸਪੁੱਤਰ ਸ੍ਰੀ (ਗੁਰੂ) ਹਰਿਕ੍ਰਿਸ਼ਨ ਜੀ ਨੂੰ ਬਣਾਇਆ। ਗੁਰੂ ਸਾਹਿਬ ਦਾ ਅਖ਼ੀਰਲਾ ਸਮਾਂ ਕੀਰਤਪੁਰ ਸਾਹਿਬ ਵਿਖੇ ਬੀਤਿਆ। 6 ਅਕਤੂਬਰ 1661 ਈਸਵੀ ਵਾਲੇ ਦਿਨ ਆਪ ਜੋਤੀ ਜੋਤ ਸਮਾ ਗਏ। •

94631-32719

### ਰੂਹਾਨੀਅਤ ਤੇ ਸਮਾਜ ਸੇਵਾ

*ਗੁਰੂ ਹਰਿਰਾਇ ਜੀ ਨੇ ਮਨੁੱਖੀ ਜੀਵਨ ਨੂੰ ਸਫ਼ਲ ਬਣਾਉਣ ਲਈ ਜਿੱਥੇ ਗੁਰੂ ਨਾਨਕ ਦੇਵ ਜੀ ਦੀਆਂ ਪਰੰਪਰਾਵਾਂ ਨੂੰ ਪ੍ਰਚਾਰਿਆ, ਉੱਥੇ ਲੰਗਰ ਦੀ ਸੇਵਾ ਨੂੰ ਸੁਚਾਰੂ ਬਣਾਉਣ ਲਈ ਉਪਰਾਲੇ ਕੀਤੇ। ਗ਼ਰੀਬਾਂ ਦੇ ਇਲਾਜ ਲਈ ਮੁਫ਼ਤ ਦਵਾਖ਼ਾਨਾ ਖੋਲ੍ਹਿਆ। ਭਾਈ ਨੰਦ ਲਾਲ ਗੋਯਾ ਉਨ੍ਹਾਂ ਦੀ ਵਡਿਆਈ ਇਨ੍ਹਾਂ ਸ਼ਬਦਾਂ ਨਾਲ ਕਰਦੇ ਹਨ :*

*ਹਕ ਪਰਵਰ ਹਕ ਕੇਸ਼*
*ਗੁਰੂ ਕਰਤਾ ਹਰਿਰਾਇ॥*
*ਸੁਲਤਾਨ ਹਮ ਦਰਵੇਸ਼*
*ਗੁਰੂ ਕਰਤਾ ਹਰਿਰਾਇ॥*

ਮੋਹਾਲੀ ਜ਼ਿਲ੍ਹੇ ਦੇ ਕੁਰਾਲੀ ਵਿਖੇ ਹਰ ਸਾਲ ਸ਼ੀਤਲਾ ਮਾਤਾ ਦੇ ਮੇਲੇ ਵਿਚ ਹਜ਼ਾਰਾਂ ਲੋਕ ਸ਼ਰਧਾ ਤੇ ਉਤਸ਼ਾਹ ਨਾਲ ਸ਼ਾਮਲ ਹੁੰਦੇ ਹਨ...

ਕਪਿਲ ਮੋਹਨ ਅੱਗਰਵਾਲ



4 ਅਪ੍ਰੈਲ, ਸਲਾਨਾ ਮੇਲੇ 'ਤੇ

# ਸ਼ਰਧਾ ਤੇ ਪਵਿੱਤਰਤਾ ਦਾ ਸੰਗਮ ਮੇਲਾ ਸ਼ੀਤਲਾ ਮਾਤਾ

ਮੋਹਾਲੀ ਜ਼ਿਲ੍ਹੇ ਦੇ ਸ਼ਹਿਰ ਕੁਰਾਲੀ ਵਿਖੇ ਸ਼ੀਤਲਾ ਮਾਤਾ ਦਾ ਮੇਲਾ ਦਹਾਕਿਆਂ ਤੋਂ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਚੇਤਰ ਮਹੀਨੇ ਬਹਿੜੀਏ ਵਾਲੇ ਦਿਨ ਮਨਾਇਆ ਜਾਂਦਾ ਇਹ ਮੇਲਾ ਪੰਜਾਬ 'ਚ ਵਿਲੱਖਣ ਪਛਾਣ ਰੱਖਦਾ ਹੈ। ਲੱਖਾਂ ਸ਼ਰਧਾਲੂ ਇਸ ਮੇਲੇ 'ਚ ਆਉਂਦੇ ਹਨ। ਸ਼ੀਤਲਾ ਮਾਤਾ ਨੂੰ ਮੱਥਾ ਟੇਕਦੇ, ਪਰਿਵਾਰ ਦੀ ਸੁੱਖ ਸ਼ਾਂਤੀ ਤੇ ਬੱਚਿਆਂ ਨੂੰ ਸਰੀਰਕ ਕਸਟ ਤੋਂ ਬਚਾਉਣ ਲਈ ਪ੍ਰਾਰਥਨਾ ਕਰਦੇ ਹਨ। ਕੁਰਾਲੀ ਨੇੜਲੇ ਕਰੀਬ ਸੌ ਪਿੰਡਾਂ, ਦਰਿਆ ਪਾਰ, ਘਾਟ ਦੇ ਇਲਾਕੇ, ਨੂਰਪੁਰ ਬੇਦੀ, ਬਲਾਚੌਰ, ਗੜ੍ਹਸ਼ੰਕਰ ਆਦਿ ਦੇ ਲੋਕ ਮੇਲੇ ਤੋਂ ਇਕ ਦਿਨ ਪਹਿਲਾ ਹੀ ਪਹੁੰਚ ਜਾਂਦੇ ਹਨ। ਲੋਕ ਮਾਤਾ ਦਾ ਗੁਣਗਾਨ ਕਰਦੇ ਹਨ ਤੇ ਅਗਲੀ ਸਵੇਰ ਮਾਤਾ ਦੇ ਦਰਬਾਰ ਵਿਚ ਸੁੱਖ-ਸ਼ਾਂਤੀ ਲਈ ਪ੍ਰਾਰਥਨਾ ਕਰਦੇ ਹਨ। ਸ਼ਰਧਾਲੂ ਮੇਲੇ ਤੋਂ ਇਕ ਦਿਨ ਪਹਿਲਾਂ ਤਿਆਰ ਕੀਤੇ ਗੁਲਗੁਲੇ, ਮਿੱਠੀਆਂ ਪੂਰੀਆਂ, ਮਿੱਠੇ ਚਾਵਲ, ਵੇਸਣ ਤੇ ਦਾਲ ਦੀਆ ਪੂੜੀਆਂ, ਕੱਚੀ ਲੱਸੀ ਤੇ ਕੱਚਾ ਦੁੱਧ ਮਾਤਾ ਨੂੰ ਅਰਪਣ ਕਰਦੇ ਹਨ।

ਪੌਰਾਣਿਕ ਕਥਾ ਅਨੁਸਾਰ ਮਾਤਾ ਸ਼ੀਤਲਾ ਦੀ ਉਤਪਤੀ ਭਗਵਾਨ ਬ੍ਰਹਮਾ ਜੀ ਤੋਂ ਹੋਈ। ਬ੍ਰਹਮਾ ਜੀ ਨੇ ਸ਼ੀਤਲਾ ਮਾਤਾ ਨੂੰ ਦੇਵ ਲੋਕ ਤੋਂ ਮਾਤ ਲੋਕ 'ਚ ਭੇਜਿਆ। ਉਸ ਸਮੇਂ ਰਾਜਾ ਵਿਰਾਟ ਨੇ ਸ਼ੀਤਲਾ ਮਾਤਾ ਨੂੰ ਆਪਣੇ ਰਾਜ ਵਿਚ ਕੋਈ ਸਥਾਨ ਨਾ ਦਿੱਤਾ। ਮਾਤਾ ਸ਼ੀਤਲਾ ਦੀ ਨਰਾਜ਼ਗੀ ਕਾਰਨ ਉਸ ਦੇ ਰਾਜ ਵਿਚ ਸਾਰੀ ਪਰਜਾ ਦੇ ਸਰੀਰ 'ਤੇ ਲਾਲ ਦਾਣੇ ਨਿਕਲ ਆਏ। ਲੋਕ ਮਾਤਾ ਦੇ ਪ੍ਰਕੋਪ ਤੋਂ ਦੁਖੀ ਹੋਏ। ਰਾਜੇ ਨੂੰ ਗ਼ਲਤੀ ਦਾ ਅਹਿਸਾਸ ਹੋਇਆ ਤੇ ਉਸ ਨੇ ਰਾਜ ਦਰਬਾਰ 'ਚ ਮਾਤਾ ਸ਼ੀਤਲਾ ਨੂੰ ਉਚਿਤ ਸਥਾਨ ਦਿੱਤਾ। ਪਰਜਾ ਨੇ ਮਾਤਾ ਸ਼ੀਤਲਾ ਦੀ ਖ਼ੁਸ਼ੀ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਕੱਚੀ ਲੱਸੀ, ਗੁਲਗੁਲੇ, ਮਿੱਠੀਆਂ ਪੂਰੀਆਂ ਤੇ ਮਿੱਠੇ ਚਾਵਲਾਂ ਦਾ ਭੋਗ ਲਗਾਇਆ। ਪਰਜਾ ਬਿਲਕੁਲ ਠੀਕ ਹੋ ਗਈ। ਉਸ ਸਮੇਂ ਤੋਂ ਸ਼ਰਧਾਲੂ ਸ਼ਰਧਾ ਨਾਲ ਹਰ ਸਾਲ ਸ਼ੀਤਲਾ ਮਾਤਾ ਦੀ ਪੂਜਾ ਕਰਦੇ ਆ ਰਹੇ ਹਨ।

ਹਿੰਦੂ ਮਾਨਤਾ ਅਨੁਸਾਰ ਚੇਤ ਮਹੀਨੇ ਵਿਚ ਮੌਸਮ ਬਦਲ ਜਾਂਦਾ ਹੈ। ਸਰਦ ਰੁੱਤ ਖ਼ਤਮ ਤੇ ਗਰਮੀ ਦੀ ਰੁੱਤ ਸ਼ੁਰੂ ਹੋ ਜਾਂਦੀ ਹੈ। ਇਨ੍ਹਾਂ ਦਿਨਾਂ ਵਿਚ ਠੰਡੀ ਤੇ ਬਾਸੀ ਵਸਤੂ ਦਾ ਸੇਵਨ ਸਿਹਤਮੰਦ ਸਮਝਿਆ ਜਾਂਦਾ ਹੈ। ਮਾਤਾ ਸ਼ੀਤਲਾ ਨੂੰ ਖਸਰਾ, ਚੇਚਕ ਆਦਿ ਬਿਮਾਰੀਆਂ ਤੋਂ ਨਿਜਾਤ ਦਿਵਾਉਣ ਵਾਲੀ ਸਮਝਿਆ ਜਾਂਦਾ ਹੈ। ਗਰਮ ਤਾਸੀਰ ਤੇ ਤੜਕੇ ਵਾਲੀਆਂ ਚੀਜ਼ਾਂ ਦਾ ਸੇਵਨ ਇਸ ਬਿਮਾਰੀ ਨੂੰ ਵਧਾਉਂਦੇ ਹਨ। ਇਸੀ ਲਈ ਮਾਂ ਸ਼ੀਤਲਾ ਨੂੰ ਇਕ ਦਿਨ ਪਹਿਲਾ ਬਣਾਏ ਬਾਸੀ ਪ੍ਰਸ਼ਾਦ ਦਾ ਭੋਗ ਲਗਾਇਆ ਜਾਂਦਾ ਹੈ। ਉਸ ਦਿਨ ਇਹ ਬਾਸੀ ਪ੍ਰਸ਼ਾਦ ਹੀ ਸਾਰਾ ਦਿਨ ਖਾਧਾ ਜਾਂਦਾ ਹੈ ਤੇ ਕਿਸੇ ਵੀ ਘਰ 'ਚ ਚੁੱਲ੍ਹਾ ਨਹੀਂ ਬਾਲਿਆ ਜਾਂਦਾ।

ਕੁਰਾਲੀ ਵਿਖੇ ਹਰ ਸਾਲ ਸ਼ੀਤਲਾ ਮਾਤਾ ਦੇ ਮੇਲੇ ਵਿਚ ਹਜ਼ਾਰਾਂ ਲੋਕ ਸ਼ਰਧਾ ਤੇ ਉਤਸ਼ਾਹ ਨਾਲ ਸ਼ਾਮਲ ਹੁੰਦੇ ਹਨ। ਮੇਲੇ ਦੌਰਾਨ ਬਾਜ਼ਾਰਾਂ ਦੀ ਰੌਣਕ ਵੇਖਣਯੋਗ ਹੁੰਦੀ ਹੈ। ਇਸ ਤੋਂ ਇਲਾਵਾ ਦੁਸਹਿਰਾ ਗਰਾਊਂਡ 'ਚ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਜਾਂਦਾ ਹੈ। ਇਸ ਸਾਲ ਇਹ ਮੇਲਾ 4 ਮਾਰਚ, ਵੀਰਵਾਰ ਨੂੰ ਮਨਾਇਆ ਜਾ ਰਿਹਾ ਹੈ। •

94655-96231

# ਬਾਸੜੀਆਂ ਮੇਲੇ ਤੇ ਐਡਵਰਡ ਜੈਨਰ ਦੀ ਖੋਜ

ਬਾਸੜੀਆਂ ਨਾਂ ਦੇ ਮੇਲੇ ਪੰਜਾਬ ਤੇ ਹਰਿਆਣੇ ਵਿਚ ਮਾਰਚ-ਅਪ੍ਰੈਲ ਦੇ ਮਹੀਨੇ ਵਿਚ ਲਗਦੇ ਹਨ। ਇਨ੍ਹਾਂ ਮੇਲਿਆਂ ਵਿਚ ਮੁੱਖ ਰਸਮ ਸ਼ੀਤਲਾ ਮਾਤਾ ਨੂੰ ਗੁਲਗਲੇ ਤੇ ਮਿੱਠੀਆਂ ਮੱਠੀਆਂ ਅਰਪਿਤ ਕਰਨ ਦੀ ਹੁੰਦੀ ਹੈ। ਇਨ੍ਹਾਂ ਮੇਲਿਆਂ ਬਾਰੇ ਵਿਸਥਾਰ ਨਾਲ ਚਾਨਣਾ ਪਾਉਣ ਤੋਂ ਪਹਿਲਾਂ ਐਡਵਰਡ ਜੈਨਰ ਬਾਰੇ ਦੱਸਣਾ ਜ਼ਰੂਰੀ ਹੈ।

ਐਡਵਰਡ ਜੈਨਰ ਦੁਨੀਆ ਦੇ ਮਹਾਨ ਵਿਗਿਆਨੀ ਸਨ, ਜਿਨ੍ਹਾਂ ਨੇ ਚੇਚਕ ਦੇ ਟੀਕੇ ਦੀ ਖੋਜ ਕੀਤੀ। ਇਸ ਨੂੰ ਵੈਕਸੀਨੇਸ਼ਨ, ਭਾਵ ਰੋਗ ਤੋਂ ਬਚਣ ਲਈ ਅਗਾਊਂ ਟੀਕਾਕਰਨ ਵਿਧੀ ਕਿਹਾ ਜਾਂਦਾ ਹੈ। ਇਸ ਖੋਜ ਪਿੱਛੇ ਇਕ ਰੋਚਕ ਕਹਾਣੀ ਹੈ। ਐਡਵਰਡ ਜੈਨਰ ਇਕ ਅੰਗਰੇਜ਼ ਡਾਕਟਰ ਸਨ। ਉਨ੍ਹਾਂ ਨੂੰ ਚੇਚਕ ਦੇ ਇਲਾਜ਼ ਲਈ ਦਵਾਈ ਦੀ ਖੋਜ ਕਰਨ ਦੀ ਡੂੰਘੀ ਲਗਨ ਸੀ। ਉਹ ਪਿੰਡ 'ਚ ਰਹਿ ਕੇ ਹੀ ਲੋਕਾਂ ਦੀ ਸੇਵਾ ਕਰਦੇ ਸਨ। ਉਨ੍ਹਾਂ ਸਮਿਆਂ ਵਿਚ ਚੇਚਕ ਦਾ ਕੋਈ ਇਲਾਜ਼ ਨਾ ਹੋਣ ਕਾਰਨ ਉਹ ਦੁਖੀ ਤੇ ਚਿੰਤਾ 'ਚ ਰਹਿੰਦੇ ਸਨ।

ਇਕ ਦਿਨ ਡਾ. ਜੈਨਰ ਨੇ ਇਕ ਗਵਾਲਣ ਪਾਸੋਂ ਇਕ ਰੋਚਕ ਗੱਲ ਸੁਣੀ। ਗਵਾਲਣ ਨੇ ਕਿਹਾ ਕਿ ਜਿਸ ਨੂੰ ਗਊ ਚੇਚਕ (cow pox) ਨਿਕਲ ਆਉਂਦੀ ਹੈ, ਉਸ ਨੂੰ ਵੱਡੀ ਚੇਚਕ ਨਹੀਂ ਨਿਕਲਦੀ। ਗਊ ਚੇਚਕ ਵੀ ਚੇਚਕ ਵਰਗਾ ਹੀ ਰੋਗ ਹੈ ਪਰ ਉਸ ਜਿੰਨਾ ਭਿਆਨਕ ਨਹੀਂ ਹੈ। ਇਸ ਨਾਲ ਕੋਈ ਮੌਤ ਨਹੀਂ ਹੁੰਦੀ। ਇਹ ਰੋਗ ਗਾਵਾਂ, ਭੇਡਾਂ, ਬੱਕਰੀਆਂ ਤੇ ਮੁਰਗੀਆਂ ਨੂੰ ਆਮ ਹੋ ਜਾਂਦਾ ਹੈ। ਇਕ ਡਾ. ਜੈਨਰ ਕੋਲ ਗਊ ਚੇਚਕ ਦਾ ਇਕ ਰੋਗੀ ਆਇਆ। ਡਾ. ਜੈਨਰ ਨੇ ਰੋਗੀ ਦੇ ਸਰੀਰ 'ਤੇ ਨਿਕਲੇ ਦਾਣਿਆਂ 'ਚੋਂ ਥੋੜ੍ਹਾ ਜਿਹਾ ਪਾਣੀ ਕੱਢਿਆ ਤੇ ਇਕ ਲੜਕੇ ਦੀ ਬਾਂਹ ਵਿਚ ਚੜ੍ਹਾ ਦਿੱਤਾ। ਇਸ ਨਾਲ ਉਸ ਲੜਕੇ ਨੂੰ ਵੀ ਗਊ ਚੇਚਕ ਹੋ ਗਈ। ਕੁਝ ਦਿਨਾਂ ਬਾਅਦ ਉਹ ਲੜਕਾ ਪੂਰੀ ਤਰ੍ਹਾਂ ਠੀਕ ਹੋ ਗਿਆ। ਹੁਣ ਡਾ. ਜੈਨਰ ਇਹ ਜਾਂਚ ਕਰਨੀ ਚਾਹੁੰਦੇ ਸਨ ਕਿ ਉਸ ਲੜਕੇ ਨੂੰ ਵੱਡੀ ਚੇਚਕ ਨਿਕਲੇਗੀ ਜਾਂ ਨਹੀਂ। ਕੁਝ ਦਿਨਾਂ ਬਾਅਦ ਉਨ੍ਹਾਂ ਨੇ ਵੱਡੀ ਚੇਚਕ ਦੇ ਰੋਗੀ ਦੇ ਦਾਣਿਆਂ 'ਚੋਂ ਪਾਣੀ ਕੱਢਿਆ ਤੇ ਉਸ ਲੜਕੇ ਦੀ ਬਾਂਹ ਵਿਚ ਚੜ੍ਹਾ ਦਿੱਤਾ, ਜਿਸ ਨੂੰ ਪਹਿਲਾਂ ਗਊ ਚੇਚਕ ਦਾ ਪਾਣੀ



ਪ੍ਰਿੰ. ਪ੍ਰੇਮਲਤਾ
98143-41746

ਚੜ੍ਹਾਇਆ ਸੀ। ਡਾ. ਜੈਨਰ ਬਹੁਤ ਦਿਨਾਂ ਤਕ ਵੇਖਦੇ ਰਹੇ ਕਿ ਉਸ ਲੜਕੇ ਨੂੰ ਵੱਡੀ ਚੇਚਕ ਹੁੰਦੀ ਹੈ ਜਾਂ ਨਹੀਂ। ਜਦੋਂ ਬਹੁਤ ਦਿਨ ਲੰਘ ਗਏ ਅਤੇ ਲੜਕੇ ਨੂੰ ਚੇਚਕ ਨਹੀਂ ਹੋਈ ਤਾਂ ਡਾ. ਜੈਨਰ ਦੀ ਖ਼ੁਸ਼ੀ ਦਾ ਟਿਕਾਣਾ ਨਾ ਰਿਹਾ। ਉਨ੍ਹਾਂ ਨੇ ਨਤੀਜਾ ਕੱਢਿਆ ਕਿ ਗਊ ਚੇਚਕ ਦਾ ਪਾਣੀ ਚੜ੍ਹਾਉਣ ਨਾਲ ਵੈਕਸੀਨੇਸ਼ਨ (ਅਗਾਊਂ ਟੀਕਾਕਰਨ) ਹੋ ਜਾਂਦੀ ਹੈ। ਫਿਰ ਡਾ. ਜੈਨਰ ਨੇ ਇਸ ਖੋਜ ਨੂੰ ਅੱਗੇ ਵਧਾਉਂਦੇ ਹੋਏ ਪਤਾ ਲਗਾਇਆ ਕਿ ਜੇ ਗਊ ਚੇਚਕ ਵਾਲੇ 14





ਦਿਨ ਪੁਰਾਣੇ ਰੋਗੀ ਦੇ ਦਾਣਿਆਂ 'ਚੋਂ ਕੱਢਿਆ ਪਾਣੀ ਬਿਲਕੁਲ ਤੰਦਰੁਸਤ ਬੱਚੇ ਨੂੰ ਚੜ੍ਹਾ ਦਿੱਤਾ ਜਾਵੇ ਤਾਂ ਉਸ ਨੂੰ ਗਊ ਚੇਚਕ ਵੀ ਨਹੀਂ ਹੁੰਦੀ ਤੇ ਚੇਚਕ ਤੋਂ ਵੀ ਬਚਾਅ ਰਹਿੰਦਾ ਹੈ। ਇਸ ਵਿਧੀ ਨੂੰ ਉਨ੍ਹਾਂ ਨੇ ਵੈਕਸੀਨੇਸ਼ਨ ਦਾ ਨਾਂ ਦਿੱਤਾ।

ਬਾਸੜੀਆਂ ਅਤੇ ਐਡਵਰਡ ਜੈਨਰ ਦੀ ਖੋਜ ਵਿਚ ਬੜਾ ਰੋਚਕ ਸਬੰਧ ਹੈ, ਇਸ ਲਈ ਬਾਸੜੀਆਂ ਮੇਲੇ ਦੀਆਂ ਸਾਰੀਆਂ ਰਸਮਾਂ ਨੂੰ ਜਾਣਨਾ ਹੋਵੇਗਾ। ਬਾਸੜੀਆਂ ਮੇਲਾ ਮਾਰਚ ਮਹੀਨੇ 'ਚ ਮਿੱਥੇ ਦਿਨਾਂ ਉੱਪਰ ਰਾਤ 12 ਵਜੇ ਤੋਂ ਬਾਅਦ ਜਦੋਂ ਨਵਾਂ ਦਿਨ ਚੜ੍ਹਦਾ ਹੈ, ਸ਼ੁਰੂ ਹੋ ਜਾਂਦਾ ਹੈ। ਇਹ ਮੇਲਾ ਸ਼ੀਤਲਾ ਮਾਤਾ ਨੂੰ ਸਮਰਪਿਤ ਹੁੰਦਾ ਹੈ। ਸ਼ੀਤਲਾ ਮਾਤਾ ਦਾ ਵਾਹਨ ਗਧਾ ਹੈ। ਸ਼ੀਤਲਾ ਮਾਤਾ ਨੂੰ ਚੇਚਕ ਤੋਂ ਬਚਣ ਲਈ ਪੂਜਿਆ ਜਾਂਦਾ ਹੈ। ਇਸ ਕਰਕੇ ਚੇਚਕ ਨੂੰ ਆਮ ਭਾਸ਼ਾ ਵਿਚ 'ਮਾਤਾ' ਵੀ ਕਿਹਾ ਜਾਂਦਾ ਹੈ।

ਸ਼ੀਤਲਾ ਮਾਤਾ ਦੇ ਛੋਟੇ-ਛੋਟੇ ਸਾਧਾਰਨ ਮੰਦਰ, ਜਿਨ੍ਹਾਂ ਵਿਚ ਕੋਈ ਕਾਰੀਗਰੀ ਨਹੀਂ ਹੁੰਦੀ, ਬਣੇ ਹੁੰਦੇ ਹਨ। ਮੰਦਰਾਂ ਦੇ ਇਰਦ-ਗਿਰਦ ਕੋਈ ਚਾਰਦੀਵਾਰੀ ਨਹੀਂ ਹੁੰਦੀ। ਮੇਲੇ ਵਾਲੀ ਥਾਂ ਇਨ੍ਹਾਂ ਮੰਦਰਾਂ ਦੇ ਇਰਦ-ਗਿਰਦ ਦੀ ਥਾਂ ਹੁੰਦੀ ਹੈ, ਜੋ ਪਿੰਡ ਅਤੇ ਸ਼ਹਿਰ ਤੋਂ ਬਾਹਰ ਹੁੰਦੀ ਹੈ। ਮੇਲੇ ਵਾਲੇ ਦਿਨ ਭੇਡਾਂ-ਬੱਕਰੀਆਂ ਵਾਲੇ ਆਪਣੇ ਪਸ਼ੂਆਂ ਨੂੰ ਮੇਲੇ ਵਾਲੀ ਥਾਂ ਲੈ ਕੇ ਜਾਂਦੇ ਹਨ। ਉਹ ਆਪਣੇ ਪਸ਼ੂਆਂ ਸਮੇਤ ਚੌਂਕੀ ਭਰਦੇ ਹਨ। ਭੇਡਾਂ ਵਾਲੇ ਆਪਣੇ ਪਸ਼ੂਆਂ ਨੂੰ ਇਸ ਵਿਸ਼ਵਾਸ ਨਾਲ ਲੈ ਕੇ ਜਾਂਦੇ ਹਨ ਕਿ ਉਨ੍ਹਾਂ ਨੂੰ ਚੇਚਕ ਤੋਂ ਬਚਾਇਆ ਜਾ ਸਕੇ। ਜਿਹੜੇ ਲੋਕਾਂ ਦੇ ਛੋਟੇ ਬੱਚੇ ਹੁੰਦੇ ਹਨ, ਉਹ ਬੱਚਿਆਂ ਨੂੰ ਲੈ ਕੇ ਮੇਲੇ 'ਚ ਚੌਂਕੀ ਭਰਦੇ ਹਨ।

ਛੋਟੇ ਬੱਚਿਆਂ ਨੂੰ ਭੇਡਾਂ ਦੇ ਝੁੰਡ ਦੇ ਦਰਮਿਆਨ ਰੱਖਿਆ ਜਾਂਦਾ ਹੈ। ਬੱਚਿਆਂ ਨੂੰ ਭੇਡਾਂ ਨਾਲ ਘਿਸਾਉਂਦੇ ਹਨ। ਮੇਲੇ 'ਚ ਇਕ ਖ਼ਾਸ ਰਸਮ ਹੁੰਦੀ ਹੈ-ਜਿਆ ਜੀ। ਜਿਸ ਵਿਚ ਬੱਚੇ ਦੇ ਸਰੀਰ ਨਾਲ ਕੋਈ ਜੀਵ (ਪਸ਼ੂ ਜਾਂ ਮੁਰਗਾ) ਛੁਹਾਇਆ ਜਾਂਦਾ ਹੈ। ਇਹ ਰਸਮ ਇਸ ਵਿਸ਼ਵਾਸ ਨਾਲ ਨਿਭਾਈ ਜਾਂਦੀ ਹੈ ਕਿ ਇਸ ਨਾਲ ਬੱਚਿਆਂ ਦਾ ਚੇਚਕ ਤੋਂ ਬਚਾਅ ਰਹੇਗਾ। ਗਊ ਚੇਚਕ ਦੇ ਵਿਸ਼ਾਣੂ ਛੂਆ-ਛੂਤ ਰਾਹੀਂ ਇਕ ਤੋਂ ਦੂਸਰੇ ਤਕ ਪਹੁੰਚਦੇ ਹਨ।

ਜਦੋਂ ਵੈਕਸੀਨੇਸ਼ਨ ਦੀ ਖੋਜ ਨਹੀਂ ਸੀ ਹੋਈ ਤਾਂ ਪ੍ਰਾਚੀਨ ਭਾਰਤ ਵਾਸੀ ਇਸ ਗੱਲ ਤੋਂ ਜਾਣੂ ਸਨ ਕਿ ਬੱਚਿਆਂ ਨੂੰ ਪਸ਼ੂਆਂ ਦੇ ਸੰਗ ਰੱਖਣ ਨਾਲ ਵੈਕਸੀਨੇਸ਼ਨ ਹੁੰਦੀ ਹੈ, ਜਿਸ ਨਾਲ ਚੇਚਕ ਦੇ ਪ੍ਰਕੋਪ ਤੋਂ ਬਚਿਆ ਜਾ ਸਕਦਾ ਹੈ। ਇਹ ਮੇਲੇ ਮਾਰਚ ਦੇ ਮਹੀਨੇ ਵਿਚ ਆਉਂਦੇ ਹਨ ਤੇ ਇਹ ਮਹੀਨਾ ਵਾਇਰਸ ਦੇ ਪੈਦਾ ਹੋਣ ਲਈ ਤਾਪਮਾਨ ਪੱਖੋਂ ਢੁਕਵਾਂ ਹੁੰਦਾ ਹੈ, ਇਸ ਲਈ ਕੁਦਰਤੀ ਵੈਕਸੀਨੇਸ਼ਨ ਆਸਾਮੀ ਨਾਲ ਹੋ ਜਾਂਦੀ ਹੈ। •

**ਅੰਗਰੇਜ਼ ਡਾਕਟਰ ਜੈਨਰ ਨੇ ਇਕ ਗਵਾਲਣ ਪਾਸੋਂ ਜਦ ਇਹ ਸੁਣਿਆ ਕਿ ਉਸ ਨੂੰ ਗਊ ਚੇਚਕ ਨਿਕਲ ਆਉਂਦੀ ਹੈ ਅਤੇ ਇਸ ਨਾਲ ਸਬੰਧਤ ਧਾਰਮਿਕ ਮਾਨਤਾ ਬਾਰੇ ਸੁਣਿਆ ਤਾਂ ਉਨ੍ਹਾਂ ਨੇ ਇਸ ਪਹਿਲੂ ਨੂੰ ਆਧਾਰ ਬਣਾ ਕੇ ਆਪਣੀ ਖੋਜ ਨੂੰ ਅੱਗੇ ਵਧਾਇਆ...**

### ਚਾਣਕਯ ਨੀਤੀ



ਅਚਾਰਿਆ ਚਾਣਕਯ ਭਾਰਤ ਦੇ ਅਮੀਰ ਇਤਿਹਾਸਕ ਵਿਰਸੇ ਦੀ ਇਕ ਮਹਾਨ ਸ਼ਖ਼ਸੀਅਤ, ਵਿਦਵਾਨ ਸਿਆਸਤਦਾਨ, ਕੂਟ ਨੀਤੀਵਾਨ, ਨਿਪੁੰਨ ਪ੍ਰਬੰਧਕ ਅਤੇ ਸਰਲ ਸਾਦਾ ਜੀਵਨ ਜਿਊਂਣ ਵਾਲੇ ਪੰਡਿਤ ਸਨ। ਉਨ੍ਹਾਂ ਦੀ ਜੀਵਨ ਕਾਲ 350-283 ਪੂਰਵ ਈਸਵੀ ਸੀ। ਉਨ੍ਹਾਂ ਦੁਆਰਾ ਰਚਿਤ 'ਚਾਣਕਯ ਨੀਤੀ' ਉਨ੍ਹਾਂ ਦੀ ਵਡਮੁੱਲੀਆਂ ਸਿੱਖਿਆਵਾਂ ਵਾਲੀ ਪੁਸਤਕ ਹੈ। ਚਾਣਕਯ ਨੀਤੀ ਵਿਚ 17 ਅਧਿਆਏ ਅਤੇ ਕੁੱਲ 333 ਸਲੋਕ ਹਨ। ਇਨ੍ਹਾਂ ਸਲੋਕਾਂ ਵਿਚ ਉਨ੍ਹਾਂ ਨੇ ਜ਼ਿੰਦਗੀ, ਘਰ, ਪਰਿਵਾਰ, ਸਮਾਜ ਤੇ ਸਮਾਜ ਲਈ ਉੱਚੀਆਂ-ਸੁੱਚੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਅਟੱਲ ਸੱਚਾਈਆਂ ਦੇ ਰੂਪ ਵਿਚ ਪੇਸ਼ ਕੀਤਾ ਹੈ।



ਡਾ. ਅਮਰ ਕੋਮਲ
84378-73565

*** ਸਲੋਕ (2.05)**

ਪਰੋਕਸ਼ੇ ਕਾਰ੍ਯ-ਹਨ੍ਤਾਰਮ੍ ਪ੍ਰਤ੍ਯਕਸ਼ੇ ਪ੍ਰਿਯਵਾਦਿਨਮ੍।
ਵਰ੍ਜਯੇਤੱਾਦ੍ਰਸ਼ਮ੍ ਮਿਤਰਮ੍ ਵਿਸ਼-ਕੰਭਮ੍ ਧਯੋ-ਮੁਖਮ੍॥

*** ਅਰਥ**

ਜੋ ਵਿਅਕਤੀ ਮੂੰਹ 'ਤੇ ਮਿੱਠੀਆਂ-ਮਿੱਠੀਆਂ ਚੋਪੜੀਆਂ ਗੱਲਾਂ ਕਰਦਾ ਹੋਵੇ ਅਤੇ ਪਿੱਠ ਪਿੱਛੇ ਕੰਮ ਵਿਗਾੜਦਾ ਹੋਵੇ। ਅਜਿਹੇ ਮਿੱਤਰ ਨੂੰ ਤਿਆਗ ਦੇਣਾ ਚਾਹੀਦਾ ਹੈ ਕਿਉਂਕਿ ਉਹ ਤਾਂ ਉਸ ਘੜੇ ਵਾਂਗ ਹੈ, ਜਿਸ ਦੇ ਮੂੰਹ ਉੱਪਰ ਤਾਂ ਦੁੱਧ ਲੱਗਾ ਹੋਇਆ ਹੋਵੇ ਪਰ ਉਸ ਦੇ ਅੰਦਰ ਜ਼ਹਿਰ ਭਰਿਆ ਹੋਵੇ। •

### ਵਿਆਖਿਆ

ਮੂੰਹ ਵਿਚ ਰਾਮ-ਰਾਮ, ਬਗਲ ਵਿਚ ਛੁਰੀ ਜਾਂ ਹਾਥੀ ਦੇ ਦੰਦ ਖਾਣ ਦੇ ਹੋਰ, ਵਿਖਾਉਣ ਦੇ ਹੋਰ ਮੁਤਾਬਕ, ਜੋ ਵਿਅਕਤੀ ਕਹਿੰਦੇ ਕੁਝ ਹਨ ਅਤੇ ਕਰਦੇ ਕੁਝ ਹੋਰ ਹਨ, ਉਹ ਸਦਾ ਧੋਖੇਬਾਜ਼, ਕਮੀਨੇ ਅਤੇ ਬੇਈਮਾਨ ਹੁੰਦੇ ਹਨ, ਉਹ ਉਸ ਘੜੇ ਵਰਗੇ ਹੁੰਦੇ ਹਨ, ਜਿਸ ਦੇ ਮੂੰਹ ਉੱਪਰ ਦੁੱਧ ਲੱਗਾ ਹੋਵੇ ਅਤੇ ਅੰਦਰ ਜ਼ਹਿਰ ਭਰਿਆ ਹੋਵੇ। ਬੋਲਾਂ ਵਿਚ ਮਿਠਾਸ ਅਤੇ ਮਨ ਵਿਚ ਜ਼ਹਿਰ ਪਾਲਣ ਵਾਲੇ ਅਜਿਹੇ ਮਿੱਤਰਾਂ ਤੋਂ ਦੂਰ ਰਹਿਣਾ ਹੀ ਚੰਗਾ ਹੁੰਦਾ ਹੈ।

# ਹਰਿਆਣਾ ਵਿੱਚ ਹਰ 10 ਕਿਲੋਮੀਟਰ 'ਤੇ ਹੋਵੇਗਾ ਮਾਡਲ ਸੰਸਕ੍ਰਿਤੀ ਸਕੂਲ : ਅਨੁਰਾਗ ਰਸਤੋਗੀ

**ਚੰਡੀਗੜ੍ਹ, 11 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਿਜੀ ਅਤੇ ਸਰਕਾਰੀ ਸਕੂਲਾਂ ਵਿੱਚ ਪੜਾਈ ਦੀ ਗੁਣਵੱਤਾ ਦੇ ਅੰਤਰ ਨੂੰ ਦੂਰ ਕਰਨ ਲਈ ਮਾਡਲ ਸੰਸਕ੍ਰਿਤੀ ਤੇ ਸਾਰਥਕ ਮਾਡਲ ਸਕੂਲਾਂ @ਤੇ ਧਿਆਨ ਕੇਂਦ੍ਰਿਤ ਕੀਤਾ ਹੈ। ਇਸੀ ਲੜੀ ਵਿੱਚ ਸਰਕਾਰ ਦੀ ਯੋਜਨਾ 25 ਹੋਰ ਨਵੇਂ ਮਾਡਲ ਸੰਸਕ੍ਰਿਤੀ ਸਕੂਲ ਖੋਲਣ ਦੀ ਹੈ। ਸੂਬਾ ਸਰਕਾਰ ਸੂਬੇ ਵਿੱਚ ਹਰ 10 ਕਿਲੋਮੀਟਰ @ਤੇ ਇੱਕ ਮਾਡਲ ਸੰਸਕ੍ਰਿਤੀ ਸਕੂਲ ਖੋਲਣ ਲਈ ਯਤਨਸ਼ੀਲ ਹੈ।

ਮੁੱਖ ਸਕੱਤਰ ਨੇ ਇਹ ਗੱਲ ਜਿਲ੍ਹਾਂ ਪੰਚਕੂਲਾ ਦੇ ਬਰਵਾਲਾ ਬਲਾਕ ਦੇ ਪਿੰਡ ਬਤੌੜ ਵਿੱਚ ਪੀਐਮ ਸ਼੍ਰੀ ਸਰਕਾਰੀ ਮਾਡਲ ਸੰਸਕ੍ਰਿਤੀ ਸੀਨੀਅਰ ਸੈਕੇਂਡਰੀ ਸਕੂਲ ਵਿੱਚ 12ਵੀਂ ਦੇ ਵਿਦਿਆਰਥੀਆਂ ਦੇ ਨਾਲ ਆਪਸੀ ਸੰਵਾਦ ਪ੍ਰੋਗ੍ਰਾਮ ਵਿੱਚ ਬਤੌਰ ਮੁੱਖ ਮਹਿਮਾਨ ਬੋਲਦੇ ਹੋਏ ਕਹੀ। ਉਨ੍ਹਾਂ ਨੇ ਇਸ ਮੌਕੇ @ਤੇ ਨਵਾਚਾਰ ਸਬੰਧੀ ਗਤੀਵਿਧੀਆਂ ਨੂੰ ਪ੍ਰੋਤਸਾਹਨ ਦੇਣ ਦੇ ਉਦੇਸ਼ ਨਾਲ ਪੀਐਮ ਸ਼੍ਰੀ ਸਰਕਾਰੀ ਮਾਡਲ ਸੰਸਕ੍ਰਿਤੀ ਸੀਨੀਅਰ ਸੈਕੇਂਡਰੀ ਸਕੂਲ, ਬਤੌੜ ਨੂੰ ਆਪਣੇ ਤਨਖਾਹ ਤੋਂ 51 ਹਜਾਰ ਰੁਪਏ ਦੇਣ ਦਾ ਵੀ ਐਲਾਨ ਕੀਤਾ।

ਸ੍ਰੀ ਰਸਤੋਗੀ ਨੇ ਕਿਹਾ ਕਿ ਇੰਨ੍ਹਾਂ ਸਕੂਲਾਂ ਦੇ ਪਿੱਛੇ ਸਰਕਾਰ ਦਾ ਉਦੇਸ਼ ਘੱਟ ਪੈਸਿਆਂ ਵਿੱਚ ਗ੍ਰਾਮੀਣ ਤੇ ਸ਼ਹਿਰੀ ਆਂਚਲ ਦੇ ਵਿਦਿਆਰਥੀਆਂ ਨੂੰ ਨਿਜੀ ਸਕੂਲਾਂ ਤੋਂ ਵੀ ਬਿਹਤਰ ਸਿਖਿਆ ਪ੍ਰਦਾਨ ਕਰਨਾ ਹੈ।

ਉਨ੍ਹਾਂ ਨੇ ਕਿਹਾ ਕਿ ਕਈ ਵਾਰ ਕਮਜੋਰ ਆਰਥਕ ਸਥਿਤੀ ਦੇ ਕਾਰਨ ਬੱਚੇ ਨਿਜੀ ਸਕੂਲਾਂ ਵਿੱਚ ਪੜ੍ਹ ਨਹੀਂ ਪਾਉਂਦੇ ਅਤੇ ਉਨ੍ਹਾਂ ਦੀ ਪ੍ਰਤਿਭਾ ਦਬੀ ਰਹਿ ਜਾਂਦੀ ਹੈ। ਸਰਕਾਰ ਨੇ ਉਸ ਪ੍ਰਤਿਭਾ ਨੂੰ ਨਿਖਾਰਣ ਲਈ ਹੋਰ ਬੱਚਿਆਂ ਨੂੰ ਸਿਖਿਆ ਦਾ ਚੰਗਾ ਪਲੇਟਫਾਰਮ ਦੇਣ ਲਈ ਮਾਡਲ ਸੰਸਕ੍ਰਿਤੀ ਤੇ ਸਾਰਥਕ ਮਾਡਲ ਸਕੂਲਾਂ ਦਾ ਨਿਰਮਾਣ ਕੀਤਾ ਹੈ ਤਾਂ ਜੋ ਬੱਚੇ ਪ੍ਰਾਈਵੇਟ ਸਕੂਲਾਂ ਦੀ ਥਾਂ ਸਰਕਾਰੀ ਸਕੂਲਾਂ ਵਿੱਚ ਆ ਕੇ ਆਪਣਾ ਭਵਿੱਖ ਬਣਾ ਸਕਣ।

ਮੁੱਖ ਸਕੱਤਰ ਨੇ ਜਿਲ੍ਹੇ ਦੇ ਵੱਖ-ਵੱਖ ਸਰਕਾਰੀ ਸਕੂਲਾਂ ਤੋਂ ਆਏ ਵਿਦਿਆਰਥੀਆਂ ਨਾਲ ਸੰਵਾਦ ਕੀਤਾ ਅਤੇ ਬੇਹੱਦ ਸਰਲ ਢੰਗ ਨਾਲ



ਵਿਦਿਆਰਥੀਆਂ ਵੱਲੋਂ ਪੁੱਛੇ ਗਏ ਸੁਆਲਾਂ ਦੇ ਜਵਾਬ ਦਿੱਤੇ। ਉਨ੍ਹਾਂ ਨੇ ਦਸਿਆ ਕਿ ਉਹ ਖੁਦ ਵੀ ਸਰਕਾਰੀ ਸਕੂਲ ਤੋਂ ਪੜ੍ਹ ਕੇ ਆਈਏਐਸ ਬਣੇ ਹਨ ਅਤੇ ਅੱਜ ਮੁੱਖ ਸਕੱਤਰ ਦੇ ਅਹੁਦੇ ਤੱਕ ਪਹੁੰਚੇ ਪਾਏ ਹਨ। ਉਨ੍ਹਾਂ ਨੇ ਸ਼ਿਵਾਨੀ ਵੱਲੋਂ ਪੁੱਛੇ ਗਏ ਸੁਆਲ, ਆਈਏਐਸ ਬਨਣ ਦੇ ਲਈ ਕੀ ਤਿਆਰੀ ਕਰਨ, ਦੇ ਜਵਾਬ ਵਿੱਚ ਕਿਹਾ ਕਿ ਪਰਿਵਾਰ ਤੇ ਅਧਿਆਪਕਾਂ ਦੀ ਪ੍ਰੇਰਣਾ, ਆਤਮਵਿਸ਼ਵਾਸ ਅਤੇ ਇਕਾਗਰਤਾ ਨਾਲ ਪੜਾਈ ਕਰ ਕੇ ਵਿਦਿਆਰਥੀ ਕਿਸੇ ਵੀ ਟੀਚੇ ਨੂੰ ਪ੍ਰਾਪਤ ਕਰ ਸਕਦਾ ਹੈ।

ਸ੍ਰੀ ਰਸਤੋਗੀ ਨੇ ਸਕੂਲਾਂ ਦੇ ਪ੍ਰਿੰਸੀਪਲਾਂ ਤੇ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਬੱਚਿਆਂ ਨੂੰ ਆਪਣੇ ਦਫਤਰ ਵਿੱਚ ਬੁਲਾ ਕੇ ਉਨ੍ਹਾਂ ਨਾਲ ਗਲਬਾਤ ਕਰਨ ਅਤੇ ਪ੍ਰੇਰਿਤ ਕਰਨ ਤਾਂ ਜੋ ਉਨ੍ਹਾਂ ਵਿੱਚ ਆਤਮਵਿਸ਼ਵਾਸ ਵਧੇ ਅਤੇ ਉਹ ਬਿਨ੍ਹਾ ਹਿਚਕਚਾਹਟ ਦੇ ਆਪਣੇ ਮਨ ਦੀ ਗੱਲ ਅਧਿਆਪਕਾਂ ਨਾਲ ਸਾਂਝਾ ਕਰ ਸਕਣ।

ਵਿਦਿਆਰਥੀਆਂ ਨੇ ਮੁੱਖ ਸਕੱਤਰ ਨੂੰ ਦਸਿਆ ਕਿ ਬਤੌੜ ਤੋਂ ਸ਼ਿਆਮੜੂ ਦੀ ਬੱਸ ਸਰਵਿਸ ਨੇ ਹੋਣ ਨਾਲ ਉਨ੍ਹਾਂ ਨੂੰ ਆਉਣ ਜਾਣ ਵਿੱਚ ਪਰੇਸ਼ਾਨੀ ਹੁੰਦੀ ਹੈ। ਇਸ @ਤੇ ਸ੍ਰੀ ਰਸਤੋਗੀ ਨੇ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਬੱਸ ਸਹੂਲਤ ਉਪਲਬਧ ਕਰਵਾਉਣ ਦਾ ਭਰੋਸਾ ਦਿੱਤਾ।

ਜਿਲ੍ਹਾ ਸਿਖਿਆ ਅਧਿਕਾਰੀ ਸ੍ਰੀ ਸਤਪਾਲ ਕੌਸ਼ਿਕ ਨੇ ਦਸਿਆ ਕਿ ਸੈਸ਼ਨ 2024-25 ਵਿੱਚ ਦੱਸਵੀਂ ਦੇ ਨਤੀਜਿਆਂ ਵਿੱਚ ਪੰਚਕੂਲਾ ਜਿਲ੍ਹਾ ਹਰਿਆਣਾ ਵਿੱਚ ਪਹਿਲਾ ਰਿਹਾ। ਇਸ ਤੋਂ ਇਲਾਵਾ, ਜਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ 2024-25 ਵਿੱਚ ਦਾਖਲਿਆਂ ਵਿੱਚ 66 ਹਜਾਰ 188 ਦਾ ਵਾਧਾ ਹੋਇਆ। ਜਿਲ੍ਹਾ ਪੰਚਕੂਲਾ ਇਸ ਮਾਮਲੇ ਵਿੱਚ ਸੂਬੇ ਵਿੱਚ ਦੂਜੇ ਸਥਾਨ @ਤੇ ਰਿਹਾ।

ਇਸ ਮੌਕੇ @ਤੇ ਅੱਠਵੀ ਕਲਾਸ ਦੀ ਵਿਦਿਆਰਥਣ ਦਿਵਾਂਸ਼ੂ ਨੇ ਦੇਸ਼ਭਗਤੀ ਦੀ ਕਵਿਤਾ ਸੁਣਾ ਕੇ ਮੌਜੂਦ ਲੋਕਾਂ ਨੂੰ ਮੰਤਰ ਮੁਗਤ ਕਰ ਦਿੱਤਾ।

ਇਸ ਮੌਕੇ @ਤੇ ਵਧੀਕ ਡਿਪਟੀ ਕਮਿਸ਼ਨਰ ਨਿਸ਼ਾ ਯਾਦਵ, ਸਿਖਿਆ ਵਿਭਾਗ ਦੇ ਸੀਨੀਅਰ ਅਧਿਕਾਰੀ, ਪੀਐਮ ਸ਼੍ਰੀ ਸਰਕਾਰੀ ਮਾਡਲ ਸੰਸਕ੍ਰਿਤੀ ਸੀਨੀਅਰ ਸੈਕੇਂਡਰੀ ਸਕੂਲ ਦੇ ਪ੍ਰਿੰਸੀਪਲ ਜਿਤੇਂਦਰ ਸ਼ਰਮਾ, ਬਰਵਾਲਾ ਦੇ ਸਰਪੰਚ ਓਮ ਸਿੰਘ ਰਾਣਾ ਸਮੇਤ ਬਰਵਾਲਾ ਬਲਾਕ ਦੇ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ ਵੀ ਮੌਜੂਦ ਸਨ।

# ਐਮਡੀਯੂ ਵਿੱਚ ਏਨੀਮਿਆ ਮੁਕਤ ਪੋਸ਼ਨ ਮੁਕਤ ਕੈਂਪਸ ਮੁਹਿੰਮ ਸ਼ੁਰੂ

**ਚੰਡੀਗੜ੍ਹ, 11 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਸਿਹਤ ਦਿਵਸ ਮੌਕੇ ਵਿੱਚ ਏਨੀਮਿਆ ਦੇ ਪ੍ਰਤੀ ਜਾਗਰੂਕਤਾ ਫੈਲਾਉਣ ਅਤੇ ਇਸ ਦੇ ਪ੍ਰਭਾਵੀ ਇਲਾਜ ਨੂੰ ਪ੍ਰੋਤਸਾਹਨ ਦੇਣ ਦੇ ਉਦੇਸ਼ ਨਾਲ ਅੱਜ ਮਹਾਰਿਸ਼ੀ ਦਇਆਨੰਦ ਯੂਨੀਵਰਸਿਟੀ ਰੋਹਤਕ ਵਿੱਚ ਏਨੀਮਿਆ ਮੁਕਤ ਪੋਸ਼ਨ ਯੁਕਤ ਕੈਂਪਸ ਮੁਹਿੰਮ ਦੀ ਸ਼ੁਰੂਆਤ ਹੋਈ। ਏਨੀਮਿਆ ਖਾਤਮੇ ਨੂੰ ਸਰਪਿਤ ਨੂੰ ਸਮਰਪਿਤ ਇਸ ਮੁਹਿੰਮ ਵਿੱਚ ਮਹਾਰਿਸ਼ੀ ਦਇਆਨੰਦ ਯੂਨੀਵਰਸਿਟੀ ਦੇ ਨਾਲ ਸਿਹਤ ਵਿਭਾਗ, ਪੰਡਿਤ ਭਗਵਤ ਦਿਆਲ ਸ਼ਰਮਾ ਸਿਹਤ ਵਿਗਿਆਨ ਯੂਨੀਵਰਸਿਟੀ ਅਤੇ ਇੰਡੀਅਨ ਮੈਡੀਕਲ ਏਸੋਸਇਏਸ਼ਨ ਨੇ ਇੱਕਜੁੱਟ ਹੋ ਕੇ ਸਮਾਜ ਤੋਂ ਏਨੀਮਿਆ ਨੂੰ ਮੁਕਤ ਕਰਨ ਦੀ ਪ੍ਰਤੀਬੱਧਤਾ ਵਿਅਕਤ ਕੀਤੀ।

ਐਮਡੀਯੂ ਦੇ ਇੰਸਟੀਟਿਊਟ ਆਫ ਪਬਲਿਕ ਹੈਲਥ ਸਾਇੰਸੇਜ ਅਤੇ ਵਿਦਿਆਰਥੀ ਭਲਾਈ ਵਿਭਾਗ ਦੇ ਸੰਯੁਕਤ ਤੱਤਵਾਧਾਨ ਵਿੱਚ ਪ੍ਰਬੰਧਿਤ ਇਸ ਦੋ ਦਿਨ ਦੇ ਪ੍ਰੋਗਰਾਮ ਵਿੱਚ ਡਾਕਟਰਾਂ ਦੀ 17 ਟੀਮਾਂ ਯੂਨੀਵਰਸਿਟੀ ਦੀ ਲਗਭਗ 7500 ਕੁੜੀਆਂ, ਮਹਿਲਾ ਅਧਿਆਪਕਾਂ, ਮਹਿਲਾ ਕਰਮਚਾਰੀਆਂ ਤੇ ਕੈਂਪਸ ਵਿੱਚ ਰਹਿਣ ਵਾਲੇ ਮਹਿਲਾ ਕਮਿਊਨਿਟੀ ਦੇ ਖੂਨ ਦੀ ਜਾਂਚ ਕਰੇਗੀ। ਯੂਨੀਵਰਸਿਟੀ ਦੇ ਗਲਰਸ ਹੋਸਟਲ ਦੇ ਬਾਅਦ ਰਾਧਾਕ੍ਰਿਸ਼ਣਨ ਓਡੀਟੋਰਿਅਮ ਵਿੱਚ ਏਨੀਮਿਆ ਮੁਕਤ ਪੋਸ਼ਨ ਯੁਕਤ ਕੈਂਪਸ ਮੁਹਿੰਮ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ।

ਭਾਰਤੀ ਪੁਨਰਵਾਸ ਪਰਿਸ਼ਦ ਦੀ ਚੇਅਰਪਰਸਨ ਡਾ. ਸ਼ਰਣਜੀਤ ਕੌਰ ਅਤੇ ਪੰਡਿਤ ਭਗਵਤ ਦਿਆਲ ਸ਼ਰਮਾ ਸਿਹਤ ਵਿਗਿਆਨ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਪ੍ਰੋਫੈਸਰ ਐਚ ਕੇ ਅਗਰਵਾਲ ਨੇ ਕੰਨਿਆ ਹੋਸਟਲ ਪਰਿਸਰ ਵਿੱਚ ਭਾਗੀਰਥੀ ਗਰਲਸ ਹੋਸਟਲ ਵਿੱਚ-ਏਨੀਮਿਆ ਮੁਕਤ ਪੋਸ਼ਨ ਯੁਕਤ ਕੈਂਪਸ ਮੁਹਿੰਮ ਦਾ ਉਦਘਾਟਨ ਕੀਤਾ। ਮਹਾਰਿਸ਼ੀ ਦਇਆਨੰਦ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਪ੍ਰੋਫੈਸਰ ਰਾਜਬੀਰ ਸਿੰਘ ਨੇ ਇਸ ਪ੍ਰੋਗਰਾਮ ਦੀ ਅਗਵਾਈ ਕੀਤੀ ਅਤੇ ਸੀਐਮਓ ਡਾ. ਰਮੇਸ਼ ਚੰਦਰ ਆਰਿਆ ਤੇ ਆਈਐਮਏ ਪ੍ਰੈਸੀਡੈਂਟ ਡਾ. ਆਰਤੀ ਸਾਹੂ ਨੇ ਬਤੌਰ ਵਿਸ਼ੇਸ਼ ਮਹਿਮਾਨ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ।

ਮੁੱਖ ਮਹਿਮਾਨ ਡਾ. ਸ਼ਰਣਜੀਤ ਕੌਰ ਨੇ ਕਿਹਾ ਕਿ ਸਿਹਤਮੰਦ ਭਵਿੱਖ, ਸਿਹਤਮੰਦ ਸਮਾਜ ਅਤੇ ਸਿਹਤਮੰਦ ਰਾਸ਼ਟਰ ਦ ਨਿਰਮਾਣ ਲਈ ਸਿਹਤ ਬਾਰੇ ਜਾਗਰੂਕ ਹੋਣਾ ਜਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਏਨੀਮਿਆ ਤੋਂ ਕੁਤੀ ਲਈ ਪ੍ਰਭਾਵਿਤ ਲੋਕਾਂ ਨੂੰ ਸਹੀ ਜਾਣਕਾਰੀ ਅਤੇ ਉਪਚਾਰ ਉਪਲਬਧ ਕਰਾਉਣਾ ਜਰੂਰੀ ਹੈ।

ਪੰਡਿਤ ਭਗਵਤ ਦਿਆਲ ਸ਼ਰਮਾ ਸਿਹਤ ਵਿਗਿਆਨ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਪ੍ਰੋਫੈਸਰ ਐਚ ਕੇ ਅਗਰਵਾਲ ਨੇ ਕਿਹਾ ਕਿ ਐਮਡੀਯੂ ਨੇ ਏਨੀਮਿਆ ਮੁਕਤ ਪੋਸ਼ਨ ਯੁਕਤ ਕੈਂਪਸ ਮੁਹਿੰਮ ਜਰਇਏ ਸਮਾਜਿਕ ਚੇਤਨਾ ਅਤੇ ਸਿਹਤ ਦਾ ਵੱਡਾ ਬੀੜਾ ਚੁੱਕਿਆ ਹੈ।

ਐਮਡੀਯੂ ਵਾਇਸ ਚਾਂਸਲਰ ਪ੍ਰੋਫੈਸਰ ਰਾਜਬੀਰ ਸਿੰਘ ਨੇ ਕਿਹਾ ਕਿ ਉੱਤਮ ਸਿਹਤ ਹੀ ਸਿਹਤਮੰਦ ਸਮਾਜ ਅਤੇ ਰਾਸ਼ਟਰ ਦਾ ਆਧਾਰ ਹੈ। ਉਨ੍ਹਾਂ ਨੇ ਕਿਹਾ ਕਿ ਐਮਡੀਯੂ ਦਾ ਏਨੀਮਿਆ ਮੁਕਤ ਪੋਸ਼ਨ ਮੁਕਤ ਕੈਂਪਸ ਮੁਹਿੰਮ ਵਿੱਚ ਪਹਿਲੇ ਪੜਾਅ ਵਿੱਚ ਐਮਡੀਯੂ ਕੰਮਿਊਨਿਟੀ ਨੂੰ ਜੋੜਿਆ ਜਾਵੇਗਾ।

# ਪ੍ਰਧਾਨ ਮੰਤਰੀ 14 ਅਪ੍ਰੈਲ ਨੂੰ ਹਰਿਆਣਾ ਨੂੰ ਦੇਣਗੇ ਵੱਡੀ ਸੌਗਾਤ - ਸ਼ਿਆਮ ਸਿੰਘ ਰਾਣਾ

**ਚੰਡੀਗੜ੍ਹ, 11 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਡਾ. ਭੀਮਰਾਓ ਅੰਬੇਡਕਰ ਜਿਅੰਤੀ ਦੇ ਮੌਕੇ @ਤੇ 14 ਅਪ੍ਰੈਲ ਨੂੰ ਹਰਿਆਣਾ ਦੀ ਜਨਤਾ ਨੂੰ ਵੱਡੀ ਸੌਗਾਤ ਦੇਣਗੇ।

ਇਸ ਦਿਨ ਪ੍ਰਧਾਨ ਮੰਤਰੀ ਯਮੁਨਾਨਗਰ ਵਿੱਚ 800 ਮੈਗਾਵਾਟ ਸਮਰਥਾ ਵਾਲੇ ਥਰਮਲ ਯੂਨਿਟ ਦਾ ਨੀਂਹ ਪਥੱਰ ਅਤੇ ਹਿਸਾਰ ਵਿੱਚ ਏਅਰਪੋਰਟ ਦਾ ਉਦਘਾਟਨ ਅਤੇ ਨਵੇਂ ਟਰਮਿਨਲ ਦਾ ਨੀਂਹ ਪਥੱਰ ਕਰਣਗੇ। ਇਹ ਹਰਿਆਣਾ ਲਈ ਮਾਣ ਦਾ ਪਲ ਹੋਵੇਗਾ। ਯਮੁਨਾਨਗਰ ਵਿੱਚ ਸ਼ੁਰੂ ਹੋਣ ਵਾਲੀ ਥਰਮਲ ਯੂਨਿਟ ਦਾ ਨਿਰਮਾਣ ਭਾਰਤ ਹੈਵੀ ਇਲੈਕਟ੍ਰੀਕਲ ਲਿਮਿਟੇਡ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਅਜਿਹੀ ਪਰਿਯੋਜਨਾਵਾਂ ਸੂਬੇ ਦੇ ਵਿਕਾਸ ਵਿੱਚ ਮੀਲ ਦਾ ਪੱਥਰ ਸਾਬਤ ਹੋਵੇਗੀ।

ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਇਨ੍ਹਾਂ ਪਰਿਯੋਜਨਾਵਾਂ ਦੇ ਨੀਂਹ ਪੱਥਰ ਅਤੇ ਉਦਘਾਟਨ ਦੇ ਮੌਕੇ @ਤੇ ਯਮੁਨਾਨਗਰ ਅਤੇ ਹਿਸਾਰ ਵਿੱਚ ਪ੍ਰਬੰਧਤ ਹੋਣ ਵਾਲੀ ਮਹਾਰੈਲੀਆਂ ਵਿੱਚ ਲੱਖਾਂ ਲੋਗ ਸ਼ਾਮਲ ਹੋਣਗੇ। ਉਨ੍ਹਾਂ ਨੇ ਦੱਸਿਆ ਕਿ 12 ਜ਼ਿਲ੍ਹਾਂ ਤੋਂ ਅਤੇ ਹਿਸਾਰ ਵਿੱਚ 15 ਜ਼ਿਲ੍ਹਾਂ ਤੋਂ ਜਨਤਾ ਪਹੁੰਚੇਗੀ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਇਹ ਦੌਰਾ ਹਰਿਆਣਾ ਦੇ ਵਿਕਾਸ ਲਈ ਏਤਿਹਾਸਿਕ ਹੋਵੇਗਾ। ਰਾਦੌਰ ਵਿਧਾਨਸਭਾ ਖੇਤਰ ਤੋਂ ਵੀ ਹਜ਼ਾਰਾਂ ਲੋਕ ਮੋਦੀ ਜੀ ਨੂੰ ਸੁਣਨ ਲਈ ਪਹੁੰਚਣਗੇ।

ਸ੍ਰੀ ਸ਼ਿਆਮ ਸਿੰਘ ਰਾਣਾ ਨੇ ਇਹ ਵੀ ਕਿਹਾ ਕਿ ਹਰਿਆਣਾ ਵਿੱਚ ਸਰੋਂ ਅਤੇ ਕਣਕ ਦੀ ਫਸਲ ਐਮਐਸਪੀ @ਤੇ ਖਰੀਦੀ ਜਾ ਰਹੀ ਹੈ। ਇਸ ਬਾਰ ਫਸਲ ਦੀ ਰਕਮ ਸੀਧੇ ਕਿਸਾਨਾਂ ਦੇ ਖਾਤੇ ਵਿੱਚ ਜਮਾ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਨਕਲੀ ਬੀਜ ਅਤੇ ਦਵਾਈਆਂ @ਤੇ ਰੋਕ ਲਗਾਉਣ ਲਈ ਸਖ਼ਤ ਕਾਨੂੰਨ ਬਣਾਏ ਗਏ ਹਨ, ਜਿਸ ਨਾਲ ਕਿਸਾਨਾਂ ਦੀ ਆਮਦਣ ਵਧੇਗੀ। ਮੰਡੀਆਂ ਵਿੱਚ ਖਰੀਦ ਕੇਂਦਰਾਂ @ਤੇ ਵਿਆਪਕ ਇੰਤਜਾਮ ਕੀਤੇ ਗਏ ਹਨ ਤਾਂ ਜੋ ਕਿਸਾਨਾਂ ਨੂੰ ਕਿਸੇ ਮੁਸ਼ਕਲ ਦਾ ਸਾਮਨਾ ਨਾ ਕਰਨਾ ਪੜੇ ਅਤੇ ਫ਼ਸਲ ਦਾ ਇੱਕ ਇੱਕ ਦਾਣਾ ਖਰੀਦਾ ਜਾਵੇ।

# ਨਸ਼ੇ ਦੇ ਖਿਲਾਫ ਸੱਭ ਨੂੰ ਮਿਲ ਕੇ ਲੜਨੀ ਹੋਵੇਗੀ ਲੜਾਈ

**ਚੰਡੀਗੜ੍ਹ, 11 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਵੱਲੋਂ ਨੌਜੁਆਨਾਂ ਨੂੰ ਨਸ਼ੇ ਤੋਂ ਦੂਰ ਰਹਿਣ ਲਈ ਚਲਾਇਆ ਗਿਆ ਸਾਈਕਲੋਥਾਨ ਪ੍ਰੋਗਰਾਮ ਵਿੱਚ ਲੋਕ ਵੱਧ-ਚੜ੍ਹ ਕੇ ਹਿੱਸਾ ਲੈ ਰਹੇ ਹਨ ਅਤੇ ਇਹ ਪ੍ਰੋਗਰਾਮ ਇੱਕ ਮੁਹਿੰਮ ਦਾ ਰੂਪ ਲੈ ਚੁੱਕੀ ਹੈ। ਨੌਜੁਆਨ, ਬਜੁਰਗ, ਮਹਿਲਾਵਾਂ ਸਾਰੇ ਨਸ਼ੇ ਦੇ ਖਿਲਾਫ ਲੜਾਈ ਲੜ੍ਹ ਰਹੇ ਹਨ।

ਇੱਕ ਸਰਕਾਰੀ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਇਸੀ ਸੋਚ ਦੇ ਨਾਲ ਸੂਬਾ ਸਰਕਾਰ ਨਸ਼ੇ ਦੇ ਖਿਲਾਫ ਕੰਮ ਕਰ ਰਹੀ ਹੈ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਡਰੱਗ ਫਰੀ ਹਰਿਆਣਾ ਸਾਈਕਲੋਥਾਨ ਦੇ ਦੂਜੇ ਏਡੀਸ਼ਨ ਨੂੰ ਚਲਾਈ ਜਾ ਰਹੀ ਹੈ।

ਜਿਲ੍ਹਾ ਚਰਖੀ ਦਾਦਰੀ ਵਿੱਚ ਦੋ ਦਿਨਾਂ ਤੱਕ ਜਾਗਰੂਕਤਾ ਮੁਹਿੰਮ ਚਲਾਉਣ ਦੇ ਬਾਅਦ ਸਾਈਕਲੋਥਾਨ ਯਾਤਰਾ ਸੋਮਵਾਰ ਨੂੰ ਚਿੜਿਆ ਪਿੰਡ ਦੇ ਰਸਤੇ ਮਹੇਂਦਰਗੜ੍ਹ ਜਿਲ੍ਹਾ ਵਿੱਚ ਦਾਖਲ ਕਰ ਗਈ।

ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਦਾ ਇਸ ਯਾਤਰਾ ਰਾਹੀਂ ਬਹੁਤ ਵੱਡਾ ਉਦੇਸ਼ ਹੈ ਅਤੇ ਇਹ ਉਦੇਸ਼ ਸਾਰਥਕ ਹੋਣਾ ਜਰੂਰੀ ਹੈ।

ਤਾਂਹੀ ਹਰਿਆਣਾ ਸੂਬੇ ਦੇ ਨੌਜੁਆਨਾਂ ਨੂੰ ਨਸ਼ਾ ਤੋਂ ਬਾਹਰ ਕੱਢਿਆ ਜਾ ਸਕਦਾ ਹੈ। ਯਾਤਰਾ ਰਾਹੀਂ ਹਰਿਆਣਾ ਨੂੰ ਡਰੱਗ ਫਰੀ ਬਨਾਉਣ ਲਈ ਨੌਜੁਆਨਾਂ ਦੇ ਨਾਲ-ਨਾਲ ਹਰ ਨਿਾਗਰਿਕ ਨੂੰ ਜਾਗਰੂਕ ਕਰਨਾ ਹੋਵੇਗਾ।

# ਗਿਰੋਹ ਦੇ 9 ਮੈਂਬਰ ਕੀਤੇ ਗ੍ਰਿਫਤਾਰ: ਡੀਆਈਜੀ ਮਨਦੀਪ ਸਿੱਧੂ



**ਬਰਨਾਲਾ, 11 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਸ੍ਰ. ਮਨਦੀਪ ਸਿੰਘ ਸਿੱਧੂ IPS DIG ਪਟਿਆਲਾ ਰੇਂਜ, ਪਟਿਆਲਾ ਜੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ੍ਰੀ ਮੁਹੰਮਦ ਸਰਫਰਾਜ਼ ਆਲਮ IPS, SSP ਬਰਨਾਲਾ ਜੀ ਦੀ ਯੋਗ ਅਗਵਾਈ ਹੇਠ ਬਰਨਾਲਾ ਪੁਲਿਸ ਦੀ ਟੀਮ ਸ੍ਰੀ ਸਨਦੀਪ ਸਿੰਘ ਮੰਡ PPS ਕਪਤਾਨ ਪੁਲਿਸ (ਇੰਨ.) ਬਰਨਾਲਾ, ਸ੍ਰੀ ਸਤਵੀਰ ਸਿੰਘ PPS ਉਪ ਕਪਤਾਨ ਪੁਲਿਸ, ਸਬ ਡਵੀਜ਼ਨ ਬਰਨਾਲਾ, ਇੰਸਪੈਕਟਰ ਬਲਜੀਤ ਸਿੰਘ ਇੰਚਾਰਜ ਸੀ.ਆਈ.ਏ. ਸਟਾਫ਼ ਬਰਨਾਲਾ, ਇੰਸਪੈਕਟਰ ਲਖਵਿੰਦਰ ਸਿੰਘ ਮੁੱਖ ਅਫ਼ਸਰ ਥਾਣਾ ਸਿਟੀ ਬਰਨਾਲਾ ਅਤੇ ASI ਚਰਨਜੀਤ ਸਿੰਘ ਇੰਚਾਰਜ ਚੌਂਕੀ ਬੱਸ ਸਟੈਂਡ ਬਰਨਾਲਾ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਮਿਤੀ 04-04-2025 ਨੂੰ ਅਗਵਾ ਹੋਏ ਵੀਨਾ ਦੇਵੀ ਪਤਨੀ ਧਰਵਿੰਦਰ ਕੁਮਾਰ ਵਾਸੀ ਮਾਲਦਾ ਬਿੰਦਰੀਆ ਜ਼ਿਲ੍ਹਾ ਸੇਖਪੁਰਾ (ਬਿਹਾਰ) ਹਾਲ ਅਬਾਦ ਝੁੱਗੀਆ ਅਨਾਜ ਮੰਡੀ ਬਰਨਾਲਾ ਦੇ 02 ਸਾਲਾ ਲੜਕੇ ਅਕਸ਼ੈ ਕੁਮਾਰ (ਕਾਲਪਨਿਕ ਨਾਮ) ਨੂੰ ਅਗਵਾ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕਰਕੇ ਅਕਸ਼ੈ ਕੁਮਾਰ ਨੂੰ ਸਹੀ ਸਲਾਮਤ ਬ੍ਰਾਮਦ ਕੀਤਾ ਗਿਆ ਅਤੇ ਗਿਰੋਹ ਦੇ 09 ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਗਿਆ।

ਉਕਤ ਘਟਨਾ ਸਬੰਧੀ ਮੁਕੱਦਮਾ 121 ਮਿਤੀ 04-04-2025 ਅ/ਧ 140 (3), 111(2) (99) BNS ਥਾਣਾ ਸਿਟੀ ਬਰਨਾਲਾ ਦਰਜ ਰਜਿਸਟਰ ਕਰਕੇ ਸ੍ਰੀ ਸਤਵੀਰ ਸਿੰਘ PPS ਉਪ ਕਪਤਾਨ ਪੁਲਿਸ (ਸ.ਬ.) ਬਰਨਾਲਾ ਦੀ ਅਗਵਾਈ ਹੇਠ ਇੰਸ: ਬਲਜੀਤ ਸਿੰਘ ਇੰਚਾਰਜ ਸੀ.ਆਈ.ਏ. ਬਰਨਾਲਾ, ਇੰਸ: ਲਖਵਿੰਦਰ ਸਿੰਘ ਮੁੱਖ ਅਫਸਰ ਥਾਣਾ ਸਿਟੀ ਬਰਨਾਲਾ, ਸ:ਬ: ਚਰਨਜੀਤ ਸਿੰਘ ਚੌਂਕੀ ਇੰਚਾਰਜ ਬਰਨਾਲਾ ਦੀਆਂ ਵੱਖ ਵੱਖ ਟੀਮਾਂ ਦਾ ਗਠਨ ਕੀਤਾ ਗਿਆ. ਜਿੰਨਾ ਵੱਲੋਂ ਸੀ.ਸੀ.ਟੀ.ਵੀ ਫੁਟੇਜ, ਤਕਨੀਕੀ ਅਤੇ ਮਨੁੱਖੀ ਇਟੈਲੀਜੈਂਸ ਦੀ ਮੱਦਦ ਨਾਲ ਹੇਠ ਲਿਖੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ

1. ਦਮਨਪ੍ਰੀਤ ਸਿੰਘ ਉਰਫ ਅਮਨ ਉਰਫ ਫੂਲੀ ਪੁੱਤਰ ਸੂਬਾ ਸਿੰਘ ਪੁੱਤਰ ਰਾਮ ਸਿੰਘ ਵਾਸੀ ਜੰਡਾ ਵਾਲਾ ਰੋਡ ਘੁਮਿਆਰਾ ਵਾਲੀ ਗਲੀ, ਨੇੜੇ ਛੋਟੀ ਮਾਤਾ ਰਾਣੀ ਦਾ ਮੰਦਰ ਬਰਨਾਲਾ। (ਮੋਟਰਸਾਈਕਲ ਸਵਾਰ ਅਗਵਾਕਾਰ) 2. ਅਦਿੱਤਿਆ ਉਰਫ ਨੋਨੀ ਪੁੱਤਰ ਪਵਨ ਕੁਮਾਰ ਪੁੱਤਰ ਮਦਨ ਲਾਲ ਵਾਸੀ ਜੰਡਾਵਾਲਾ ਰੋਡ ਘੁਮਿਆਰਾ ਵਾਲੀ ਗਲੀ ਬਰਨਾਲਾ। 3. ਮਾਨਵ ਅਰੋੜਾ ਪੁੱਤਰ ਪ੍ਰਿੰਸ ਅਰੋੜਾ ਪੁੱਤਰ ਸੋਹਣ ਲਾਲ ਵਾਸੀ ਰਾਧਾ ਸੁਆਮੀ ਵਾਲੀ ਗਲੀ ਬਰਨਾਲਾ।

(ਅਗਵਾਕਾਰ ਮੋਟਰਸਾਈਕਲ ਚਾਲਕ) 4. ਕੋਹੀਨੂਰ ਪੁੱਤਰ ਰਛਪਾਲ ਸਿੰਘ ਵਾਸੀ ਚੰਡਾਰੀ ਕਲਾਂ ਜਿਲਾ ਲੁਧਿਅਣਾ 5. ਦਵਿੰਦਰ ਸਿੰਘ ਪੁੱਤਰ ਦਲਜੀਤ ਸਿੰਘ ਵਾਸੀ ਮਾਡਲ ਟਾਊਨ ਖੰਨਾ 6. ਰੋਹਿਤ ਪੁੱਤਰ ਮਨੋਜ ਕੁਮਾਟ ਵਾਸੀ ਬਿਹਾਰ ਹਾਲ ਆਬਾਦ ਰਹੈਨ ਮੰਡੀ ਖੰਨਾ 7. ਦਸਰਥ ਸਿੰਘ ਪੁੱਤਰ ਅਰਜਨਸਿੰਘ ਵਾਸੀ ਨਾਥੂਖੇੜੀ ਥਾਣਾ ਸਵਾਰਸ ਜਿਲਾਂ ਮੰਦੋਸਰ ਐਮ ਪੀ 8. ਰਵਿੰਦਰ ਕੌਰ ਪਤਨੀ ਰਛਪਾਲ ਸਿੰਘ ਢੰਡਾਰੀ ਕਲਾਂ ਜਿਲਾਂ ਲੁਧਿਅਣਾ 9. ਡਾਕਟਰ ਵਿਕਾਸ ਤਿਵਾੜੀ ਪੁੱਤਰ ਅਕੇਸਵਰ ਤਿਵਾੜੀ ਵਾਸੀ ਦੁਰਗਾ ਕਾਲੋਨੀ ਲੁਧਿਆਣਾ

ਉਪਰੋਕਤ ਟੀਮਾਂ ਵੱਲੋਂ ਸਾਂਝੇ ਤੌਰ ਆਪਰੇਸ਼ਨ ਦੌਰਾਨ ਦੋਸ਼ੀਆਨ ਦਵਿੰਦਰ ਸਿੰਘ, ਰੋਹਿਤ ਅਤੇ ਦਸਰਥ ਸਿੰਘ ਨੂੰ ਮੱਧ ਪ੍ਰਦੇਸ਼ ਪੁਲਿਸ ਨਾਲ ਸਾਝੇ ਅਪ੍ਰੇਸ਼ਨ ਦੌਰਾਨ ਨੇੜੇ ਸੁਵਾਸਰਾ ਜ਼ਿਲ੍ਹਾ ਮੰਦਸੌਰ ($♦) ਤੋਂ ਗ੍ਰਿਫਤਾਰ ਕੀਤਾ ਗਿਆ। ਦੋਸ਼ੀਆਨ ਦਮਨਪ੍ਰੀਤ ਸਿੰਘ ਉਰਫ ਅਮਨ ਉਰਫ ਫੂਲੀ, ਅਦਿੱਤਿਆ ਉਰਫ ਨੰਨੀ, ਮਾਨਵ ਅਰੋੜਾ, ਰਵਿੰਦਰ ਕੌਰ ਅਤੇ ਡਾਕਟਰ ਵਿਕਾਸ ਤਿਵਾੜੀ ਨੂੰ ਲੁਧਿਆਣਾ ਤੋਂ ਗ੍ਰਿਫਤਾਰ ਕਰਕੇ ਇਹਨਾਂ ਦੇ ਕਬਜ਼ਾ ਵਿੱਚੋਂ ਅਗਵਾਹ ਹੋਏ ਬੱਚੇ ਅਕਸ਼ੈ ਕੁਮਾਰ ਨੂੰ ਸਰਖਿਅਤ ਬ੍ਰਾਮਦ ਕੀਤਾ ਗਿਆ।ਮੁੱਢਲੀ ਤਫ਼ਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਦੋਸ਼ੀ ਰਵਿੰਦਰ ਕੌਰ ਨੇ ਦੇਸ਼ੀ ਡਾਕਟਰ ਵਿਕਾਸ ਤਿਵਾੜੀ ਰਾਹੀਂ ਅਗਵਾ ਕੀਤੇ ਗਏ ਬੱਚੇ ਅਕਸ਼ੈ ਕੁਮਾਰ (ਕਾਲਪਨਿਕ ਨਾਮ) ਨੂੰ ਕੋਈ ਬੇ-ਔਲਾਦ ਜੋੜਾ ਲੱਭ ਕੇ 2 ਲੱਖ ਰੁਪਏ ਵਿੱਚ ਵੇਚਣ ਦੀ ਸਾਜਿਸ਼ ਕੀਤੀ ਸੀ। ਦੋਸ਼ੀ ਕੋਹਿਨੂਰ ਸਿੰਘ ਉਕਤ ਰਵਿੰਦਰ ਕੌਰ ਦਾ ਬੇਟਾ ਹੈ, ਨੇ ਜੇਲ੍ਹ ਵਿਚ ਉਸਦੇ ਨਾਲ ਰਹੇ ਦੋਸ਼ੀਆਨ ਅਦਿਤਿਆ

ਉਰਫ ਨੰਨੀ ਅਤੇ ਦਮਨਪ੍ਰੀਤ ਸਿੰਘ ਉਰਫ ਅਮਨ ਉਰਫ ਫੂਲੀ ਨਾਲ ਮਿਲ ਕੇ ਇਸ ਸਾਜਿਸ਼ ਨੂੰ ਅੰਜਾਮ ਦਿੱਤਾ।

ਦੋਸ਼ੀਆਨ ਮਾਨਵ ਅਰੋੜਾ ਅਤੇ ਦਮਨਪ੍ਰੀਤ ਸਿੰਘ ਮਿਤੀ 04-04-2025 ਨੂੰ ਝੁੱਗੀਆ ਅਨਾਜ ਮੰਡ ਬਰਨਾਲਾ ਤੋਂ ਅਕਸ਼ੈ ਕੁਮਾਰ ਨੂੰ ਅਗਵਾ ਕਰਕੇ ਲੈ ਗਏ ਅਤੇ ਰਸਤੇ ਵਿੱਚ ਦੋਸ਼ੀ ਅਦਿਤਿਆ ਉਰਫ ਨੰਨੀ ਵੀ ਇਹਨਾਂ ਨਾਲ ਸ਼ਾਮਲ ਹੋ ਗਿਆ ਅਤੇ ਅੱਗੇ ਬੱਚੇ ਨੂੰ HONDA AMAZE ਗੱਡੀ ਵਿਚ ਸਵਾਰ ਕੋਹਿਨੂਰ ਸਿੰਘ ਅਤੇ ਦਵਿੰਦਰ ਸਿੰਘ ਦੇ ਹਵਾਲੇ ਕਰ ਦਿੱਤਾ ਗਿਆ ਜੋ ਉਸਨੂੰ ਰਵਿੰਦਰ ਕੌਰ ਅਤੇ ਡਾਕਟਰ ਵਿਕਾਸ ਤਿਵਾੜੀ ਪਾਸ ਸਾਰਥਿਕ ਹੈਲਥ ਕੇਅਰ ਮੁੰਡੀਆ ਖੁਰਦ ਲੁਧਿਆਣਾ ਵਿਖੇ ਲੈ ਗਏ।

ਇਸ ਗਿਰੋਹ ਵਿਚ ਦਮਨਪ੍ਰੀਤ ਸਿੰਘ ਉਰਫ ਅਮਨ ਉਰਫ ਫੂਲੀ ਅਤੇ ਅਦਿਤਿਆ ਉਰਵ ਨੰਨੀ ਪਹਿਲਾਂ ਵੀ ਆਪਣੇ ਹੋਰ ਸਾਥੀਆਂ ਨਾਲ ਮਿਲਕੇ ਸਾਲ 2023 ਵਿੱਚ ਲੁਧਿਆਣਾ 8 ਕਰੋੜ ਦੀ ਬੈਂਕ ਡਕੇਤੀ ਦੀ ਵਾਰਦਾਤ ਅੰਜਾਮ ਦਿੱਤਾ ਸੀ ਜਿਸ ਸਬੰਧੀ ਇਹਨਾਂ ਦੇ ਖਿਲਾਫ ਮੁਕੱਦਮਾ ਨੰਬਰ 81 ਮਿਤੀ 10-06-2023 ਅ/ਧ 395, 342 323, 427, 506, 120ਬੀ ਹਿੰ:ਦੰ: 25/54/59 ਅਸਲਾ ਐਕਟ ਥਾਣਾ ਸਰਾਭਾ ਨਗਰ ਲੁਧਿਆਣਾ ਦਰਜ ਹੈ।

# ਸਿੱਖਿਆ ਕ੍ਰਾਂਤੀ ਅਧੀਨ ਵੱਖ ਵੱਖ ਸਕੂਲਾਂ ਅੰਦਰ ਪ੍ਰੋਜੈਕਟਾਂ ਦੇ ਕੀਤੇ ਗਏ ਉਦਘਾਟਣ



**ਚੰਡੀਗੜ੍ਹ, 11 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿੱਚ ਅਤੇ ਸਿੱਖਿਆ ਮੰਤਰੀ ਪੰਜਾਬ ਸ. ਹਰਜੋਤ ਸਿੰਘ ਬੈਂਸ ਦੇ ਮਾਰਗਦਰਸ਼ਨ ਅੰਦਰ ਸੂਬੇ ਵਿੱਚ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸਿੱਖਿਆ ਕ੍ਰਾਂਤੀ ਅਧੀਨ ਅੱਜ ਪੂਰੇ ਪੰਜਾਬ ਅੰਦਰ ਸਮਾਰੋਹ ਆਯੋਜਿਤ ਕੀਤੇ ਗਏ ਅਤੇ ਵੱਖ ਵੱਖ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ ਗਏ।

ਜ਼ਿਕਰਯੋਗ ਹੈ ਕਿ ਅੱਜ ਜਿਲ੍ਹਾ ਪਠਾਨਕੋਟ ਦੇ ਵੀ ਵੱਖ ਵੱਖ ਸਕੂਲਾਂ ਵਿੱਚ ਉਦਘਾਟਨ ਸਮਾਰੋਹ ਆਯੋਜਿਤ ਕੀਤੇ ਗਏ। ਇਨ੍ਹਾਂ ਵੱਖ ਵੱਖ ਸਕੂਲਾਂ ਵਿਖੇ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ, ਵਿਭੂਤੀ ਸ਼ਰਮਾ ਚੇਅਰਮੈਨ ਨਗਰ ਸੁਧਾਰ ਟਰੱਸਟ ਅਤੇ ਅਮਿਤ ਮੰਟੂ ਜਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ, ਸਿੱਖਿਆ ਕ੍ਰਾਂਤੀ ਅਧੀਨ ਕੀਤੇ ਜਾ ਰਹੇ ਵੱਖ ਵੱਖ ਸਮਾਰੋਹਾਂ ਅੰਦਰ ਪਹੁੰਚੇ ਅਤੇ ਲੱਖਾਂ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਕਰਕੇ ਲੋਕਾਂ ਨੂੰ ਸਮਰਪਿਤ ਕੀਤੇ।

ਇਸ ਮੌਕੇ ਉੱਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਰਾਜੇਸ਼ ਕੁਮਾਰ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਪਠਾਨਕੋਟ, ਸ੍ਰੀਮਤੀ ਕਮਲਜੀਤ ਕੌਰ ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਪਠਾਨਕੋਟ, ਅਮਨਦੀਪ ਕੁਮਾਰ ਡਿਪਟੀ ਡੀ.ਈ.ਓ. ਸੈਕੰਡਰੀ, ਡੀ.ਜੀ. ਸਿੰਘ ਡਿਪਟੀ ਡੀ.ਈ.ਓ. ਐਲੀਮੈਂਟਰੀ, ਨਰੇਸ਼ ਸੈਣੀ ਜਿਲ੍ਹਾ ਪ੍ਰਧਾਨ ਬੀ.ਸੀ. ਵਿੰਗ ਪਠਾਨਕੋਟ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਵਿਜੈ ਕਟਾਰੂਚੱਕ, ਖੁਸਬੀਰ ਕਾਟਲ, ਕੁਲਦੀਪ ਭਟਵਾਂ ਬਲਾਕ ਪ੍ਰਧਾਨ, ਜੰਗ ਬਹਾਦੁਰ ਬਲਾਕ ਪ੍ਰਧਾਨ ਅਤੇ ਹੋਰ ਪਾਰਟੀ ਆਹੁਦੇਦਾਰ ਹਾਜ਼ਿਰ ਸਨ।

ਜ਼ਿਕਰਯੋਗ ਹੈ ਕਿ ਅੱਜ ਜਿਲ੍ਹਾ ਪਠਾਨਕੋਟ ਵਿਖੇ ਸਿੱਖਿਆ ਕ੍ਰਾਂਤੀ ਬਦਲਦਾ ਪੰਜਾਬ ਅਧੀਨ ਵਿਧਾਨ ਸਭਾ ਹਲਕਾ ਭੋਆ ਅੰਦਰ ਸਰਕਾਰੀ ਪ੍ਰਾਇਮਰੀ ਸਕੂਲ ਸਾਲੋਵਾਲ ਵਿਖੇ 4.16 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਤੰਗੋਸਾਹ ਵਿਖੇ 3.20 ਲੱਖ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੰਗੋਸਾਹ ਵਿਖੇ 13.65 ਲੱਖ ਰੁਪਏ ਦੀਆਂ ਗ੍ਰਾਂਟਾਂ ਨਾਲ ਕੀਤੇ ਗਏ ਪ੍ਰੋਜੈਕਟਾਂ ਦਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਬਤੌਰ ਮੁੱਖ ਮਹਿਮਾਨ ਵਜੋਂ ਹਾਜਰ ਹੋ ਕੇ ਉਦਘਾਟਨ ਕੀਤੇ।

ਇਸੇ ਹੀ ਤਰ੍ਹਾਂ ਵਿਧਾਨ ਸਭਾ ਹਲਕਾ ਸੁਜਾਨਪੁਰ ਦੇ ਵੱਖ ਵੱਖ ਸਕੂਲਾਂ ਅੰਦਰ ਸ੍ਰੀ ਅਮਿਤ ਮੰਟੂ ਹਲਕਾ ਇੰਚਾਰਜ-ਕਮ-ਜਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਬਤੌਰ ਮੁੱਖ ਮਹਿਮਾਨ ਪਹੁੰਚੇ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਕਰੋਲੀ ਵਿਖੇ 9.99 ਲੱਖ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨਵਾਲ ਵਿਖੇ 30 ਲੱਖ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰੋਲੀ ਵਿਖੇ 18.09 ਲੱਖ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਝਿਕਲੀ ਕਰੋਲੀ ਵਿਖੇ 12.5 ਲੱਖ ਨਾਲ ਤਿਆਰ ਕੀਤੇ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ।

ਇਸੇ ਤਰ੍ਹਾਂ ਹੀ ਵਿਧਾਨ ਸਭਾ ਹਲਕਾ ਪਠਾਨਕੋਟ ਵਿਖੇ ਸ੍ਰੀ ਵਿਭੂਤੀ ਸ਼ਰਮਾ ਹਲਕਾ ਇੰਚਾਰਜ ਪਠਾਨਕੋਟ-ਕਮ-ਚੇਅਰਮੈਨ ਨਗਰ ਸੁਧਾਰ ਟਰੱਸਟ ਪਠਾਨਕੋਟ ਬਤੌਰ ਮੁੱਖ ਮਹਿਮਾਨ ਹਾਜਰ ਹੋਏ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਢਾਂਗੂ ਰੋਡ ਪਠਾਨਕੋਟ ਵਿਖੇ 2 ਲੱਖ , ਸਰਕਾਰੀ ਪ੍ਰਾਇਮਰੀ ਸਕੂਲ ਮਾਡਲ ਟਾਊਂਨ (ਗਰਲਜ) ਪਠਾਨਕੋਟ ਵਿਖੇ 10.85 ਲੱਖ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੇ.ਐਫ.ਸੀ. ਪਠਾਨਕੋਟ ਵਿਖੇ 22.2 ਲੱਖ ਰੁਪਏ ਨਾਲ ਤਿਆਰ ਕੀਤੇ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ।

ਇਸ ਮੌਕੇ ਉਤੇ ਸੰਬੋਧਨ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਵਿਸ਼ੇਸ਼ ਧਿਆਨ ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ ਅਤੇ ਗੁਣਵੱਤਾ ਸਿੱਖਿਆ ਪ੍ਰਣਾਲੀ ਮੁਹੱਈਆ ਕਰਨਾ ਹੈ।

ਉਨ੍ਹਾਂ ਕਿਹਾ ਕਿ ਅੱਜ ਪਹਿਲਾ ਨਾਲੋਂ ਸਰਕਾਰੀ ਸਕੂਲਾਂ ਵਿੱਚ ਬਹੁਤ ਬਦਲਾਅ ਆਏ ਹਨ। ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਅੰਦਰ ਪੂਰੇ ਪੰਜਾਬ ਅੰਦਰ ਸਿੱਖਿਆ ਕ੍ਰਾਂਤੀ ਲਿਆਂਦੀ ਗਈ ਹੈ ਅਤੇ ਕਰੋੜਾਂ ਰੁਪਏ ਪੂਰੇ ਪੰਜਾਬ ਦੇ ਸਕੂਲਾਂ ਦੀ ਨੁਹਾਰ ਬਦਲਣ ਲਈ ਖਰਚੇ ਗਏ ਹਨ। ਉਨ੍ਹਾਂ ਕਿਹਾ ਕਿ ਸਕੂਲਾਂ ਅੰਦਰ ਜੋ ਵਿਕਾਸ ਕਾਰਜ ਰਹਿੰਦੇ ਸੀ ਚਾਹੇ ਉਹ ਲਾਈਬਰੇਰੀ ਦਾ ਨਿਰਮਾਣ, ਸਕੂਲ ਦੀ ਚਾਰ ਦੀਵਾਰੀ, ਕਮਰਿਆਂ ਦਾ ਨਿਰਮਾਣ, ਪਖਾਨਿਆਂ ਦਾ ਨਿਰਮਾਣ, ਸਾਇੰਸ ਲੈਬ ਆਦਿ ਸਕੂਲਾਂ ਅੰਦਰ ਰਹਿੰਦੇ ਕਾਰਜ ਵੀ ਮੁਕੰਮਲ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਬਦਲਾਅ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਲੈ ਕੇ ਆਈ ਹੈ। ਸਕੂਲਾਂ ਅੰਦਰ ਭਾਰੀ ਬਦਲਾਅ ਤੋਂ ਬਾਅਦ ਲੋਕਾਂ ਦੀ ਸੋਚ ਬਦਲੀ ਹੈ ਅਤੇ ਅੱਜ ਸਕੂਲਾਂ ਅੰਦਰ ਬੱਚਿਆਂ ਦੀ ਸੰਖਿਆਂ ਵਿੱਚ ਵੀ ਭਾਰੀ ਵਾਧਾ ਹੋਇਆ ਹੈ।

ਸਿੱਖਿਆ ਵਿੱਚ ਬਦਲਾਅ ਲਿਆਉਣ ਲਈ ਪੰਜਾਬ ਸਰਕਾਰ ਵੱਲੋਂ ਅਧਿਆਪਕਾਂ ਨੂੰ ਸਿਖਲਾਈ ਦੇ ਲਈ ਵਿਦੇਸ਼ਾਂ ਵਿੱਚ ਵੀ ਭੇਜਿਆ ਗਿਆ ਤਾਂ ਜੋ ਕਿਸੇ ਤਰ੍ਹਾਂ ਦੀ ਵੀ ਕਮੀ ਪੰਜਾਬ ਦੇ ਸਕੂਲਾਂ ਅੰਦਰ ਨਾ ਰਹਿ ਜਾਵੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸਿੱਖਿਆ ਕ੍ਰਾਂਤੀ ਅਧੀਨ ਹੋਰ ਕਾਰਜ ਕੀਤੇ ਜਾਣਗੇ।

# ਪੰਜਾਬ ਸਰਕਾਰ ਸਿੱਖਿਆ ਤੇ ਸਿਹਤ ਸਹੂਲਤਾਂ ਨੂੰ ਘਰ-ਘਰ ਪਹੁੰਚਾਉਣ ਲਈ ਉਪਰਾਲੇ ਕਰ ਰਹੀ ਹੈ :ਚੇਤਨ ਸਿੰਘ ਜੌੜਾਮਾਜਰਾ



**ਸਮਾਣਾ, 11 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਾਬਕਾ ਮੰਤਰੀ ਅਤੇ ਸਮਾਣਾ ਦੇ ਵਿਧਾਇਕ ਸ. ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਅੱਜ ਸਮਾਣਾ ਦੇ ਤਿੰਨ ਸਕੂਲਾਂ ਸਰਕਾਰੀ ਸਕੂਲਾਂ ਵਿਖੇ ਕਰੀਬ 70 ਲੱਖ ਰੁਪਏ ਦੀ ਲਾਗਤ ਨਾਲ ਸਕੂਲਾਂ ਦੇ ਕਮਰਿਆਂ ਦੇ ਨਵੀਨੀਕਰਨ, ਖੇਡਾਂ ਦੇ ਮੈਦਾਨ, ਬਾਥਰੂਮ ਅਤੇ ਸਕੂਲਾਂ ਦੀ ਚਾਰ ਦੀਵਾਰੀ ਦੇ ਕੰਮ ਮੁਕੰਮਲ ਕਰਕੇ ਵਿਦਿਆਰਥੀਆਂ ਦੇ ਸਪੁਰਦ ਕੀਤੇ। ਉਨ੍ਹਾਂ ਨੇ ਐਲੀਮੈਂਟਰੀ ਸਕੂਲ ਮਲਕਾਨਾ ਪਤੀ, ਲੈਫਟੀਨੈਂਟ ਮੋਹਿਤ ਗਰਗ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਲੜਕੇ ਅਤੇ ਪੀ.ਐਮ ਸ੍ਰੀ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ (ਕੰਨਿਆ) ਵਿਖੇ ਜਾ ਕੇ ਜਿੱਥੇ ਵਿਦਿਆਰਥੀਆਂ ਦੀ ਹੌਂਸਲਾ ਅਫਜਾਈ ਕੀਤੀ ਉਥੇ ਹੀ ਵਿਦਿਆਰਥੀਆਂ ਦੇ ਮਾਪਿਆਂ ਨਾਲ ਵੀ ਗੱਲਬਾਤ ਕੀਤੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰੀ ਸਕੂਲਾਂ @ਚ ਬੁਨਿਆਦੀ ਢਾਂਚੇ ਦੀਆਂ ਕਮੀਆਂ ਦੂਰ ਕਰਕੇ, ਅਧਿਆਪਕਾਂ ਦੀਆਂ ਖਾਲੀ ਪਈਆਂ ਅਸਾਮੀਆਂ ਭਰ ਕੇ ਸਿੱਖਿਆ ਦੇ ਖੇਤਰ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ ਜੋ ਕ੍ਰਾਂਤੀ ਲਿਆਂਦੀ ਹੈ ਉਹ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਸਾਰੇ ਵਿਦਿਆਰਥੀਆਂ ਨੂੰ ਇਸ ਦਾ ਲਾਭ ਮਿਲ ਰਿਹਾ ਹੈ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀਆਂ ਤੇ ਸਕੂਲ ਸਟਾਫ ਨੇ ਜੌੜਾਮਾਰਾ ਦਾ ਭਰਵਾਂ ਸਵਾਗਤ ਕੀਤਾ ਇਸ ਮੌਕੇ ਹਲਕਾ ਵਿਧਾਇਕ ਜੌੜਾਮਾਜਰਾ ਨੇ ਸੰਬੋਧਨ ਕਰਦਿਆਂ ਸਰਕਾਰ ਦੀ ਪੰਜਾਬ ਦੀ ਸਿੱਖਿਆ, ਸਿਹਤ ਤੇ ਨਸ਼ਿਆਂ ਨੂੰ ਜੜ ਤੋਂ ਖਤਮ ਕਰਨ ਪ੍ਰਤੀ ਬਣਾਈਆਂ ਨੀਤੀਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਤੇ ਸਿਹਤ ਸਹੂਲਤਾਂ ਨੂੰ ਘਰ-ਘਰ ਪਹੁੰਚਾਉਣ ਲਈ ਲੋਕਾਂ ਦੇ ਮਿਲੇ ਸਹਿਯੋਗ ਨਾਲ ਉਪਰਾਲੇ ਕਰ ਰਹੀ ਹੈ, ਪਰ ਪਿਛਲੀਆਂ ਸਰਕਾਰਾਂ ਨੇ ਇਸ ਤਾਣੇ-ਬਾਣੇ ਨੂੰ ਇੰਨਾ ਉਲਝਾਅ ਰੱਖਿਆ ਸੀ, ਕਿ ਆਮ ਲੋਕਾਂ ਦਾ ਰੁਝਾਨ ਸਰਕਾਰੀ ਸਕੂਲਾਂ ਤੇ ਹਸਪਤਾਲਾਂ ਵੱਲ ਨਾਂ ਹੋ ਕੇ ਨਿਜੀ ਸਕੂਲਾਂ ਤੇ ਹਸਪਤਾਲਾਂ ਵੱਲ ਵੱਧ ਰਿਹਾ ਸੀ। ਉਹਨਾਂ ਕਿਹਾ ਕਿ ਹੁਣ ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਤੇ ਹਸਪਤਾਲਾਂ ਨੂੰ ਨਿਜੀ ਹਸਪਤਾਲਾਂ ਤੋਂ ਵੀ ਵਧੀਆ ਬਣਾ ਦਿੱਤਾ ਹੈ ਅਤੇ ਬਿਹਤਰੀਨ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਦੱਸਿਆ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਸਰਕਾਰੀ ਸਕੂਲਾਂ @ਚ ਬੱਚਿਆਂ ਦੇ ਦਾਖਲੇ ਅਤੇ ਸਰਕਾਰੀ ਹਸਪਤਾਲਾਂ @ਚ ਇਲਾਜ ਕਰਾਉਣ ਵਾਲੇ ਮਰੀਜ਼ਾਂ ਦੀ ਗਿਣਤੀ ਵੀ ਕਾਫੀ ਵੱਧ ਹੋਈ ਹੈ, ਜਿਸ ਦਾ ਸਿਹਰਾ ਅਧਿਆਪਕਾਂ ਤੇ ਡਾਕਟਰਾਂ ਨੂੰ ਜਾਂਦਾ ਹੈ।ਇਸ ਮੌਕੇ ਉਨ੍ਹਾਂ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਵੀ ਸਰਕਾਰੀ ਸਕੂਲਾਂ ਵਿੱਚ ਪੜਾਉਣ।

# ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਲਈ ਉਸਾਰੂ ਮਾਹੌਲ ਸਿਰਜਿਆ : ਅਮਨ ਅਰੋੜਾ

**ਸੰਗਰੂਰ, 11 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਸਰਵੋਤਮ ਬੁਨਿਆਦੀ ਢਾਂਚਾ ਅਤੇ ਮਿਆਰੀ ਸਿੱਖਿਆ ਦੇਣ ਦੀ ਵਚਨਬੱਧਤਾ ਉਤੇ ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਪਹਿਰਾ ਦਿੱਤਾ ਜਾ ਰਿਹਾ ਹੈ। ਇਹ ਪ੍ਰਗਟਾਵਾ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਸਿੱਖਿਆ ਕ੍ਰਾਂਤੀ ਤਹਿਤ ਵਿਧਾਨ ਸਭਾ ਹਲਕਾ ਸੁਨਾਮ ਊਧਮ ਸਿੰਘ ਵਾਲਾ ਦੇ 6 ਸਰਕਾਰੀ ਸਕੂਲਾਂ ਵਿੱਚ 2.51 ਕਰੋੜ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਦਿਆਂ ਕੀਤਾ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਨੂੰ ਹੋਰ ਬਿਹਤਰੀਨ ਬਣਾਉਣ ਲਈ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਦਾ ਆਗਾਜ਼ ਕੀਤਾ ਹੈ ਜਿਸ ਦੇ ਤਹਿਤ ਸਕੂਲਾਂ ਵਿੱਚ ਹਰ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ ।

ਉਹਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ ਦੇ ਇਹਨਾਂ ਦੋਵੇਂ ਖੇਤਰਾਂ, ਸਿੱਖਿਆ ਅਤੇ ਸਿਹਤ ਨੂੰ, ਪੂਰੀ ਤਰ੍ਹਾਂ ਅਣਗੌਲੀ ਰੱਖਿਆ ਪਰ ਮਾਨ ਸਰਕਾਰ ਨੇ ਇਹਨਾਂ ਦੋਵੇਂ ਹੀ ਖੇਤਰਾਂ ਨੂੰ ਵਿਕਾਸ ਦਾ ਮੁੱਖ ਧੁਰਾ ਬਣਾਇਆ ਅਤੇ ਇਹੀ ਕਾਰਨ ਹੈ ਕਿ ਪੰਜਾਬ ਦੇ ਸਰਕਾਰੀ ਸਕੂਲ ਅੱਜ ਸਿੱਖਿਆ ਪ੍ਰਣਾਲੀ ਅਤੇ ਸੁਵਿਧਾਵਾਂ ਦੇ ਪੱਧਰ ਤੇ ਪ੍ਰਾਈਵੇਟ ਸਕੂਲਾਂ ਨੂੰ ਪਿੱਛੇ ਛੱਡ ਰਹੇ ਹਨ।

# ਭਗਵਾਨ ਰਾਮ ਸਾਡੇ ਸਭਿਆਚਾਰ ਅਤੇ ਭਾਰਤੀਯਤਾ ਦੇ ਪ੍ਰਤੀਨ ਹਨ : ਮੁੱਖ ਮੰਤਰੀ

**ਚੰਡੀਗੜ੍ਹ, 11 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਭਗਵਾਨ ਸ਼੍ਰੀਰਾਮ ਸਾਡੇ ਸਭਿਆਚਾਰ, ਪਰੰਪਰਾ ਅਤੇ ਭਾਰਤੀਅਤਾ ਦੇ ਪ੍ਰਤੀਕ ਹਨ। ਉਨ੍ਹਾਂ ਦਾ ਜੀਵਨ ਸਾਨੂੰ ਸਚਾਈ, ਧਰਮ, ਜਿਮੇਵਾਰੀ ਅਤੇ ਮਰਿਆਦਾ ਦਾ ਮਾਰਗ ਦਿਖਾਉਂਦਾ ਹੈ। ਉਹ ਸਾਡੇ ਪ੍ਰੇਰਣਾ ਸਰੋਤ ਹਨ।

ਮੁੱਖ ਮੰਤਰੀ ਨੇ ਰਾਮ ਨਵਮੀ ਮੌਕੇ @ਤੇ ਫ੍ਰਾਂਸ ਦੇ ਪੈਰਿਸ ਵਿੱਚ ਪ੍ਰਵਾਸੀ ਹਰਿਆਣਵੀਂ ਕਮਿਊਨਿਟੀ ਨਾਲ ਵੀਡੀਓ ਕਾਨਫ੍ਰੈਂਸਿੰਗ ਰਾਹੀਂ ਸੰਵਾਦ ਕੀਤਾ। ਇਹ ਪ੍ਰੋਗ੍ਰਾਮ ਹਰਿਆਣਾ ਸਰਕਾਰ ਦੇ ਵਿਦੇਸ਼ ਸਹਿਯੋਗ ਵਿਭਾਗ ਵੱਲੋਂ ਪ੍ਰਬੰਧਿਤ ਕੀਤਾ ਗਿਆ।

ਮੁੱਖ ਮੰਤਰੀ ਨੇ ਇਸ ਪਵਿੱਤਰ ਪਰਵ @ਤੇ ਸਾਰਿਆਂ ਨੂੰ ਸ਼ੁਭਕਾਮਨਾਵਾਂ ਅਤੇ ਵਧਾਈ ਦਿੰਦੇ ਹੋਏ ਕਿਹਾ ਕਿ ਪੂਰਾ ਦੇਸ਼ ਭਗਵਾਨ ਰਾਮ ਦੇ ਨਾਮ ਨਾਲ ਗੂੰਜ ਰਿਹਾ ਹੈ। ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਸ੍ਰੀਰਾਮ ਜਨਮੋਹਸਤਵ ਦੀ ਧੂਮ ਹੈ। ਚਾਰੋਂ ਪਾਸੇ ਭਗਤੀ ਦਾ ਵਿਲੱਖਣ ਮਾਹੌਲ ਹੈ। ਸ਼੍ਰੀਰਾਮ ਨਾਮ ਦੀ ਧੁੰਨ ਅਤੇ ਭਜਨਾਂ ਦੀ ਗੂੰਜ ਹਰ ਦਿਸ਼ਾ ਵਿੱਚ ਸੁਣਾਈ ਦੇ ਰਹੀ ਹੈ। ਸਿਰਫ ਭਾਰਤ ਹੀ ਨਹੀਂ, ਸਗੋਂ ਵਿਦੇਸ਼ਾਂ ਵਿੱਚ ਵੀ ਕਰੋੜਾਂ ਸ਼ਰਧਾਲੂ ਇਸ ਪਰਵ ਨੂੰ ਉਤਸਾਹ ਅਤੇ ਉਮੰਗ ਨਾਲ ਮਨਾ ਰਹੇ ਹਨ।

ਉਨ੍ਹਾਂ ਨੇ ਕਿਹਾ ਕਿ ਰਾਮ ਨਵਮੀ ਸਾਨੂੰ ਮਰਿਆਦਾ ਪੁਰੁਸ਼ੋਤਮ ਸ਼੍ਰੀਰਾਮ ਦੇ ਆਦਰਸ਼ਾਂ ਅਤੇ ਜੀਵਨ ਮੁੱਲਾਂ ਨੂੰ ਯਾਦ ਕਰਨ ਦਾ ਮੌਕਾ ਦਿੰਦੀ ਹੈ। ਭਗਵਾਨ ਰਾਮ ਤੋਂ ਸਾਨੂੰ ਇਹ ਵੀ ਸਿੱਖਣਾ ਹੈ ਕਿ ਆਪਣੇ ਜਨਮਸਥਾਨ ਨਾਲ ਜੁੜੇ ਰਹਿਣਾ ਚਾਹੀਦਾ ਹੈ। ਉਨ੍ਹਾਂ ਦਾ ਜੀਵਨ ਸਾਨੂੰ ਇਹ ਸਿਖਾਉਂਦਾ ਹੈ ਕਿ ਮੁਸ਼ਕਲ ਸਥਿਤੀਆਂ ਵਿੱਚ ਵੀ ਕਿਵੇਂ ਧੀਰਜ ਰੱਖਦੇ ਹੋਏ ਸਚਾਈ ਅਤੇ ਜਿਮੇਵਾਰੀ ਦੇ ਮਾਰਗ @ਤੇ ਚਲਿਆ ਜਾਵੇ। ਉਨ੍ਹਾਂ ਦੀ ਸ਼ਖਸੀਅਤ ਸਾਨੂੰ ਪਰਿਵਾਰਕ ਅਤੇ ਸਮਾਜਿਕ ਜਿਮੇਵਾਰੀਆਂ ਨੂੰ ਨਿਭਾਉਣਾ ਸਿਖਾਉਂਦਾ ਹੈ। ਉਨ੍ਹਾਂ ਦੇ ਆਦਰਸ਼ ਸਾਲੇ ਲਈ ਪ੍ਰੇਰਣਾ ਸਰੋਤ ਹਨ। ਉਨ੍ਹਾਂ ਦੀ ਜਨਮਭੂਮੀ ਅਯੋਧਿਆ ਹਰ ਭਾਰਤੀ ਲਈ ਉਰਜਾ ਦਾ ਸਰੋਤ ਹੈ।

ਉਨ੍ਹਾਂ ਨੇ ਕਿਹਾ ਕਿ ਅਯੋਧਿਆ ਵਿੱਚ ਨਿਰਮਾਣਤ ਸ਼ਾਨਦਾਰ, ਦਿਵਅ ਅਤੇ ਨਵਾਂ ਸ਼੍ਰੀਰਾਮ ਮੰਦਿਰ ਭਾਰਤ ਦਾ ਮਾਣ ਹੈ ਅਤੇ ਦੇਸ਼ਵਾਸੀਆਂ ਦੀ ਆਸਥਾ ਦਾ ਕੇਂਦਰ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਹੁਣੀ ਵੀ 22 ਜਨਵਰੀ, 2024 ਦੇ ਉਹ ਦ੍ਰਿਸ਼ ਯਾਦ ਹਨ, ਜਦੋਂ ਅਯੋਧਿਆ ਵਿਚ ਸ਼੍ਰੀਰਾਮ ਲੱਲਾ ਦੀ ਪ੍ਰਾਣ ਪ੍ਰਤਿਸ਼ਠਾ ਦੇ ਸਮੇਂ ਪੂਰਾ ਦੇਸ਼ ਦੀਵਾਲੀ ਮਨਾ ਰਿਹਾ ਸੀ।

ਇਹ ਸਾਡੇ ਪੁੰਨ ਕੰਮਾਂ ਦਾ ਹੀ ਫੱਲ ਹੈ ਕਿ ਸਾਨੂੰ ਉਸ ਲੰਮ੍ਹੇ ਦੇ ਗਵਾਹ ਬਣੇ। ਰਾਮ ਨਵਮੀ ਦਾ ਇਹ ਪਰਵ ਸਿਰਫ ਭਗਵਾਨ ਰਾਮ ਦੇ ਜਨਮ ਦਾ ਉਤਸਵ ਨਹੀਂ, ਸਗੋਂ ਉਨ੍ਹਾਂ ਦੇ ਆਦਰਸ਼ਾਂ ਨੂੰ ਅਪਨਾਉਣ ਦਾ ਸੰਕਲਪ ਵੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਭਗਵਾਨ ਸ਼੍ਰੀਰਾਮ ਦਾ ਜੀਵਨ ਸਾਨੂੰ ਸਿਖਾਉਂਦਾ ਹੈ ਕਿ ਸਚਾਈ ਦੇ ਮਾਰਗ @ਤੇ ਚੱਲਣ ਵਾਲਿਆਂ ਨੂੰ ਕਈ ਮੁਸ਼ਕਲਾਂ ਦਾ ਸਹਮਣਾ ਕਰਨਾ ਪੈ ਸਕਦਾ ਹੈ, ਪਰ ਆਖੀਰ ਵਿੱਚ ਜਿੱਤ ਸਚਾਈ ਦੀ ਹੀ ਹੁੰਦੀ ਹੈ। ਸ਼੍ਰੀਰਾਮ ਦੇ ਆਦਰਸ਼ ਨਾ ਸਿਰਫ ਸਾਡੇ ਨਿਜੀ ਜੀਵਨ ਵਿੱਚ, ਸਗੋਂ ਸਮਾਜ ਅਤੇ ਰਾਸ਼ਟਰ ਨਿਰਮਾਣ ਵਿੱਚ ਵੀ ਮਾਰਗਦਰਸ਼ਕ ਹਨ। ਅੱਜ ਜਦੋਂ ਸਾਨੂੰ ਵਿਕਸਿਤ ਹਰਿਆਣਾ-ਵਿਕਸਿਤ ਭਾਰਤ ਦੇ ਨਿਰਮਾਣ ਦੀ ਦਿਸ਼ਾ ਵਿੱਚ ਵੱਧ ਰਹੇ ਹਨ, ਤਾਂ ਸਾਨੂੰ ਭਗਵਾਨ ਸ਼੍ਰੀਰਾਮ ਦੇ ਆਦਰਸ਼ਾਂ ਤੋਂ ਪ੍ਰੇਰਣਾ ਲੈਂਦੇ ਹੋਏ ਆਪਣੀ ਜਿਮੇਵਾਰੀਆਂ ਨੂੰ ਨਿਭਾਉਣਾ ਚਾਹੀਦਾ ਹੈ।

ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦਾ ਸਭਕਾ ਸਾਥ, ਸੱਭਕਾ ਵਿਕਾਸ, ਸੱਭਕਾ ਵਿਸ਼ਵਾਸ, ਸੱਭਕਾ ਪ੍ਰਯਾਸ ਦਾ ਮੰਤਰ ਵੀ ਰਾਮਰਾਜ ਦੇ ਆਦਰਸ਼ਾਂ ਨੂੰ ਸਾਕਾਰ ਕਰਨ ਦਾ ਯਤਨ ਹੈ।

ਇਹ ਸਾਡੀ ਖੁਸ਼ਕਿਸਮਤੀ ਹੈ ਕਿ ਪ੍ਰਧਾਨ ਮੰਤਰੀ 14 ਅਪ੍ਰੈਲ ਨੂੰ ਹਿਸਾਰ ਸਥਿਤ ਮਹਾਰਾਜਾ ਅਗਰਸੇਨ ਏਅਰਪੋਰਟ ਤੋਂ ਸ਼੍ਰੀਰਾਮ ਜਨਮੀ ਭੂਮੀ ਅਯੋਧਿਆ ਲਈ ਹਵਾਈ ਸੇਵਾ ਦਾ ਵੀ ਉਦਘਾਟਨ ਕਰਨਗੇ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਰਾਮ ਨਵਮੀ @ਤੇ ਅਸੀਂ ਸਾਰੇ ਮਿਲ ਕੇ ਇਹ ਸੰਕਲਪ ਲੈਣ ਕਿ ਅਸੀਂ ਆਪਣੇ ਸਮਾਜ ਦੇ ਰਾਜ ਵਿੱਚ ਸ਼ਾਂਤੀ, ਖੁਸ਼ਹਾਲੀ ਅਤੇ ਭਾਈਚਾਰਾ ਦੇ ਮਾਹੌਲ ਨੂੰ ਬਰਕਰਾਰ ਰੱਖਾਂਗੇ।

# ਸਿੱਖਿਆ ਸੁਧਾਰਾਂ ਦੀ ਆਲੋਚਨਾ ਕਰਨ ਵਾਲਿਆਂ ਨੂੰ ਹਰਜੋਤ ਸਿੰਘ ਬੈਂਸ ਨੇ ਕਰੜੇ ਹੱਥੀਂ ਲਿਆ



**ਚੰਡੀਗੜ੍ਹ, 11 ਅਪ੍ਰੈਲ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਅੱਜ ਵਿਰੋਧੀ ਆਗੂਆਂ ਵੱਲੋਂ ਪੰਜਾਬ ਸਰਕਾਰ ਦੇ ਸਿੱਖਿਆ ਸੁਧਾਰਾਂ ਦੀ ਕੀਤੀ ਜਾ ਰਹੀ ਆਲੋਚਨਾ ਨੂੰ ਮਹਿਜ਼ ਡਰਾਮਾ ਕਰਾਰ ਦਿੱਤਾ ਅਤੇ ਕਿਹਾ ਕਿ ਇਹ ਲੋਕ ਨਿੱਜੀ ਤੇ ਰਾਜਸੀ ਮੁਫਾਦਾਂ ਲਈ ਅਜਿਹਾ ਕਰ ਰਹੇ ਹਨ। ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਫੇਜ਼-11 ਮੋਹਾਲੀ ਵਿਖੇ ਕਰਵਾਏ ਗਏ ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ, ÷ਜਿਨ੍ਹਾਂ ਲੋਕਾਂ ਨੇ ਦਹਾਕਿਆਂ ਤੱਕ ਸਰਕਾਰੀ ਸਕੂਲਾਂ ਨੂੰ ਅਣਗੌਲਿਆ, ਹੁਣ ਉਹ 'ਪੜ੍ਹਦਾ ਪੰਜਾਬ@ ਦੇਖ ਕੇ ਡਰੇ ਹੋਏ ਹਨ। ਜਦੋਂ ਪੰਜਾਬ ਦੀ ਸਿੱਖਿਆ ਪ੍ਰਣਾਲੀ ਅਸਫ਼ਲ ਹੋ ਰਹੀ ਸੀ, ਇਹ ਸਾਰੇ ਚੁੱਪ ਸਨ। ਹੁਣ ਜਦੋਂ ਸਾਡੇ ਬੱਚੇ ਵਧ-ਫੁੱਲ ਰਹੇ ਹਨ, ਤਰੱਕੀ ਕਰ ਰਹੇ ਹਨ ਤਾਂ ਇਨ੍ਹਾਂ ਨੂੰ ਖ਼ਤਰਾ ਮਹਿਸੂਸ ਹੋ ਰਿਹਾ ਹੈ। ਸ. ਹਰਜੋਤ ਸਿੰਘ ਬੈਂਸ ਨੇ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਦੇ ਸੱਤਾ ਸੰਭਾਲਣ ਤੋਂ ਬਾਅਦ ਹੋਏ ਵੱਡੇ ਸੁਧਾਰਾਂ ਵੱਲ ਝਾਤ ਮਰਵਾਉਂਦਿਆਂ ਕਿਹਾ, ÷ਸਾਨੂੰ ਵਿਰਾਸਤ ਵਿੱਚ ਲਗਭਗ 20,000 ਸਰਕਾਰੀ ਸਕੂਲਾਂ ਵਿੱਚੋਂ ਜ਼ਿਆਦਾਤਰ ਬਿਨਾਂ ਚਾਰਦੀਵਾਰੀ, ਬਿਨਾਂ ਢੁਕਵੇਂ ਪਖਾਨਿਆਂ ਤੇ ਬਿਨਾਂ ਢੁੱਕਵੀਆਂ ਵਿਦਿਅਕ ਸਹੂਲਤਾਂ ਦੇ ਬਹੁਤ ਹੀ ਮਾੜੀ ਹਾਲਤ ਵਿੱਚ ਮਿਲੇ। ਅੱਜ, ਪੰਜਾਬ ਦੇ ਲਗਭਗ ਹਰ ਸਰਕਾਰੀ ਸਕੂਲ ਵਿੱਚ ਚਾਰਦੀਵਾਰੀ ਹੈ, ਕੁੜੀਆਂ ਅਤੇ ਮੁੰਡਿਆਂ ਲਈ ਵੱਖਰੇ ਪਖਾਨੇ ਹਨ, ਫਰਨੀਚਰ, ਪੀਣ ਵਾਲੇ ਸਾਫ਼ ਪਾਣੀ ਦੀਆਂ ਸਹੂਲਤਾਂ ਅਤੇ 90% ਸਕੂਲਾਂ ਵਿੱਚ ਵਾਈਫਾਈ ਕਨੈਕਟੀਵਿਟੀ ਹੈ। ਇਨ੍ਹਾਂ ਵਿਕਾਸ ਕਾਰਜਾਂ ਦੀ ਸ਼ਲਾਘਾ ਕਰਨ ਦੀ ਬਜਾਏ ਵਿਰੋਧੀ ਧਿਰਾਂ ਦੇ ਆਗੂ ਇਨ੍ਹਾਂ ਦੀ ਨਿੰਦਾ ਕਰ ਰਹੇ ਹਨ ਅਤੇ ਇਨ੍ਹਾਂ ਵਿਕਾਸ ਕਾਰਜਾਂ ਦੇ ਉਦਘਾਟਨਾਂ @ਤੇ ਸਵਾਲ ਚੁੱਕ ਰਹੇ ਹਨ।

# ਪੰਜਾਬ ਦੀਆਂ ਅਨਾਜ ਮੰਡੀਆਂ ਕਿਸਾਨਾਂ ਦੇ ਸਵਾਗਤ ਲਈ ਤਿਆਰ: ਲਾਲ ਚੰਦ ਕਟਾਰੂਚੱਕ

## ਕਣਕ ਦੀ ਬੰਪਰ ਫ਼ਸਲ ਦੀ ਸੰਭਾਵਨਾ ਦੇ ਚਲਦਿਆਂ 124 ਲੱਖ ਮੀਟਰਿਕ ਟਨ ਖਰੀਦ ਦਾ ਟੀਚਾ ਮਿਥਿਆ, 1864 ਖਰੀਦ ਕੇਂਦਰ ਸਥਾਪਤ, 600 ਆਰਜ਼ੀ ਮੰਡੀਆਂ ਦਾ ਵੀ ਕੀਤਾ ਪ੍ਰਬੰਧ



**ਚੰਡੀਗੜ੍ਹ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਦੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੰਗਰੂਰ ਜ਼ਿਲ੍ਹੇ ਸਮੇਤ ਪੰਜਾਬ ਦੇ 7 ਜ਼ਿਲ੍ਹਿਆਂ ਵਿੱਚ ਕਣਕ ਦੀ ਖਰੀਦ ਲਈ ਕੀਤੇ ਪ੍ਰਬੰਧਾਂ ਬਾਰੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਪੱਸ਼ਟ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਸਮੁੱਚੇ ਸੀਜ਼ਨ ਦੌਰਾਨ ਕਿਸੇ ਵੀ ਅਨਾਜ ਮੰਡੀ ਵਿੱਚ ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ ਸਮੇਤ ਕਣਕ ਦੇ ਖਰੀਦ ਪ੍ਰਬੰਧਾਂ ਨਾਲ ਜੁੜੇ ਕਿਸੇ ਵੀ ਵਰਗ ਨੂੰ ਕੋਈ ਦਿੱਕਤ ਪੇਸ਼ ਨਾ ਆਉਣ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਮੰਡੀਆਂ ਜਿਣਸ ਲੈ ਕੇ ਆਉਣ ਵਾਲੇ ਕਿਸਾਨਾਂ ਦੇ ਸਵਾਗਤ ਲਈ ਪੂਰੀ ਤਰ੍ਹਾਂ ਤਿਆਰ ਹਨ ਅਤੇ ਮੰਡੀਆਂ ਵਿੱਚ ਖਰੀਦ, ਲਿਫਟਿੰਗ, ਬਾਰਦਾਨੇ, ਕਰੇਟਾਂ ਤੇ ਅਦਾਇਗੀ ਸਬੰਧੀ ਸਾਰੇ ਲੋੜੀਂਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।

ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਅਧਿਕਾਰੀਆਂ ਦੀ ਮੀਟਿੰਗ ਦੌਰਾਨ ਮੰਡੀਆਂ ਵਿੱਚ ਕੀਤੇ ਗਏ ਪ੍ਰਬੰਧਾ ਜਿਵੇਂ ਪੀਣ ਵਾਲੇ ਪਾਣੀ, ਸਾਫ਼ ਸਫਾਈ, ਰੌਸ਼ਨੀ ਪ੍ਰਬੰਧਾਂ, ਗੁਸਲਖਾਨਿਆਂ ਦੀ ਸਫਾਈ ਆਦਿ ਸਬੰਧੀ ਵਧੀਆ ਫੀਡਬੈਕ ਮਿਲੀ ਹੈ ਅਤੇ ਇਸ ਵਾਰ ਵੀ ਕਣਕ ਦੀ ਖਰੀਦ ਦਾ ਸੀਜ਼ਨ ਸ਼ਾਨਦਾਰ ਰਹੇਗਾ। ਉਨ੍ਹਾਂ ਦੱਸਿਆ ਕਿ ਇਸ ਸਾਲ ਕਣਕ ਦੀ ਬੰਪਰ ਫਸਲ ਹੋਣ ਦੀ ਸੰਭਾਵਨਾ ਹੈ ਅਤੇ 124 ਲੱਖ ਮੀਟਰਿਕ ਟਨ ਕਣਕ ਖਰੀਦਣ ਦਾ ਟੀਚਾ ਮਿਥਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਨੇ 28 ਹਜ਼ਾਰ 894 ਕਰੋੜ ਰੁਪਏ ਦੀ ਕੈਸ਼ ਕ੍ਰੈਡਿਟ ਲਿਮਟ (ਸੀਸੀਐਲ) ਦਾ ਪ੍ਰਬੰਧ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸੀਜ਼ਨ ਦੌਰਾਨ ਪੰਜਾਬ ਦੀਆਂ ਮੰਡੀਆਂ ਵਿੱਚ 8 ਲੱਖ ਦੇ ਕਰੀਬ ਕਿਸਾਨ ਆਪਣੀ ਜਿਣਸ ਲੈ ਕੇ ਆਉਣਗੇ ਜਿਸ ਦੇ ਸਨਮੁੱਖ 1864 ਖਰੀਦ ਕੇਂਦਰ ਬਣਾਏ ਗਏ ਹਨ ਅਤੇ ਇਸ ਤੋਂ ਇਲਾਵਾ 600 ਆਰਜ਼ੀ ਮੰਡੀਆਂ ਵੀ ਬਣਾਈਆਂ ਗਈਆਂ ਹਨ ਜਿਨ੍ਹਾਂ ਦੀ ਲੋੜ ਅਨੁਸਾਰ ਵਰਤੋਂ ਕੀਤੀ ਜਾਵੇਗੀ।

ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਸੂਬੇ ਦੀਆਂ ਅਨਾਜ ਮੰਡੀਆਂ ਵਿੱਚ ਵਿਸਾਖੀ ਨੇੜੇ ਭਰਪੂਰ ਫਸਲ ਆਉਣੀ ਸ਼ੁਰੂ ਹੋ ਜਾਵੇਗੀ ਅਤੇ ਮੰਡੀਆਂ ਵਿੱਚ ਆਉਣ ਵਾਲੇ ਕਣਕ ਦੇ ਹਰੇਕ ਦਾਣੇ ਦੀ ਖਰੀਦ ਨੂੰ ਯਕੀਨੀ ਬਣਾਉਣ ਅਤੇ 24 ਘੰਟਿਆਂ ਅੰਦਰ ਅਦਾਇਗੀ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ।

ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਸੰਗਰੂਰ, ਬਠਿੰਡਾ, ਮਾਨਸਾ, ਮਲੇਰਕੋਟਲਾ, ਫਤਿਹਗੜ੍ਹ ਸਾਹਿਬ, ਮੁਕਤਸਰ ਸਾਹਿਬ ਤੇ ਫਾਜ਼ਿਲਕਾ ਜ਼ਿਲ੍ਹਿਆਂ ਦੇ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰਾਂ, ਫੂਡ ਸਪਲਾਈ ਅਫ਼ਸਰਾਂ, ਸਰਕਾਰੀ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰਾਂ ਨੂੰ ਹਦਾਇਤ ਕੀਤੀ ਕਿ ਉਹ ਬਿਨਾਂ ਕਿਸੇ ਠੋਸ ਕਾਰਨ ਤੋਂ ਛੁੱਟੀ ਨਹੀਂ ਲੈਣਗੇ ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਕਿਸਮ ਦੀਆਂ ਦਿੱਕਤਾਂ ਦਾ ਸਾਹਮਣਾ ਨਾ ਕਰਨਾ ਪਵੇ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ, ਵਧੀਕ ਡਿਪਟੀ ਕਮਿਸ਼ਨਰ ਅਮਿਤ ਬੈਂਬੀ, ਐਸ.ਪੀ ਨਵਰੀਤ ਸਿੰਘ ਵਿਰਕ, ਐਸ.ਡੀ.ਐਮ ਚਰਨਜੋਤ ਸਿੰਘ ਵਾਲੀਆ, ਡਿਪਟੀ ਡਾਇਰੈਕਟਰ ਫੂਡ ਤੇ ਸਿਵਲ ਸਪਲਾਈ ਪਟਿਆਲਾ, ਫਰੀਦਕੋਟ ਤੇ ਫਿਰੋਜ਼ਪੁਰ ਡਵੀਜ਼ਨ ਵੀ ਹਾਜ਼ਰ ਸਨ।

# ਬਲਕਾਰ ਸਿੰਘ ਭੋਖੜਾ ਚੇਅਰਮੈਂਨ ਮਾਰਕੀਟ ਕਮੇਟੀ ਦੇ ਅਹੁਦਾ ਸੰਭਾਲ ਸਮਾਰੋਹ ਮੌਕੇ ਉਮੜਿਆ ਜਨ ਸੈਲਾਬ



**ਬਠਿੰਡਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਗੋਨੇਆਣਾ ਮੰਡੀ ਦੀ ਮਾਰਕੀਟ ਕਮੇਟੀ ਦੇ ਨਵ ਨਿਯੁਕਤ ਚੇਅਰਮੈਨ ਸਰਦਾਰ ਬਲਕਾਰ ਸਿੰਘ ਭੋਖੜਾ ਦੇ ਆਹੁਦਾ ਸੰਭਾਲ ਸਮਾਰੋਹ ਮੌਕੇ ਕੈਬਿਨਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਪ੍ਰੌਫੈਸਰ ਬਲਜਿੰਦਰ ਕੌਰ ਚੀਫ ਵਿਪ ਪੰਜਾਬ ਸਰਕਾਰ, ਹਰਚੰਦ ਸਿੰਘ ਬਰਸਟ ਚੇਅਰਮੈਨ ਮੰਡੀ ਬੋਰਡ ਪੰਜਾਬ ਸਰਕਾਰ, ਮਾਸਟਰ ਜਗਸੀਰ ਸਿੰਘ ਹਲਕਾ ਵਿਧਾਇਕ ਭੁੱਚੋ, ਜਗਰੂਪ ਸਿੰਘ ਗਿੱਲ ਵਿਧਾਇਕ ਬਠਿੰਡਾ ਸ਼ਹਿਰੀ, ਸੁਖਵੀਰ ਸਿੰਘ ਮਾਈਸਰਖਾਨਾ ਵਿਧਾਇਕ ਮੌੜ, ਸ਼ਮਿੰਦਰ ਸਿੰਘ ਖਿੰਡਾ ਚੇਅਰਮੈਂਨ ਪੰਜਾਬ ਐਗਰੋ ਇੰਡਸਟਰੀਜ਼, ਰਾਕੇਸ਼ ਪੁਰੀ ਚੇਅਰਮੈਨ ਵਣ ਵਿਭਾਗ ਪੰਜਾਬ, ਨਵਦੀਪ ਜੀਦਾ ਚੇਅਰਮੈਨ ਸ਼ੂਗਰਫੈੱਡ ਪੰਜਾਬ, ਗੁਰਜੰਟ ਸਿੰਘ ਸਿਵੀਆਂ ਵਾਈਸ ਚੇਅਰਮੈਨ ਐਸੀ ਕਾਰਪੋਰੇਸ਼ਨ ਪੰਜਾਬ ਸਰਕਾਰ, ਜਤਿੰਦਰ ਭੱਲਾ ਚੇਅਰਮੈਂਨ ਇੰਪਰੋਵਮੇਂਟ ਟਰੱਸਟ ਬਠਿੰਡਾ, ਅੰਮ੍ਰਿਤ ਅਗਰਵਾਲ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, , ਅਮਰਦੀਪ ਰਾਜਨ, ਰਜਨੀਸ਼ ਰਾਜੂ ਬਲਾਕ ਪ੍ਰਧਾਨ, ਕਸ਼ਮੀਰੀ ਲਾਲ ਗਰਗ ਪ੍ਰਧਾਨ ਨਗਰ ਕੌਂਸਲ ਗੋਨੇਅਨਾ , ਹਰਪ੍ਰੀਤ ਸਿੰਘ ਪ੍ਰਧਾਨ ਟਰੱਕ ਯੂਨੀਅਨ ਗੋਨੇਅਣਾ ਸਮੇਤ ਵੱਡੀ ਗਿਣਤੀ ਵਿੱਚ ਪਿੰਡਾ ਦੇ ਸਰਪੰਚ, ਪੰਚ ਅਤੇ ਮੈਂਬਰ ਸਹਿਬਾਨ ਹਾਜ਼ਰ ਸਨ, ਅੱਜ ਬਲਕਾਰ ਸਿੰਘ ਭੋਖੜਾ ਨੇ ਗੁਰੂ ਸਾਹਿਬ ਦਾ ਅਸ਼ੀਰਵਾਦ ਲੈਕੇ ਆਪਣਾ ਅਹੁਦਾ ਸੰਭਾਲ ਲਿਆ।

ਇਸ ਮੌਕੇ ਬਹੁਤ ਵੱਡੀ ਗਿਣਤੀ ਵਿੱਚ ਓਹਨਾ ਦੇ ਚਾਹੁਣ ਵਾਲੇ ਓਹਨਾ ਨੂੰ ਮੁਬਾਰਕਬਾਦ ਦੇਣ ਲਈ ਪਹੁੰਚੇ ਹੋਏ ਸਨ, ਅੱਜ ਦੇ ਇਕੱਠ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ, ਗੁਰਮੀਤ ਸਿੰਘ ਖੁੱਡੀਆਂ ਨੇ ਬਲਕਾਰ ਸਿੰਘ ਭੋਖੜਾ ਦੇ ਆਹੁਦਾ ਸੰਭਾਲ ਸਮਾਰੋਹ ਮੌਕੇ ਬੋਲਦਿਆਂ ਕਿਹਾ ਕਿ ਬਲਕਾਰ ਸਿੰਘ ਭੋਖੜਾ ਬਹੁਤ ਹੀ ਮਿਹਨਤੀ ਅਤੇ ਆਮ ਲੋਕਾਂ ਦੇ ਹਰ ਦੁੱਖ ਸੁੱਖ ਵਿਚ ਸ਼ਾਮਿਲ ਹੋਣ ਵਾਲੇ ਇਨਸਾਨ ਹਨ , ਓਹਨਾ ਦੇ ਚੈਅਰਮੈਨ ਬਣਨ ਨਾਲ਼ ਮਾਰਕੀਟ ਕਮੇਟੀ ਦੇ ਕੰਮਕਾਜ਼ ਵਿੱਚ ਬਹੁਤ ਸੁਧਾਰ ਵੇਖਣ ਨੂੰ ਮਿਲੇਗਾ।

ਇਸ ਮੌਕੇ ਬਲਕਾਰ ਸਿੰਘ ਭੋਖੜਾ ਨੇ ਓਹਨਾ ਦੇ ਅਹੁਦਾ ਸੰਭਾਲ ਸਮਾਰੋਹ ਮੌਕੇ ਪਹੁੰਚੇ ਸਾਰੇ ਹੀ ਸੱਜਣਾ ਮਿੱਤਰਾ ਸਮੇਤ ਕੈਬਿਨਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਪ੍ਰੌਫੈਸਰ ਬਲਜਿੰਦਰ ਕੌਰ, ਅਤੇ ਸਾਰੇ ਹੀ ਚੇਅਰਮੈਂਨ ਸਾਹਿਬਾਨ ਦਾ ਬਹੁਤ ਬਹੁਤ ਧੰਨਵਾਦ ਕੀਤਾ।

# ਸਿੱਖਿਆ ਕ੍ਰਾਂਤੀ ਬਦਲੇਗੀ ਪੰਜਾਬ ਦੀ ਤਸਵੀਰ: ਹਰਭਜਨ ਸਿੰਘ ਈ. ਟੀ.



**ਚੰਡੀਗੜ੍ਹ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਦੀ ਵਾਗਡੋਰ ਸੰਭਾਲਣ ਸਾਰ ਸਭ ਤੋਂ ਪਹਿਲਾਂ ਸਰਕਾਰੀ ਸਕੂਲਾਂ ਦੀ ਦਸ਼ਾ ਸੁਧਾਰਨ ਦੀ ਦਿਸ਼ਾ ਵਿਚ ਕੰਮ ਸ਼ੁਰੂ ਕੀਤਾ। ਉਕਤ ਪ੍ਰਗਟਾਵਾ ਇਕ ਪ੍ਰੈਸ ਬਿਆਨ ਰਾਹੀਂ ਸੂਬੇ ਦੇ ਕੈਬਨਿਟ ਮੰਤਰੀ ਸਰਦਾਰ ਹਰਭਜਨ ਸਿੰਘ ਈ. ਟੀ. ਓ. ਨੇ ਕੀਤਾ। ਉਨ੍ਹਾਂ ਕਿਹਾ ਸਿੱਖਿਆ ਕ੍ਰਾਂਤੀ ਪੰਜਾਬ ਰਾਜ ਦੀ ਤਸਵੀਰ ਬਦਲ ਕੇ ਰੱਖ ਦੇਵੇਗੀ।

ਉਨ੍ਹਾਂ ਕਿਹਾ ਸਾਡੀ ਪਾਰਟੀ ਨੇ ਦੇਸ਼ ਅਜ਼ਾਦ ਹੋਣ ਤੋਂ ਬਾਅਦ ਪਹਿਲੀ ਵਾਰ ਸਿੱਖਿਆ ਦੇ ਨਾਮ ਤੇ ਲੋਕਾਂ ਤੋਂ ਵੋਟਾਂ ਪਾਉਣ ਦੀ ਮੰਗ ਕੀਤੀ ਸੀ ਜਿਸ ਨੂੰ ਲੋਕਾਂ ਨੇ ਭਰਪੂਰ ਹੁੰਗਾਰਾ ਦਿੱਤਾ ਅਤੇ ਸਾਡੀ ਪਾਰਟੀ ਦੇ 92 ਉਮੀਦਵਾਰਾਂ ਨੂੰ ਜਿਤਾ ਕੇ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਗਠਨ ਕੀਤਾ।

ਸਰਦਾਰ ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਕਿ ਸੂਬੇ ਦੇ 20 ਹਜ਼ਾਰ ਤੋਂ ਵੱਧ ਸਰਕਾਰੀ ਸਕੂਲਾਂ ਦਾ ਸੁਧਾਰ ਕਰਨ ਵਿੱਚ ਸਮਾਂ ਲੱਗ ਰਿਹਾ ਹੈ ਪ੍ਰੰਤੂ ਫਿਰ ਵੀ ਸਾਡੀ ਸਰਕਾਰ ਇਸ ਦਿਸ਼ਾ ਪੂਰੀ ਦ੍ਰਿੜਤਾ ਅਤੇ ਇਮਾਨਦਾਰ ਨਾਲ ਕੰਮ ਕਰ ਰਹੀ ਹੈ ਜਿਸ ਦੇ ਸਾਰਥਕ ਨਤੀਜੇ ਵੀ ਸਾਹਮਣੇ ਆਉਣ ਲੱਗੇ ਹਨ।

ਉਨ੍ਹਾਂ ਕਿਹਾ ਕਿ 70 ਸਾਲ ਤੋਂ ਵੱਧ ਸੂਬੇ ਦਾ ਰਾਜਭਾਗ ਭੋਗਣ ਵਾਲੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਸਾਡੀ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਕੀਤੇ ਜਾ ਰਹੇ ਵਿਕਾਸ ਕਾਰਜ ਬਰਦਾਸ਼ਤ ਨਹੀਂ ਹੋ ਰਹੇ।

ਸਰਦਾਰ ਹਰਭਜਨ ਸਿੰਘ ਈ ਟੀ ਓ ਨੇ ਦੱਸਿਆ ਕਿ ਉਨ੍ਹਾਂ ਦੇ ਵਿਧਾਨ ਸਭਾ ਹਲਕੇ ਨੂੰ ਵੀ ਕਰੋੜਾਂ ਰੁਪਏ ਦੇ ਫੰਡ ਸਰਕਾਰੀ ਸਕੂਲਾਂ ਦੇ ਵਿਕਾਸ ਲਈ ਪ੍ਰਾਪਤ ਹੋਏ ਹਨ ਜਿਨ੍ਹਾਂਵਿਚੋਂ ਸਰਕਾਰੀ ਐਲੀਮੈਂਟਰੀ ਅਤੇ ਸਰਕਾਰੀ ਮਿਡਲ ਸਕੂਲ ਧੀਰੇਕੋਟ, ਸਰਕਾਰੀ ਐਲੀਮੈਂਟਰੀ ਸਕੂਲ ਗਹਿਰੀ, ਜੰਡਿਆਲਾ ਗੁਰੂ , ਸਰਕਾਰੀ ਐਲੀਮੈਂਟਰੀ ਅਤੇ ਸਰਕਾਰੀ ਮਿਡਲ ਸਕੂਲ ਭੰਗਵਾਂ ਅਤੇ ਸਰਕਾਰੀ ਹਾਈ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਟਾਂਗਰਾ ਵਿਖੇ ਹੋਏ ਵਿਕਾਸ ਕਾਰਜਾਂ ਦਾ ਉਹ ਭਲਕੇ 9 ਅਪ੍ਰੈਲ 2025 ਨੂੰ ਉਦਘਾਟਨ ਕਰਨਗੇ।

# ਭਗਵੰਤ ਮਾਨ 169 ਸਕਰੀਨਾਂ ਤੇ 2.38 ਕਰੋੜ ਖਰਚ ਵਿਖਾਈਆਂ ਆਪਣੀਆਂ ਤਸਵੀਰਾਂ: ਬੁਜਰਕ



**ਪਾਤੜਾਂ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਲੋਂ ਆਪਣੇ ਕੰਮਾਂ ਦੀ ਇਸ਼ਤਿਹਾਰਬਾਜ਼ੀ ਕਰਨ ਲਈ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ ਜਦੋਂ ਕਿ ਭਗਵੰਤ ਮਾਨ ਵਲੋਂ ਇਸ਼ਤਿਹਾਰ ਬਾਜ਼ੀ ਦਾ ਵਿਰੋਧ ਕੀਤਾ ਜਾਂਦਾ ਰਿਹਾ ਹੈ ? ਕਦੇ ਚੋਣਾਂ ਦੌਰਾਨ ਬਾਦਲ ਦੇ ਪਤੀਲੇ ਮਾਂਜਣ ਵਾਲੇ ਭਗਵੰਤ ਮਾਨ ਨੇ ਐਲ ਐਫ ਡੀ ਸਕਰੀਨਾਂ ਰਾਹੀਂ ਸਰਕਾਰ ਦੇ ਕੰਮ ਵਿਖਾਉਣ ਲਈ ਕਰੋੜਾਂ ਰੁਪਏ ਖਰਚ ਕੀਤੇ ਹਨ। ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਆਰ ਟੀ ਆਈ ਮਾਹਿਰ ਬਿ ?ਸ ਭਾਨ ਬੁਜਰਕ ਨੇ ਦੱਸਿਆ ਕਿ ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ, ਕੋਲੋਂ ਸੂਚਨਾ ਦੇ ਅਧਿਕਾਰ ਐਕਟ 2005 ਤਹਿਤ ਤਹਿਸੀਲਾਂ ਅਤੇ ਹੋਰ ਦਫ਼ਤਰਾਂ ਚ ਲਗਾਈਆਂ ਗਈਆਂ ਐਲ ਐਫ਼ ਡੀ ਸਕਰੀਨਾਂ ਦੀ ਕੁੱਲ ਗਿਣਤੀ ਅਤੇ ਲਾਗਤ ਸਬੰਧੀ ਜਾਣਕਾਰੀ ਮੰਗੀ ਗਈ ਸੀ। ਇਨ੍ਹਾਂ ਸਕਰੀਨਾਂ ਨੂੰ ਵਾਈ ਫਾਈ ਪ੍ਰਣਾਲੀ ਨਾਲ ਜੋੜਿਆ ਗਿਆ ਹੈ ਅਤੇ ਮਿੰਟਾਂ ਦੇ ਹਿਸਾਬ ਨਾਲ ਇਸ਼ਤਿਹਾਰ ਬਾਜ਼ੀ ਬਦਲਦੀ ਰਹਿੰਦੀ ਹੈ, ਦੇ ਜਵਾਬ ਵਿੱਚ ਲੋਕ ਸੰਪਰਕ ਵਿਭਾਗ ਵਲੋਂ ਲਿਖਿਆ ਗਿਆ

ਹੈ ਕਿ 169 ਐਲ ਐਫ਼ ਡੀ ਸਕਰੀਨਾਂ ਦੀ ਖਰੀਦ ਕੀਤੀ ਗਈ ਹੈ। ਜਿਨ੍ਹਾਂ ਤੇ ਲਗਭਗ 2.38 ਕਰੋੜ ਰੁਪਏ ਇੰਸਟਾਲ ਕਰਵਾਏ ਗਏ ਹਨ ਇਸ ਵਚੋਂ 20% ਪ੍ਰਤੀਸ਼ਤ ਰਕਮ ਦੀ ਅਦਾਇਗੀ ਮੈਨਟੀਨੈਂਸ ਤਹਿਤ ਤਿੰਨ ਸਾਲਾ ਵਿਚ 6 ਛੇ ਬਾਰਾਬਰ ਕਿਸਤਾਂ ਵਿੱਚ ਕੀਤੀ ਜਾਣੀ ਹੈ।

# ਪੈਰਾਡਾਈਜ਼ ਸਕੂਲ ’ਚ ‘ਸਿਹਤ ਦਿਵਸ’ ਉਤਸ਼ਾਹ ਨਾਲ ਮਨਾਇਆ




**ਘੱਗਾ, 11 ਅਪ੍ਰੈਲ /ਕੀਰਤੀ ਗਰਗ**
**-ਕੌਮੀ ਪੱਤ੍ਰਿਕਾ ਬਿਊਰੋ-**

ਦਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ (ਘੱਗਾ) ਦਫ਼ਤਰੀ ਵਾਲਾ ਵਿੱਚ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਅਤੇ ਜਾਗਰੂਕਤਾ ਪੈਦਾ ਕਰਨ ਲਈ ਵਿਸ਼ਵ ਸਿਹਤ ਦਿਵਸ ਮਨਾਇਆ ਗਿਆ। ਇਸ ਦੀ ਸ਼ੁਰੂਆਤ ਵਿਦਿਆਰਥੀਆਂ ਦੁਆਰਾ ਦਿੱਤੇ ਗਏ ਪ੍ਰੇਰਨਾਦਾਇਕ ਭਾਸ਼ਣਾਂ ਨਾਲ ਹੋਈ, ਜਿਨ੍ਹਾਂ ਵਿੱਚ ਰੋਜ਼ਾਨਾ ਜੀਵਨ ਵਿੱਚ ਸਿਹਤ ਅਤੇ ਤੰਦਰੁਸਤੀ ਦੀ ਮਹੱਤਤਾ ਨੂੰ ਉਜਾਗਰ ਕੀਤਾ ਗਿਆ। ਚੰਗੀਆਂ ਆਦਤਾਂ ਅਤੇ ਮਾਨਸਿਕ ਤੰਦਰੁਸਤੀ ਦੀ ਮਹੱਤਤਾ ਦਰਸਾਉਂਦੀਆਂ ਕਵਿਤਾਵਾਂ ਦੀ ਪੇਸ਼ਕਾਰੀ ਕੀਤੀਆਂ। ਸਕੂਲ ਦੇ ਵਿਦਿਆਰਥੀਆਂ ਦੁਆਰਾ ਪੇਸ਼ ਕੀਤਾ ਗਿਆ ਇੱਕ ਸੁਰੀਲਾ ਗੀਤ ਸੀ, ਜਿਸ ਵਿੱਚ ਸੰਤੁਲਿਤ ਖੁਰਾਕ ਅਤੇ ਪੌਸ਼ਟਿਕ ਭੋਜਨ ਦੇ ਲਾਭਾਂ ਨੂੰ ਦਰਸਾਇਆ ਗਿਆ। ਵਿਦਿਆਰਥੀਆਂ ਨੇ ਇੱਕ ਰਚਨਾਤਮਕ ਅਤੇ ਵਿਦਿਅਕ ਰੋਲ ਪਲੇ ਵੀ ਪੇਸ਼ ਕੀਤਾ, ਜਿਸ ਵਿੱਚ ਜੰਕ ਫੂਡ ਦੇ ਨੁਕਸਾਨਦੇਹ ਪ੍ਰਭਾਵਾਂ ਅਤੇ ਸਿਹਤਮੰਦ ਖਾਣ-ਪੀਣ ਅਤੇ ਨਿਯਮਤ ਕਸਰਤ ਦੇ ਫਾਇਦਿਆਂ ਨੂੰ ਦਰਸਾਇਆ ਗਿਆ। ਸਮਾਗਮ ਦੀ ਸਮਾਪਤੀ ਮੌਕੇ ਸਾਰੇ ਵਿਦਿਆਰਥੀਆਂ ਨੇ ਇੱਕ ਸਿਹਤਮੰਦ ਰੁਟੀਨ ਅਪਣਾਉਣ ਅਤੇ ਬਣਾਈ ਰੱਖਣ, ਪੌਸ਼ਟਿਕ ਭੋਜਨ ਦੀ ਚੋਣ ਕਰਨ ਅਤੇ ਨਿਯਮਤ ਸਰੀਰਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦਾ ਸਮੂਹਿਕ ਪ੍ਰਣ ਲਿਆ। ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਵਿਦਿਆਰਥੀਆਂ ਅਤੇ ਸਟਾਫ਼ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ ਤੇ ਅਨੁਸ਼ਾਸਿਤ ਰੁਟੀਨ ਅਤੇ ਸੰਤੁਲਿਤ ਖੁਰਾਕ ਦੀ ਪਾਲਣਾ ਕਰਨ ਦੀ ਅਪੀਲ ਕੀਤੀ, ਜੋ ਕਿ ਇੱਕ ਸਿਹਤਮੰਦ ਜੀਵਨ ਦੀ ਨੀਂਹ ਲਈ ਜ਼ਰੂਰੀ ਹਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਚੰਗੀ ਸਿਹਤ ਇੱਕ ਖੁਸ਼ਹਾਲ ਅਤੇ ਸਫਲ ਭਵਿੱਖ ਦੀ ਕੁੰਜੀ ਹੈ।

# ਏ.ਆਰ. ਮੈਲੋਡੀਅਸ ਐਸੋਸੀਏਸ਼ਨ ਵਲੋਂ ਗਾਇਕੀ ਮੁਕਾਬਲੇ

**ਪਟਿਆਲਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਏ.ਆਰ.ਮੈਲੋਡੀਅਸ ਐਸੋਸੀਏਸ਼ਨ ਵੱਲੋਂ ਗਾਇਕਾਂ ਨੂੰ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਲਈ ਪਲੇਟਫਾਰਮ ਮੁਹਈਆ ਕਰਵਾਉਂਦਾ ਹੈ । ਸੰਸਥਾ ਦੇ ਸਰਪਰਸਤ ਡਾ. ਅਰੁਨ ਕਾਂਤ ਅਤੇ ਪ੍ਰੈਸ ਸਕੱਤਰ ਜਗਪ੍ਰੀਤ ਸਿੰਘ ਮਹਾਜਨ ਨੇ ਦੱਸਿਆ ਕਿ ਸੰਸਥਾ ਵੱਲੋਂ ਸਮੇਂ ਸਮੇਂ ਸਿਰ ਸੰਸਥਾ ਵਲੋਂ ਬਾਲੀਵੁਡ ਦੇ ਗਾਈਕਾਂ ਵੱਲੋਂ ਗਾਏ ਗੀਤਾਂ ਨੂੰ ਗਵਾ ਕੇ ਯਾਕਗਾਰੀ ਸੰਗੀਤਮਈ ਪ੍ਰੋਗਰਾਮ ਵੱਖੋ ਵੱਖਰੀ ਥਾਂ ਤੇ ਕਰਵਾਏ ਜਾਂਦੇ ਹਨ । ਸੰਸਥਾ ਵੱਲੋਂ ਬਾਲੀਵੁਡ ਦੇ ਗਾਇਕਾਂ ਦੀ ਅਵਾਜ਼ ਨੂੰ ਜਿ ?ਦਾ ਰੱਖਣ ਦੇ ਉਪਰਾਲੇ ਕੀਤੇ ਜਾਂਦੇ ਹਨ । ਇਸੇ ਲੜੀ ਦੇ ਤਹਿਤ ਏ.ਆਰ.ਮੈਲੋਡੀਅਸ ਐਸੋਸੀਏਸ਼ਨ ਵੱਲੋਂ ਇਕ ਹੋਰ ਉਚੱ ਪੱਧਰੀ ਸੰਗੀਤਮਈ ਪ੍ਰੋਗਰਾਮ ਲਈ ਮਿਤੀ: 14 ਅਪ੍ਰੈਲ 2025 ਦਿਨ ਸੋਮਵਾਰ ਨੂੰ ਕਮਿਊਨੀਟੀ ਸੈਂਟਰ, ਸੈਕਟਰ 21—ਡੀ, ਨੇੜੇ ਨਾਮਦੇਵ ਭਵਨ, ਚੰਡੀਗੜ੍ਹ ਵਿਖੇ ਗਾਇਕੀ ਦੇ ਅਡੀਸ਼ਨ ਕਰਵਾਏ ਜਾ ਰਹੇ ਹਨ।

# ਬਦਲਾਅ ਵਾਲੇ ਰਾਜ ’ਚ ਤਨਖਾਹਾਂ ਨੂੰ ਤਰਸੇ ਪ੍ਰੀ-ਪ੍ਰਾਇਮਰੀ ਅਧਿਆਪਕ : ਕਰਮਿੰਦਰ ਸਿੰਘ ਤਲਵੰਡੀ

**ਪਟਿਆਲਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੱਚੇ ਅਧਿਆਪਕਾਂ ਤੋਂ ਪੱਕੇ ਹੋਏ ਐਸੋਸੀਏਟ ਪ੍ਰੀ-ਪ੍ਰਾਇਮਰੀ ਅਧਿਆਪਕਾ ਨੂੰ ਫਰਵਰੀ ਤੇ ਮਾਰਚ ਦੀ ਤਨਖਾਹ ਨਹੀਂ ਮਿਲੀ । ਤਨਖਾਹ ਨਾ ਮਿਲਣ ਕਰਕੇ ਅਧਿਆਪਕ ਚ ਬਹੁਤ ਰੋਸ ਹੈ। ਬਹੁਤ ਸਾਰੇ ਅਧਿਆਪਕਾ ਦਾ ਚੁੱਲਾ ਇਸ ਤਨਖਾਹ ਨਾਲ ਹੀ ਚੱਲਦਾ ਹੈ। ਜੇਕਰ ਤਨਖਾਹ ਨਾ ਆਈ ਤਾਂ ਇਹ ਅਧਿਆਪਕ ਵਿਸਾਖੀ ਵੀ ਖਾਲੀ ਹੱਲ ਮਨਾਉਣ ਲਈ ਮਜਬੂਰ ਹੋਣਗੇ। ਜਥੇਬੰਦੀ ਦੀ ਪੰਜਾਬ ਪ੍ਰਧਾਨ ਹਰਪ੍ਰੀਤ ਕੌਰ ਜਲੰਧਰ ਤੇ ਸੂਬਾ ਆਗੂ ਜਿਲ੍ਹਾ ਪ੍ਰਧਾਨ ਕਰਮਿੰਦਰ ਸਿੰਘ ਪਟਿਆਲਾ ਨੇ ਦੱਸਿਆ ਕਿ ਬਹੁਤ ਘੱਟ ਤਨਖਾਹ ਹੋਣ ਦੇ ਬਾਵਜੂਦ ਸਮੇਂ ਸਿਰ ਤਨਖਾਹ ਨਹੀਂ ਦਿੱਤੀ ਜਾ ਰਹੀ, ਸਰਕਾਰ ਜਾਂ ਪ੍ਰਸ਼ਾਸ਼ਨ ਪੱਧਰ ਤੇ ਕਿਸੇ ਤਰ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀਂ।

ਜਿਸ ਕਰਕੇ ਇਹਨਾਂ ਅਧਿਆਪਕਾਂ ’ਚ ਬਹੁਤ ਭਾਰੀ ਰੋਸ ਹੈ। ਜਥੇਬੰਦੀ ਵੱਲੋਂ ਮੰਗ ਕਰਦੇ ਹੋਏ ਪਟਿਆਲਾ ਪ੍ਰਧਾਨ ਕਰਮਿੰਦਰ ਸਿੰਘ ਨੇ ਤੁਰੰਤ ਤਨਖਾਹ ਜਾਰੀ ਕਰਨ ਦੀ ਮੰਗ ਰੱਖੀ, 10 ਸਾਲ ਪੂਰੇ ਕਰਦੇ ਪੱਕੇ ਹੋਣ ਤੋਂ ਰਹਿੰਦੇ ਅਧਿਆਪਕਾਂ ਨੂੰ ਪੱਕੇ ਆਰਡਰ ਦੇਵੇ , ਗ੍ਰੇਡ ਪੇ ਲਾਗੂ ਕਰਕੇ ਸਾਰੇ ਭੱਤੇ ਦੇਵੇ, ਪੁਰਾਣੀ ਪੈਨਸ਼ਨ ਲਾਗੂ ਕਰਨ, ਰਿਟਾਇਰ ਹੋ ਚੁੱਕੇ ਪ੍ਰੀ-ਪ੍ਰਾਇਮਰੀ ਅਧਿਆਪਕਾਂ ਨੂੰ ਮੁਲਾਜ਼ਮ ਦੇ ਸਾਰੇ ਲਾਭ ਦੇਣ ਦੀ ਮੰਗ ਕੀਤੀ ਹੈ। ਜੇਕਰ ਸਰਕਾਰ ਕੋਈ ਸੁਣਵਾਈ ਨਹੀਂ ਕਰਦੀ ਤਾਂ 1ਮਈ ਤੋਂ ਮੁਹਾਲੀ ਚ ਲਾਇਆ ਜਾਵੇਗਾ ਪੱਕਾ ਧਰਨਾ । ਧਰਨੇ ਚ ਕਿਸੇ ਤਰਾਂ ਦਾ ਜੇਕਰ ਕੋਈ ਜਾਨੀ ਮਾਲੀ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਜੁਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ । ਇਸ ਮੌਕੇ ਉਹਨਾਂ ਨਾਲ , ਅਮਨਦੀਪ ਅਜਨੌਂਦਾ, ਸੱਤਾ ਬਦਨਪੁਰ, ਨਰੇਸ਼ ਸਮਾਣਾ, ਹੀਨਾ ਮੰਤਰੋ, ਹਰਦੀਪ ਕੁਲਾਰਾ, ਬਲਜੀਤ ਸਮਾਣਾਂ, ਕੁਲਵਿੰਦਰ ਭੁਨਰਹੇੜੀ, ਰੇਨੂੰ ਪਟਿਆਲਾ, ਹਰਦੀਪ ਕੌਰ ਪਟਿਆਲਾ, ਗੁਰਜੀਤ ਕੌਰ ਰਾਜਪੁਰਾ, ਅਕਵੀਨ ਕੌਰ, ਤਲਵੰਡੀ , ਸੁਖੀ ਨਾਭਾ, ਇੰਦਰਜੀਤ ਕੌਰ ਨਾਭਾ ਸਿਕੰਦਰ ਘਮਰੌਦਾ, ਇੰਦਰਜੀਤ ਰੱਖੜਾ, ਕਪੂਰ ਰਾਜਪੁਰਾ, ਰਾਜਵਿੰਦਰ ਭੁਨਰਹੇੜੀ, ਬਲਜਿੰਦਰ ਨਾਭਾ, ਸੀਮਾ, ਵੀਰਪਾਲ ਕੌਰ, ਨਵਜੋਤ ਕੌਰ, ਸ਼ਸ਼ੀ ਰਾਜਪੁਰਾ, ਹਰਮੀਤ ਪਟਿਆਲਾ ਆਦਿ ਹਾਜ਼ਰ ਸਨ।

# ਗਿਰਾਵਟ ਤੋਂ ਬਾਅਦ ਸ਼ੇਅਰ ਬਜ਼ਾਰ ’ਚ ਬੀਤੇ ਦਿਨੀਂ ਨੂੰ ਤੇਜ਼ੀ ਆਈ

**ਮੁੰਬਈ, 8 ਅਪਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

10 ਮਹੀਨਿਆਂ ਵਿਚ ਸਭ ਤੋਂ ਵੱਡੀ ਗਿਰਾਵਟ ਦਾ ਸਾਹਮਣਾ ਕਰਨ ਤੋਂ ਇੱਕ ਦਿਨ ਬਾਅਦ ਮੰਗਲਵਾਰ ਨੂੰ ਸ਼ੇਅਰ ਬਾਜ਼ਾਰ ਵਿਚ ਇਕਦਮ ਤੇਜ਼ੀ ਦਰਜ ਕੀਤੀ ਗਈ। 30 ਸ਼ੇਅਰਾਂ ਵਾਲਾ ਬੀਐੱਸਈ ਸੈਂਸੈਕਸ 1,089.18 ਅੰਕ ਜਾਂ 1.49 ਪ੍ਰਤੀਸ਼ਤ ਵਧ ਕੇ 74,227.08 ’ਤੇ ਬੰਦ ਹੋਇਆ। ਦਿਨ ਦੌਰਾਨ ਇਹ 1,721.49 ਅੰਕ ਜਾਂ 2.35 ਪ੍ਰਤੀਸ਼ਤ ਵਧ ਕੇ 74,859.39 ’ਤੇ ਪਹੁੰਚ ਗਿਆ ਸੀ। ਐੱਨਐੱਸਈ ਨਿਫਟੀ 374.25 ਅੰਕ ਜਾਂ 1.69 ਪ੍ਰਤੀਸ਼ਤ ਵਧ ਕੇ 22,535.85 ’ਤੇ ਪਹੁੰਚ ਗਿਆ।

# ਸਰਕਾਰੀ ਹਾਈ ਸਕੂਲ ਨੇਹੀਆਂ ਵਾਲਾ ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ ਪੰਜਾਬ ਵਿੱਚੋਂ ਬਾਰਵਾਂ ਸਥਾਨ ਹਾਸਲ ਕੀਤਾ



**ਬਠਿੰਡਾ, 11 ਅਪ੍ਰੈਲ/**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ ਜਮਾਤ ਦੇ ਨਤੀਜਿਆਂ ਵਿੱਚ ਸਰਕਾਰੀ ਹਾਈ ਸਕੂਲ ਨੇਹੀਆਂ ਵਾਲਾ ਦੀ ਵਿਦਿਆਰਥਣ ਜਸ਼ਨਪ੍ਰੀਤ ਕੌਰ ਪੁੱਤਰੀ ਗੁਰਚਰਨ ਸਿੰਘ ਨੇ 600 ਵਿੱਚੋਂ 589 ਅੰਕ ਪ੍ਰਾਪਤ ਕਰਕੇ ਮੈਰਿਟ ਸੂਚੀ ਵਿੱਚ ਆਪਣਾ ਨਾਂ ਦਰਜ ਕਰਵਾ ਕੇ ਪੰਜਾਬ ਵਿੱਚੋਂ ਬਾਰਵਾਂ ਤੇ ਜਿਲੇ ਵਿੱਚੋਂ ਨੌਵਾਂ ਸਥਾਨ ਪ੍ਰਾਪਤ ਕੀਤਾ ਵਿਦਿਆਰਥਣ ਦੀ ਸਫਲਤਾ ਨੂੰ ਲੈ ਕੇ ਪੂਰੇ ਪਿੰਡ ਵਿੱਚ ਖੁਸ਼ੀ ਦਾ ਮਾਹੌਲ ਹੈ ।ਸਕੂਲ ਮੁਖੀ ਸ਼੍ਰੀ ਹਰਪ੍ਰੀਤ ਸਿੰਘ ਨੇ ਅੱਠਵੀਂ ਦੇ ਨਤੀਜਿਆਂ ਤੇ ਖੁਸ਼ੀ ਪ੍ਰਗਟ ਕਰਦਿਆਂ ਦੱਸਿਆ ਕਿ ਸਕੂਲ ਦਾ ਨਤੀਜਾ 100% ਰਿਹਾ ਜਸਨੂਰ ਕੌਰ ਪੁੱਤਰੀ ਗੁਰਜੰਟ ਸਿੰਘ ਨੇ 585 ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਹਾਸਿਲ ਕੀਤਾ ਤੇ ਕੋਮਲਪ੍ਰੀਤ ਕੌਰ ਪੁੱਤਰੀ ਅਮਰੀਕ ਸਿੰਘਨੇ 578 ਨੰਬਰ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ 17 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਹਾਸਲ ਕੀਤੇ ।ਸਕੂਲ ਮੁਖੀ ਸ਼੍ਰੀ ਹਰਪ੍ਰੀਤ ਸਿੰਘ, ਪਿੰਡ ਨੇਹੀਆਂ ਵਾਲਾ ਦੇ ਸਰਪੰਚ ਸਰਦਾਰ ਸੁਖਰਾਜ ਸਿੰਘ ,ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸ਼੍ਰੀਮਤੀ ਵੀਰਪਾਲ ਕੌਰ ਨੇ ਇਸ ਸ਼ਾਨਦਾਰ ਪ੍ਰਾਪਤੀ ਲਈ ਵਿਦਿਆਰਥੀਆਂ ਦੇ ਮਾਤਾ ਪਿਤਾ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ।

# ਜਸਵੀਰ ਸਿੰਘ ਨੂੰ ਸਰਬ ਸੰਮਤੀ ਨਾਲ ਥਾਪਿਆ ਗਿਆ ਇਲੈਕਟ੍ਰੌਨਿਕ ਮੀਡੀਆ ਵੈਲਫੇਅਰ ਕਲੱਬ ਦਾ ਚੇਅਰਮੈਨ




**ਪਟਿਆਲਾ, 11 ਅਪ੍ਰੈਲ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਇਲੈਕਟ੍ਰੌਨਿਕ ਮੀਡੀਆ ਵੈਲਫ਼ੇਅਰ ਕਲੱਬ ਜਿਸ ਦੀ ਸਥਾਪਨਾ ਅਨੁਰਾਗ ਸ਼ਰਮਾ ਪ੍ਰਧਾਨ ਨੇ ਪੱਤਰਕਾਰਤਾ ਦੇ ਉੱਚੇ ਮਿਆਰ ਲਈ 5 ਸਾਲ ਪਹਿਲਾ ਕੀਤੀ ਸੀ ਕਲੱਬ ਦੇ ਪ੍ਰਧਾਨ ਅਨੁਰਾਗ ਸ਼ਰਮਾ ਨੇ ਆਪਣੇ ਕਲੱਬ ਦੇ ਸਾਥੀ ਮੈਂਬਰਾਂ ਦੇ ਸਹਿਯੋਗ ਨਾਲ ਪੱਤਰਕਾਰਿਤਾ ਦੇ ਨਾਲ ਨਾਲ ਸਮਾਜ ਸੇਵਾ,ਪਸ਼ੂ ਸੇਵਾ, ਫੁੱਲ ਬੂਟੇ ਲਗਾਉਣੇ, ਖੂਨ ਦਾਨ ਕੈਂਪ ਦੇ ਨਾਲ ਧਾਰਮਿਕ ਅਯੋਜਨ ਦੇ ਕਾਰਜ ਭੀ ਤਨ ਮਨ ਨਾਲ ਕੀਤੇ ਉਹਨਾਂ ਮੈਂਬਰਾਂ ਵਿਚੋਂ ਜਸਬੀਰ ਸਿੰਘ ਜੀ ਜਿਹਨਾਂ ਨੇ ਕਲੱਬ ਦੇ ਪ੍ਰਧਾਨ ਅਤੇ ਸਮੂਹ ਮੈਂਬਰਾਂ ਦਾ ਇਨ੍ਹਾਂ ਸਮਾਜ ਭਲਾਈ ਕਾਰਜਾਂ ਵਿਚ ਤਨ, ਮਨ, ਧਨ ਨਾਲ ਸਾਥ ਦਿੱਤਾ ਅਤੇ ਆਪਣੀ ਕੜੀ ਮੇਹਨਤ ਸਦਕੇ ਜਿਥੇ ਉਹ ਰੈਜੀਡੈਂਟ ਐਡੀਟਰ ਪੰਜਾਬ, ਹਰਿਆਣਾ, ਹਿਮਾਚਲ, ਨਿਊਜ਼ ਇੰਡੀਆ ਬਨੇ ਉਥੇ ਹੀ ਉਹਨਾਂ ਦੇ ਮੀਠੇ ਬੋਲ ਅਤੇ ਕਲੱਬ ਪ੍ਰਤੀ ਕੜੀ ਮੇਹਨਤ ਨੂੰ ਵੇਖਦੇ ਹੋਏ ਅੱਜ ਸਰਬ ਸੰਮਤੀ ਨਾਲ ਜਸਬੀਰ ਸਿੰਘ ਨੂੰ ਕਲੱਬ ਦਾ ਚੇਅਰਮੈਨ ਥਾਪਿਆ ਗਿਆ ਅਤੇ ਸਮੂਹ ਕਲੱਬ ਮੈਮਬਰਾਂ ਵਲੋਂ ਉਹਨਾਂ ਨੂੰ ਹਾਰ ਪਾ ਕੇ ਸਨਮਾਨਿਤ ਕੀਤਾ ਗਿਆ।

ਇਸ ਸਮੇਂ ਨਵੇਂ ਬਣੇ ਚੇਅਰਮੈਨ ਨੇ ਕਲੱਬ ਪ੍ਰਤੀ ਹੋਰ ਨਿਸ਼ਠਾਵਾਨ ਹੋਣ ਦਾ ਭਰੋਸਾ ਦਿਵਾਇਆ।

# ਬ੍ਰਿਗੇਡੀਅਰ ਬਿਕਰਮ ਸਿੰਘ ਵੱਲੋਂ ਸਥਾਨਕ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਲਾਲ ਕੁਰਤੀ ਇਲਾਕੇ ਦਾ ਦੌਰਾ



**ਫਿਰੋਜ਼ਪੁਰ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬ੍ਰਿਗੇਡੀਅਰ ਬਿਕਰਮ ਸਿੰਘ, ਕੈਂਟ ਬੋਰਡ (ਪੀਸੀਬੀ) ਦੇ ਸੀ ਈ ਓ ਜੋਨਸ ਵਿਕਾਸ ਅਤੇ ਕੈਂਟੋਨਮੈਂਟ ਬੋਰਡ ਦੇ ਹੋਰ ਅਧਿਕਾਰੀਆ ਦੇ ਨਾਲ ਸਥਾਨਕ ਵਸਨੀਕਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਸਥਾਨਕ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਲਾਲ ਕੁਰਤੀ ਇਲਾਕੇ ਦਾ ਦੌਰਾ ਕੀਤਾ।

ਉਹਨਾ ਨੇ ਛਾਉਣੀ ਬੋਰਡ ਸਕੂਲ ਦਾ ਦੌਰਾ ਵੀ ਕੀਤਾ ਅਤੇ ਦਿਨ ਦੇ ਖਾਣੇ ਦੀ ਤਿਆਰੀ ਲਈ ਸਹੂਲਤਾਂ ਦੀ ਜਾਂਚ ਕੀਤੀ. ਪੀਸੀਬੀ ਵਿਦਿਆਰਥੀ ਅਤੇ ਕਰਮਚਾਰੀਆਂ ਨਾਲ ਗੱਲਬਾਤ ਦੀ ਗੁਣਵੱਤਾ ਅਤੇ ਸਫਾਈ ਦੇ ਮਿਆਰਾਂ ਨੂੰ ਯਕੀਨੀ ਬਣਾਉਣ ਲਈ ਬੱਚਿਆਂ ਨੂੰ ਮਿਲੇ ਉਹਨਾਂ ਕੈਂਟ ਬੋਰਡ ਸਕੂਲ ਨੂੰ ਬਾਰਵੀਂ ਕਲਾਸ ਤਕ ਅਪਗਰੇਡ ਕਰਨ ਦਾ ਵੀ ਕਿਹਾ। ਵਸਨੀਕਾਂ ਨਾਲ ਗੱਲਬਾਤ ਦੇ ਦੌਰਾਨ ਨਜਾਇਜ਼ ਸ਼ਰਾਬ ਦੀ ਵਿਕਰੀ, ਪ੍ਰਮੁੱਖ ਮੁੱਦੇ ਜਿਵੇਂ ਕਿ ਨੌਜਵਾਨਾਂ ਵਿੱਚ ਵਧ ਰਹੇ ਨਸ਼ੇ ਦੇ ਉਪਯੋਗ ਅਤੇ ਛੇੜਛਾੜ ਦੇ ਮੁੱਦਿਆਂ ਨੂੰ ਲੈ ਕੇ ਇਨ੍ਹਾਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਲੈਕੇ, ਪੀਸੀਬੀ ਨੇ ਸਖਤ ਕਾਰਵਾਈ ਕਰਨ ਅਤੇ ਲਾਲ ਕੁਰਤੀ ਨੂੰ ਜੀਵਿਤ ਅਤੇ ਸੁਰੱਖਿਅਤ ਸ਼ਹਿਰ ਵਿੱਚ ਬਦਲਣ ਲਈ ਵਿਸ਼ਵਾਸ ਦਿਵਾਇਆ। ਵਿਕਾਸ ਯੋਜਨਾ ਦਾ ਮੁੱਖ ਉਦੇਸ਼ ਸਿਹਤ ਅਤੇ ਸਫਾਈ ਨੂੰ ਲਾਗੂ ਕਰਨਾ, ਆਉਣ ਵਾਲੇ ਸਾਲਾਂ ਵਿੱਚ ਛਾਉਣੀ ਦੀ ਕੰਧ ਨੂੰ ਅਪਗ੍ਰੇਡ ਕਰਨਾ ਅਤੇ ਸੀਸੀਟੀਵੀ ਨਿਗਰਾਨੀ ਦੇ ਨਾਲ ਇੱਕ ਸੀਮਾ ਵਾਲੀ ਕੰਧ ਨੂੰ ਲਾਗੂ ਕਰਨਾ. ਵਸਨੀਕਾਂ ਤੋਂ ਸਫਾਈ ਅਤੇ ਬਿਹਤਰ ਸਫਾਈ ਅਤੇ ਬਿਹਤਰ ਸਫਾਈ ਨੂੰ ਯਕੀਨੀ ਬਣਾਉਣ ਲਈ ਜਾਨਵਰਾਂ ਨੂੰ ਹਟਾਇਏ ਜਾਣ ਲਈ ਬੇਨਤੀ ਕੀਤੀ।

ਉਹਨਾਂ ਪੀਸੀਬੀ ਨੇ ਪ੍ਰਸ਼ਾਸਨ ਦੀ ਵਚਨਬੱਧਤਾ ਦਾ ਵਾਅਦਾ ਕੀਤਾ ਉਹਨਾਂ ਕਿਹਾ ਕਿ ਅੱਛੀ ਸਿਹਤ ਅਤੇ ਸਫਾਈ ਵਾਸਤੇ ਕੈਂਟੋਨਮੈਂਟ ਬੋਰਡ ਹਮੇਸ਼ਾ ਇਹਨਾਂ ਚੀਜ਼ਾਂ ਦਾ ਖਿਆਲ ਰੱਖੇਗੀ ਉਹਨਾਂ ਨੇ ਲੋਕਾਂ ਨੂੰ ਵਿਸ਼ਵਾਸ ਦਵਾਇਆ ਕਿ ਲਾਲ ਕੁਰਤੀ ਇਲਾਕੇ ਨੂੰ ਸਿਹਤਮੰਦ ਅਤੇ ਸਵੱਛ ਬਣਾਇਆ ਜਾਏਗਾ।

# ਹਿਊਮਨ ਸਰਵਿਸ ਸੋਸਾਇਟੀ ਵੱਲੋਂ ਚਿੱਟੇ ਮੋਤੀਏ ਦਾ ਮੁਫ਼ਤ ਅਪ੍ਰੇਸ਼ਨ ਤੇ ਮੁਫ਼ਤ ਅੱਖਾ ਦਾ ਚੈਕਅੱਪ ਕੈਂਪ ਲਗਾਇਆ




**ਪਟਿਆਲਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਟੀਮ ਹਿਊਮਨ ਸਰਵਿਸ ਸੋਸਾਇਟੀ ਪੰਜਾਬ ਵਲੋਂ ਮੁਫ਼ਤ ਅੱਖਾਂ ਦਾ ਚੈਕਅੱਪ ਤੇ ਮੋਤੀਏ ਦਾ ਮੁਫ਼ਤ ਅਪ੍ਰੇਸ਼ਨ ਤੇ ਮੁਫ਼ਤ ਦਵਾਈਆਂ ਦਾ ਕੈਂਪ ਮਸ਼ਹੂਰ ਡਾਕਟਰ ਮਨਪ੍ਰੀਤ ਗਲੋਬਲ ਅੱਖਾਂ ਦੇ ਹਸਪਤਾਲ ਨਾਲ ਮਿਲ ਕੇ ਵਿਕਾਸ ਨਗਰ ਆਗਣਵਾੜੀ ਪਟਿਆਲਾ ਵਿੱਚ ਲਗਾਇਆ ਗਿਆ। ਇਸ ਕੈਂਪ ਦਾ ਭਾਰੀ ਗਿਣਤੀ ਵਿੱਚ ਮਰੀਜਾਂ ਨੇ ਪਹੁੰਚ ਕੇ ਲਾਭ ਉਠਾਇਆ। ਇਸ ਮੌਕੇ ਤੇ ਪੰਜਾਬ ਪ੍ਰਧਾਨ ਜਤਿੰਦਰ ਸ਼ਰਮਾਂ ਹਿਊਮਨ ਸਰਵਿਸ ਸੋਸਾਇਟੀ ਨੇ ਕਿਹਾ ਕਿ ਸਾਡੀ ਪੂਰੀ ਟੀਮ ਪਟਿਆਲਾ ਹੀ ਨਹੀਂ ਪੂਰੇ ਪੰਜਾਬ ਵਿੱਚ ਇਸ ਤਰ੍ਹਾਂ ਦੇ ਕੈਂਪ, ਪੇੜ ਪੌਦੇ ਲਗਾਉਣਾ, ਨਸ਼ੇ ਖਿਲਾਫ ਲੋਕਾਂ ਨੂੰ ਜਾਗਰੂਕ ਕਰਨਾ, ਬਲੱਡ ਕੈਂਪ ਲਗਾਉਣਾ, ਜਰੂਰਤਮੰਦਾਂ ਨੂੰ ਰਾਸ਼ਨ ਵੰਡਣਾ, ਗਰੀਬ ਕੁੜੀਆਂ ਦੇ ਵਿਆਹ ਤੇ ਕਿਸੀ ਵੀ ਧੀ ਭੈਣ ਨੂੰ ਕੋਈ ਵੀ ਕਾਨੂੰਨੀ ਸਹਾਇਤਾ ਦੀ ਲੋੜ ਹੋਵੇ ਸਾਥ ਦੇਣਾ, ਇਸ ਤਰ੍ਹਾਂ ਦੇ ਕੰਮ ਕਰ ਰਹੀ ਹੈ। ਇਸ ਮੌਕੇ ਤੇ ਨਵੇਂ ਆਹੁਦੇਦਾਰਾਂ ਨੂੰ ਨਿਯੁਕਤੀ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਅਜੈ ਕੁਮਾਰ ਨੂੰ ਪੰਜਾਬ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਰਿਟਾਇਰਡ ਐਸ.ਐਸ.ਪੀ. ਸੁਸ਼ੀਲ ਕੁਮਾਰ, ਰਿਟਾ: ਐਸ.ਐਸ.ਪੀ. ਪਵਨ ਕੁਮਾਰ, ਐਸ.ਐਚ.ਓ. ਪੀ.ਓ. ਸਟਾਫ ਪਵਨ ਕੁਮਾਰ, ਬੀ.ਜੇ.ਪੀ. ਪ੍ਰਧਾਨ ਕੇ.ਕੇ. ਮਲਹੋਤਰਾ, ਯੂਥ ਪ੍ਰਧਾਨ ਕਾਂਗਰਸ ਸੰਜੀਵ ਸ਼ਰਮਾ ਕਾਲੂ, ਐਸ.ਸੀ. ਵਿੰਗ ਚੇਅਰਮੈਨ ਕਰਮਜੀਤ ਲਚਕਾਣੀ, ਸਰਪੰਚ ਹਰਮਿੰਦਰ ਸਿੰਘ, ਆਰ ਕੇ. ਸਿੰਧੀ, ਰਘੁਵੀਰ ਖਾਨ, ਲੱਕੀ ਯਾਦਵ, ਰਾਜੇਸ਼ ਪਾਠਕ, ਨਿਰਮਲ ਜੈਨ ਪ੍ਰਧਾਨ, ਵਰਸ਼ਾ ਗੋਇਲ ਚੇਅਰਪਰਸਨ, ਕਿਰਨ ਠਾਕੁਰ ਤੇ ਹੋਰ ਪਤਵੰਤੇ ਸੱਜਣ ਮੌਜੂਦ ਰਹੇ।

# ਸਨੌਰ ਦੇ ਪਿੰਡ ਰਾਠੀਆਂ ’ਚ ਚੋਰੀ ਦੀ ਵਾਰਦਾਤ



**ਸਨੌਰ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਨੌਰ ਦੇ ਨੇੜਲੇ ਪਿੰਡ ਰਾਠੀਆ ਵਿਖੇ ਵੱਖ ਵੱਖ ਥਾਵਾਂ ਤੇ ਚੋਰਾਂ ਨੇ ਚੋਰੀਆਂ ਕੀਤੀਆਂ ਦੇ ਸੰਬੰਧ ਵਿੱਚ ਪਿੰਡ ਦੇ ਸਰਪੰਚ ਅਮਰਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੋਟਰਾਂ ਦੀਆਂ ਤਾਰਾਂ ਤਾਂਬੇ ਦੇ ਤਾਰ ਸਮੇਤ ਸੋਲਰ ਸਿਸਟਮ ਆਦਿ ਦੇ ਬਖਸ਼ੇ ਚੋਰੀ ਕਰਕੇ ਕਾਫੀ ਨੁਕਸਾਨ ਕੀਤਾ ਗਿਆ ਇਸ ਬਾਰੇ ਲੋਕਾਂ ਨੂੰ ਸਵੇਰੇ ਵੇਲੇ ਪਤਾ ਲੱਗਿਆ।

ਉਨਾਂ ਦੱਸਿਆ ਕਿ ਚੋਰੀ ਦੀਆਂ ਘਟਨਾਵਾਂ ਕਾਰਨ ਇਲਾਕੇ ਸਹਿਮ ਦਾ ਮਾਹੌਲ ਹੈ ਤੇ ਆਮ ਲੋਕਾਂ ਦਾ ਜਿਊਣਾ ਮੁਸ਼ਕਿਲ ਹੋਇਆ ਪਿਆ ਹੈ।

ਰਾਠੀਆਂ ਦੇ ਸਰਪੰਚ ਅਮਰਿੰਦਰ ਸਿੰਘ ਨੇ ਕਿਹਾ ਕਿ ਤਕਰੀਬਨ ਇੱਕ ਸਾਲ ਪਹਿਲਾਂ ਉਹਨਾਂ ਦਾ ਲੱਖ ਰੁਪਏ ਦੇ ਕਰੀਬ ਮੋਟਰ ਦਾ ਸਮਾਨ ਚੋਰੀ ਹੋ ਗਿਆ ਸੀ ਜਿਸ ਦੀ ਸ਼ਿਕਾਇਤ ਵੀ ਦਿੱਤੀ ਸੀ ਪਰੰਤੂ ਹਲੇ ਤੱਕ ਕੋਈ ਕਾਰਵਾਈ ਨਹੀਂ ਹੋਈ ਸਰਪੰਚ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਇਹਨਾਂ ਚੋਰੀਆਂ ਨੂੰ ਨੱਥ ਪਾ ਕੇ ਚੋਰੀਆਂ ਤੋਂ ਬਚਾਅ ਕੀਤਾ ਜਾਵੇ।

# ਹੈਲਥ ਅਵੇਅਰਨੈਸ ਸੁਸਾਇਟੀ ਨੇ ਵਿਸ਼ਵ ਸਿਹਤ ਜਾਗਰੂਕਤਾ ਦਿਵਸ ਮਨਾਇਆ



**ਪਟਿਆਲਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਰਾਂਦਰੀ ਗਾਰਡਨਜ਼ ਵਿਖੇ ਹੈਲਥ ਅਵੇਅਰਨੈਸ ਸੁਸਾਇਟੀ ਰਜਿ: ਫਿਟਨੈਸ ਲਵਰਜ਼ ਪੰਜਾਬ, ਯੋਗਾ ਪਰਿਵਾਰ ਗਰੁੱਪ ਅਤੇ ਬਟਰ ਫਲਾਈ ਗਰੁੱਪ ਦੇ ਮੈਂਬਰਾਂ ਨੇ ਵਿਸ਼ਵ ਸਿਹਤ ਜਾਗਰੂਕਤਾ ਦਿਵਸ ਸਮੂਹਿਕ ਤੌਰ ਤੇ ਮਨਾਇਆ। ਰਾਜਿੰਦਰ ਸਿੰਘ ਅੱਜੀ ਅਤੇ ਹਰਪ੍ਰੀਤ ਕੌਰ ਨੇ ਡਾਂਸ ਅਤੇ ਮਿਊਜਿਕ ਤੇ ਹੋਣ ਵਾਲੀਆਂ ਕਸਰਤਾਂ ਕਰਵਾਈਆਂ। ਇਸ ਦੇ ਲਾਭ ਹੋਣ ਵਾਲੀਆਂ ਸਾਰੀਆਂ ਟਿਪਸ ਤੇ ਬਾਖੂਬੀ ਢੰਗ ਨਾਲ ਚਾਨਣਾ ਵੀ ਪਾਇਆ। ਰਾਜਿੰਦਰ ਸਿੰਘ ਅੱਜੀ ਨੇ ਸਿਹਤ ਚੰਗੀ ਰੱਖਣ ਸਬੰਧੀ ਸਾਰੇ ਆਏ ਸੈਰ ਪ੍ਰੇਮੀਆਂ ਨੂੰ ਪ੍ਰਭਾਵਸ਼ਾਲੀ ਅਤੇ ਸਰਲ ਤਰੀਕੇ ਰਾਹੀਂ ਸਾਰਿਆਂ ਨੂੰ ਪ੍ਰੇਰਿਤ ਕੀਤਾ। ਹੈਲਥ ਅਵੇਅਰਨੈਸ ਸੁਸਾਇਟੀ ਰਜਿ: ਦੇ ਪ੍ਰਧਾਨ ਜ਼ਸਵੰਤ ਸਿੰਘ ਕੋਲੀ ਨੇ ਜਿੱਥੇ ਚੰਗੀ ਸਿਹਤ ਰੱਖਣ ਬਾਰੇ ਗਲ ਕੀਤੀ ਤਾਂ ਉੱਥੇ ਉਹਨਾਂ ਨੇ ਮਾਨਸਿਕਤਾ, ਤੰਦਰੁਸਤ ਹੋਣ ਬਾਰੇ ਵੀ ਗੱਲ ਕੀਤੀ। ਮੈਂਟਲ ਹੈਲਥ ਅਵੇਅਰਨੈਸ ਦਾ ਹੋਣਾ ਵੀ ਅਤੀ ਜਰੂਰੀ ਹੈ। ਉਹਨਾਂ ਨੇ ਯੋਗ ਰਾਹੀਂ ਵੀ ਤੰਦਰੁਸਤ ਹੋਣ ਦੀ ਗੱਲ ਆਖੀ, ਕਰੋ ਯੋਗ ਰਹੋ ਨਿਰੋਗ, ਨਿਯਮਤ ਤੌਰ ਤੇ ਕਰਨ ਲਈ ਪ੍ਰੇਰਿਤ ਕੀਤਾ।

ਜਗਤਾਰ ਸਿੰਘ ਜੱਗੀ ਹਰਿਆਵਲ ਨੇ ਤੰਦਰੁਸਤ ਰਹਿਣ ਲਈ ਪੌਸਟਿਕ ਖੁਰਾਕ ਅਤੇ ਸਰੀਰ ਨੂੰ ਆਰਾਮ ਦੇਣ ਤੇ ਵੀ ਪ੍ਰੇਰਿਤ ਕੀਤਾ। ਸੀਤਾ ਰਾਮਾ, ਮਨਿੰਦਰ, ਗੋਪੀ ਲਾਡੀ ਸਰਪੰਚ, ਲਖਵਿੰਦਰ, ਸ੍ਰੀ ਸ਼ਿਸ਼ਨਪਾਲ, ਕੁਲਦੀਪ ਸਿੰਘ, ਯੂਟਿਊਬਰ ਸ਼ੰਕਰ ਚੌਹਾਨ ਜੀ ਦੇ ਯੋਗਦਾਨ ਸਦਕਾ ਇਹ ਕਾਰਜ ਪੂਰਾ ਹੋਇਆ।

ਰਾਜਿੰਦਰ ਸਿੰਘ ਅੱਜੀ, ਹਰਪ੍ਰੀਤ ਕੌਰ ਕੋਚ ਫਿਟਨੈਸ ਲਵਰਜ਼ ਪੰਜਾਬ ਨੂੰ ਉਹਨਾ ਦੀ ਚੰਗੀ ਕਾਰਗੁਜਾਰੀ ਹੋਣ ਤੇ ਬੁੱਕਾ ਅਤੇ ਲੋਈ ਦੇ ਕੇ ਸਨਮਾਨਿਤ ਕੀਤਾ ਗਿਆ। ਸਨਮਾਨਿਤ ਕਰਨ ਵਾਲੀਆਂ ਸਖਸ਼ੀਆਂ ਵਿੱਚ ਜ਼ਸਵੰਤ ਸਿੰਘ ਕੌਲੀ, ਹਰੀ ਚੰਦ ਬਾਂਸਲ, ਰਣਜੀਤ ਕੌਰ, ਜੁਬੇਦਾ ਮੈਡਮ, ਹਰਜੀਤ ਕੌਰ, ਇੰਦਰਜੀਤ ਕੋਰ ਬਾਵਾ, ਜ਼ਸਵਿੰਦਰ ਕੌਰ, ਰਾਜ ਕੁਮਾਰ, ਰਵਿੰਦਰ ਗਰਗ, ਰਾਧਾ ਗਰਗ, ਕਮਲੇਸ਼ ਗੋਗੀਆ, ਸਿਕੰਦਰ ਪਾਲ ਸਿੰਘ, ਜ਼ਸਪਾਲ ਸਿੰਘ ਲਾਲੀ ਅਤੇ ਮਿਸਜ਼ ਜ਼ਸਪਾਲ ਸਿੰਘ ਆਦਿ ਹਾਜਰ ਸਨ।

ਦੁਧਾਰੂ ਪਸ਼ੂਆਂ ਤੋਂ ਦੁੱਧ ਦੀ ਚੰਗੀ ਪੈਦਾਵਾਰ ਲੈਣ ਲਈ ਸਾਰਾ ਸਾਲ ਚਾਰੇ ਦੀ ਲੋੜ ਪੈਂਦੀ ਹੈ ਪ੍ਰੰਤੂ ਨਵੰਬਰ-ਦਸੰਬਰ ਤੇ ਮਈ-ਜੂਨ ’ਚ ਹਰੇ ਚਾਰੇ ਦੀ ਘਾਟ ਆ ਜਾਂਦੀ ਹੈ। ਇਸ ਘਾਟ ਨੂੰ ਚਾਰੇ ਦਾ ਅਚਾਰ ਬਣਾ ਤੇ ਪੂਰਾ ਕੀਤਾ ਜਾ ਸਕਦਾ ਹੈ...



# ਸਾਉਣੀ ਦੇ ਚਾਰਿਆਂ ਤੋਂ ਬਣਾਓ ਪਸ਼ੂਆਂ ਲਈ ਅਚਾਰ



• ਹਰਪ੍ਰੀਤ ਕੌਰ
99880-32271

ਹਰੇ ਚਾਰੇ ਦੁਧਾਰੂ ਪਸ਼ੂਆਂ ਦੀ ਖ਼ੁਰਾਕ ਦਾ ਮੁੱਖ ਹਿੱਸਾ ਹਨ ਤੇ ਡੇਅਰੀ ਸਨਅਤ ਦੀ ਸਫਲਤਾ ਹਰੇ ਚਾਰੇ ’ਤੇ ਨਿਰਭਰ ਕਰਦੀ ਹੈ। ਹਰੇ ਚਾਰਿਆਂ ਵਿਚ ਪਸ਼ੂਆਂ ਲਈ ਲੋੜੀਂਦੇ ਤੱਤ, ਜਿਵੇਂ ਸੈਲੂਲੋਜ਼, ਹੈਮੀਸੈਲੂਲੋਜ਼, ਲਿਗਨਿਨ, ਕਾਰਬੋਹਾਈਡ੍ਰੇਟਸ ਤੇ ਪ੍ਰੋਟੀਨ ਹੁੰਦੇ ਹਨ ਤੇ ਛੋਟੇ ਤੱਤਾਂ ਦੀ ਕਮੀ ਵੀ ਪੂਰੀ ਹੁੰਦੀ ਹੈ। ਦੁੱਧ ਉਤਪਾਦਨ ਦੀ ਕੁੱਲ ਲਾਗਤ ਵਿਚ ਪਸ਼ੂਆਂ ਦੀ ਖ਼ੁਰਾਕ ’ਤੇ 60-70 ਫ਼ੀਸਦੀ ਖ਼ਰਚ ਆਉਂਦਾ ਹੈ। ਜੇ ਵੰਡ ਦੀ ਥਾਂ ਚੰਗੀ ਕਿਸਮ ਦਾ ਚਾਰਾ ਪਸ਼ੂਆਂ ਦੀ ਖ਼ੁਰਾਕ ’ਚ ਸ਼ਾਮਲ ਕੀਤਾ ਜਾਵੇ ਤਾਂ ਲਾਗਤ ਮੁੱਲ ’ਚ ਕਮੀ ਲਿਆਂਦੀ ਜਾ ਸਕਦੀ ਹੈ।

### ਅਚਾਰ ਲਈ ਢੁੱਕਵੀਆਂ ਫ਼ਸਲਾਂ

ਚਾਰੇ ਦੀ ਵਧੀਆ ਫ਼ਸਲ ਉਹ ਹੁੰਦੀ ਹੈ ਜੋ ਕਿ ਛੇਤੀ ਵਧਣ ਵਾਲੀ ਹੋਵੇ, ਉਹ ਵਧੇਰੇ ਨਰਮ, ਸੁਆਦਲੀ ਤੇ ਆਸਾਨੀ ਨਾਲ ਪਚਣ ਵਾਲੀ ਹੋਵੇ, ਇਸ ਤੋਂ ਇਲਾਵਾ ਚਾਰੇ ਵਿਚ ਜ਼ਹਿਰੀਲਾਪਨ ਘੱਟ ਹੋਵੇ। ਹਰੇ ਚਾਰਿਆਂ ਨੂੰ ਅਸੀਂ ਦੋ ਸ਼੍ਰੇਣੀਆਂ ’ਚ ਵੰਡ ਸਕਦੇ ਹਾਂ-ਫਲ਼ੀਦਾਰ ਤੇ ਗ਼ੈਰ-ਫਲ਼ੀਦਾਰ ਚਾਰੇ। ਪੰਜਾਬ ਵਿਚ ਸਾਉਣੀ ਦੇ ਮੁੱਖ ਚਾਰੇ ਗ਼ੈਰ-ਫਲ਼ੀਦਾਰ ਹਨ-ਮੱਕੀ, ਚਰ੍ਹੀ ਤੇ ਬਾਜਰਾ। ਮੱਕੀ ਦੀ ਚਾਰੇ ਵਾਲੀ ਫ਼ਸਲ 50-60 ਦਿਨਾਂ ਵਿਚ ਕਟਾਈ ਲਈ ਤਿਆਰ ਹੋ ਜਾਂਦੀ ਹੈ। ਦੁਧਾਰੂ ਪਸ਼ੂਆਂ ਲਈ ਇਹ ਚਾਰਾ ਚੰਗਾ ਸਮਝਿਆ ਜਾਂਦਾ ਹੈ। ਚਰ੍ਹੀ ਦੀ ਫ਼ਸਲ ਮੱਕੀ ਅਤੇ ਬਾਜਰੇ ਨਾਲੋਂ ਜ਼ਿਆਦਾ ਦੇਰ ਤਕ ਹਰੀ ਰਹਿੰਦੀ ਹੈ ਤੇ ਪਸ਼ੂ ਵੀ ਇਸ ਨੂੰ ਖ਼ੁਸ਼ ਹੋ ਕੇ ਖਾਂਦੇ ਹਨ। ਬਾਜਰਾ ਬਹੁਤ ਸਖ਼ਤ ਫ਼ਸਲ ਹੈ ਤੇ ਇਹ ਖ਼ਰਾਬ ਜਲਵਾਯੂ ਵਿਚ ਵੀ ਚੰਗੀ ਹੋ ਜਾਂਦੀ ਹੈ। ਇਹ ਹਲਕੀਆਂ ਤੇ ਘੱਟ ਸਿੱਲ੍ਹ ਵਾਲੀਆਂ ਜ਼ਮੀਨਾਂ ਵਿਚ ਵੀ ਉਗਾਇਆ ਜਾ ਸਕਦਾ ਹੈ ਅਤੇ ਗਰਮ ਤੇ ਖ਼ੁਸ਼ਕ ਮੌਸਮ ਨੂੰ ਵੀ ਸਹਾਰ ਸਕਦਾ ਹੈ।

### ਪੌਸ਼ਟਿਕ ਤੱਤ

ਦੁਧਾਰੂ ਪਸ਼ੂਆਂ ਤੋਂ ਦੁੱਧ ਦੀ ਚੰਗੀ ਪੈਦਾਵਾਰ ਲੈਣ ਲਈ ਪੂਰਾ ਸਾਲ ਚਾਰੇ ਦੀ ਲੋੜ ਪੈਂਦੀ ਹੈ ਪ੍ਰੰਤੂ ਨਵੰਬਰ-ਦਸੰਬਰ ਤੇ ਮਈ-ਜੂਨ ਵਿਚ ਹਰੇ ਚਾਰੇ ਦੀ ਘਾਟ ਆ ਜਾਂਦੀ ਹੈ। ਇਸ ਘਾਟ ਨੂੰ ਚਾਰੇ ਦਾ ਅਚਾਰ ਬਣਾ ਤੇ ਪੂਰਾ ਕੀਤਾ ਜਾ ਸਕਦਾ ਹੈ। ਵਧੀਆ ਅਚਾਰ ਤਿਆਰ ਕਰਨ ਲਈ ਸਾਉਣੀ ਗ਼ੈਰ-ਫਲ਼ੀਦਾਰ ਚਾਰੇ ਮੱਕੀ, ਚਰ੍ਹੀ ਤੇ ਬਾਜਰਾ ਜਿਨ੍ਹਾਂ ਵਿਚ ਨਿਸ਼ਾਸ਼ਤਾ ਜ਼ਿਆਦਾ ਤੇ ਪ੍ਰੋਟੀਨ ਘੱਟ ਹੋਵੇ, ਸਭ ਤੋਂ ਉੱਤਮ ਹਨ। ਆਕਸੀਜਨ ਗੈਸ ਦੀ ਅਣਹੋਂਦ ਵਿਚ ਖਮੀਰੇ ਹੋਏ ਹਰੇ ਚਾਰੇ ਨੂੰ ਅਚਾਰ (ਸਾਈਲੇਜ਼) ਆਖਦੇ ਹਨ। ਇਹ ਅਚਾਰ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦਾ ਹੈ। ਅਚਾਰ ਵਿਚ ਖ਼ੁਰਾਕੀ ਤੱਤ ਹਰੇ ਚਾਰੇ ਦੇ ਬਰਾਬਰ ਹੁੰਦੇ ਹਨ। ਅਚਾਰ ਦੀ ਵਰਤੋਂ ਕਰਕੇ ਮਹਿੰਗੇ ਦਾਣੇ ਦੀ ਮਾਤਰਾ ਘਟਾਈ ਜਾ ਸਕਦੀ ਹੈ ਤੇ ਇਸ ਤਰ੍ਹਾਂ ਘੱਟ ਲਾਗਤ ਨਾਲ ਚੰਗਾ ਦੁੱਧ ਪੈਦਾ ਕੀਤਾ ਜਾ ਸਕਦਾ ਹੈ। ਅਚਾਰ ਤਿਆਰ ਕਰਨ ਲਈ ਫ਼ਸਲ ਦੀ ਕਟਾਈ ਉਸ ਸਮੇਂ ਕਰੋ ਜਦੋਂ ਇਹ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੋਵੇ ਤੇ ਸੁੱਕੇ ਮਾਦੇ ਦੀ ਮਾਤਰਾ ਵੀ ਕਾਫ਼ੀ ਹੋਵੇ। ਜੇ ਚਾਰੇ ਵਿਚ 30-35 ਫ਼ੀਸਦੀ ਸੁੱਕਾ ਮਾਦਾ ਹੋਵੇ ਤਾਂ ਅਚਾਰ ਚੰਗਾ ਬਣਦਾ ਹੈ।

> **ਵਧੀਆ ਅਚਾਰ ਦੀ ਪਛਾਣ**
>
> ਚੰਗਾ ਅਚਾਰ ਚਮਕਦਾਰ ਤੇ ਹਰੇ-ਪੀਲੇ ਰੰਗ ਦਾ ਹੁੰਦਾ ਹੈ। ਅਚਾਰ ਦੀ ਸੁਗੰਧ ਸਿਰਕੇ ਵਰਗੀ ਹੁੰਦੀ ਹੈ। ਚੰਗਾ ਅਚਾਰ ਨਾ ਬਹੁਤਾ ਗਿੱਲਾ ਤੇ ਨਾ ਬਹੁਤਾ ਸੁੱਕਾ ਹੁੰਦਾ ਹੈ।

### ਅਚਾਰ ਬਣਾਉਣ ਲਈ ਟੋਆ

ਸਮੇਂ ਸਿਰ ਕੱਟੀ ਹੋਈ ਫ਼ਸਲ, ਜਿਸ ਵਿਚ 30-35 ਫ਼ੀਸਦੀ ਸੁੱਕਾ ਮਾਦਾ ਹੋਵੇ, ਟੋਆ ਭਰਨ ਲਈ ਤਿਆਰ ਹੈ। 10 ਮੀਟਰ ਲੰਬੇ, 3 ਮੀਟਰ ਚੌੜੇ ਤੇ 1.5 ਮੀਟਰ ਡੂੰਘੇ ਟੋਏ ਵਿਚ 300-400 ਕੁਇੰਟਲ ਹਰੇ ਚਾਰੇ ਦਾ ਆਚਾਰ ਬਣਾਇਆ ਜਾ ਸਕਦਾ ਹੈ। ਕੱਚੇ ਟੋਏ ’ਚ ਪਲਾਸਟਿਕ ਦੀ ਸ਼ੀਟ ਜ਼ਰੂਰ ਵਿਛਾਉ। ਕੱਟੀ ਹੋਈ ਫ਼ਸਲ ਦਾ 2-3 ਇੰਚ ਲੰਬਾ ਕੁਤਰਾ ਕਰੋ। ਕੁਤਰਾ ਕੀਤੇ ਚਾਰੇ ਨੂੰ ਇਕ-ਇਕ ਫੁੱਟ ਦੀਆਂ ਤਹਿਆਂ ਵਿਚ ਟੋਏ ’ਚ ਪਾਉ ਤੇ ਹਰ ਤਹਿ ਨੂੰ ਪੈਰਾਂ ਨਾਲ ਲਤਾੜੋ ਤਾਂ ਜੋ ਹਵਾ ਬਾਹਰ ਨਿਕਲ ਜਾਵੇ। ਜਿੰਨਾ ਕੁਤਰੇ ਨੂੰ ਦਬਾਉਗੇ ਉਨ੍ਹਾਂ ਹੀ ਵਧੀਆ ਅਚਾਰ ਬਣੇਗਾ। ਟੋਏ ਨੂੰ ਜ਼ਮੀਨ ਤੋਂ ਅੱਧਾ ਮੀਟਰ ਉੱਚਾ ਭਰੋ ਤੇ ਉੱਪਰੋਂ ਗੁੰਬਦ ਦੀ ਸ਼ਕਲ ਦਾ ਬਣਾਉ ਤਾਂ ਜੋ ਪਾਣੀ ਨਾਂ ਖੜ੍ਹਾ ਹੋ ਸਕੇ। ਟੋਏ ਨੂੰ ਤੂੜੀ ਜਾਂ ਪਰਾਲੀ ਦੀ 10-15 ਸੈਂਟੀਮੀਟਰ ਮੋਟੀ ਤਹਿ ਨਾਲ ਢਕ ਦਿਓ ਤੇ ਗਿੱਲੀ ਮਿਟੀ ਦਾ ਲੇਪ ਕਰ ਦੇਵੋ ਤਾਂ ਕਿ ਹਵਾ ਅੰਦਰ ਨਾ ਜਾ ਸਕੇ। ਡੇਢ ਮਹੀਨੇ ਬਾਅਦ ਅਚਾਰ ਤਿਆਰ ਹੋ ਜਾਂਦਾ ਹੈ। ਵਰਤਣ ਵੇਲੇ ਅਚਾਰ ਦੇ ਟੋਏ ਨੂੰ ਇਕ ਪਾਸੇ ਤੋਂ ਖੋਲ੍ਹੋ। ਰੋਜ਼ਾਨਾ ਵਰਤੋਂ ਅਨੁਸਾਰ ਚਾਰਾ ਕੱਢ ਕੇ ਟੋਏ ਨੂੰ ਚੰਗੀ ਤਰ੍ਹਾਂ ਬੰਦ ਕਰ ਦਿਓ। ਇਸ ਤਰ੍ਹਾਂ ਚਾਰਾ ਜ਼ਿਆਦਾ ਦੇਰ ਤਕ ਠੀਕ ਰਹੇਗਾ।

### ਪਸ਼ੂਆਂ ਨੂੰ ਅਚਾਰ ਖੁਆਉਣਾ

ਹੋ ਸਕਦਾ ਹੈ ਕਿ ਪਸ਼ੂ ਪਹਿਲੇ ਕੁਝ ਦਿਨ ਅਚਾਰ ਪਸੰਦ ਨਾ ਕਰਨ, ਇਸ ਲਈ ਪਹਿਲੇ 5-6 ਦਿਨ 5-10 ਕਿੱਲੋ ਅਚਾਰ ਹਰੇ ਚਾਰੇ ਵਿਚ ਰਲਾ ਕੇ ਪਸ਼ੂਆਂ ਨੂੰ ਪਾਓ। ਬਾਅਦ ਵਿਚ ਪ੍ਰਤੀ ਪਸ਼ੂ ਨੂੰ 20-30 ਕਿੱਲੋ ਅਚਾਰ ਰੋਜ਼ਾਨਾ ਦੂਸਰੇ ਚਾਰਿਆਂ ਨਾਲ ਮਿਲਾ ਕੇ ਦਿੱਤਾ ਜਾ ਸਕਦਾ ਹੈ। ਇਸ ਅਚਾਰ ਨੂੰ ਹਰੇ ਚਾਰੇ ਦੀ ਘਾਟ ਸਮੇਂ ਮਈ-ਜੂਨ ਜਾਂ ਨਵੰਬਰ-ਦਸੰਬਰ ’ਚ ਵਰਤਿਆ ਜਾ ਸਕਦਾ ਹੈ। ਹਰੇ ਚਾਰੇ ਵਿਚ ਕਈ ਵਾਰ ਜ਼ਹਿਰੀਲੇ ਤੱਤ ਹੁੰਦੇ ਹਨ ਜੋ ਅਚਾਰ ਬਣਾਉਣ ਨਾਲ ਬਹੁਤ ਘਟ ਜਾਂਦੇ ਹਨ। ਇਸ ਅਚਾਰ ਨੂੰ ਵੇਚ ਕੇ ਕਿਸਾਨ ਵਾਧੂ ਪੈਸੇ ਕਮਾ ਸਕਦੇ ਹਨ। •



# ਹਾੜੀ ਦੀਆਂ ਫ਼ਸਲਾਂ ਦੇ ਸਮਰਥਨ ਮੁੱਲ ਤੇ ਮੰਡੀ ਖ਼ਰਚੇ

• ਰਾਜ ਕੁਮਾਰ, ਜੀਐੱਸ ਰੋਮਾਣਾ
81460-96600

> **ਸਮਰਥਨ ਮੁੱਲ ਵਾਲੀਆਂ ਫ਼ਸਲਾਂ**
>
> *1985 ਵਿਚ ਦਾਲ਼ਾਂ ਤੇ ਤੇਲ ਬੀਜਾਂ ਦੇ ਸਮਰਥਨ ਮੁੱਲ ’ਤੇ ਖ਼ਰੀਦਦਾਰੀ ਦੀ ਜ਼ਿੰਮੇਵਾਰੀ ‘ਨੈਸ਼ਨਲ ਐਗਰੀਕਲਚਰਲ ਕੋਆਪਰੇਟਿਵ ਮਾਰਕੀਟਿੰਗ ਫੈਡਰੇਸ਼ਨ ਨੂੰ ਦਿੱਤੀ ਗਈ। ਸਰਕਾਰ ਵੱਲੋਂ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਕੁੱਲ 23 ਫ਼ਸਲਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ 7 ਅਨਾਜ - ਝੋਨਾ, ਕਣਕ, ਮੱਕੀ, ਜਵਾਰ, ਬਾਜਰਾ, ਜੌਂ ਤੇ ਰਾਗੀ, 5 ਦਾਲ਼ਾਂ - ਛੋਲੇ, ਅਰਹਰ, ਮੂੰਗੀ, ਮਾਂਹ, ਤੇ ਮਸਰ, 7 ਤੇਲ ਬੀਜ ਫ਼ਸਲਾਂ - ਮੂੰਗਫਲੀ, ਸਰ੍ਹੋਂ, ਸੋਇਆਬੀਨ, ਤਿਲ, ਸੂਰਜਮੁਖੀ, ਸੈਫ ਫਲਾਵਰ, ਨਾਈਜਰ ਸੀਡ ਅਤੇ 4 ਵਪਾਰਕ ਫ਼ਸਲਾਂ - ਕਮਾਦ, ਕਪਾਹ, ਕੋਪਰਾ ਤੇ ਜੂਟ ਸ਼ਾਮਲ ਹਨ।*

> **ਪਰਿਵਾਰਕ ਮਜ਼ਦੂਰੀ ਖ਼ਰਚੇ**
>
> ਐਗਰੀਕਲਚਰਲ ਪ੍ਰਾਈਸ ਕਮਿਸ਼ਨ ਨੇ ਇਸ ਵਾਰ ਹਾੜੀ ਦੀਆਂ ਫ਼ਸਲਾਂ ਦਾ ਸਮਰਥਨ ਮੁੱਲ ਤੈਅ ਕਰਨ ਲੱਗਿਆਂ ਫ਼ਸਲਾਂ ਦੀਆਂ ਪੈਦਾਵਾਰ ਕੀਮਤਾਂ ’ਤੇ ਵੀ ਤਵੱਜੋਂ ਦਿੱਤੀ ਹੈ। ਕਿਸਾਨਾਂ ਦੁਆਰਾ ਕਾਸ਼ਤ ’ਤੇ ਕੀਤੇ ਜਾਣ ਵਾਲੇ ਖ਼ਰਚਿਆਂ ’ਚ ਪਰਿਵਾਰਿਕ ਮਜ਼ਦੂਰੀ ਦੇ ਖ਼ਰਚੇ ਨੂੰ ਵੀ ਮੱਦੇਨਜ਼ਰ ਰੱਖਿਆ ਗਿਆ ਹੈ। ਇਸ ਤਰ੍ਹਾਂ ਪਰਿਵਾਰਕ ਮਜ਼ਦੂਰੀ ਦੇ ਖ਼ਰਚੇ ਨੂੰ ਕਾਸ਼ਤਕਾਰੀ ਖ਼ਰਚਿਆਂ ’ਚ ਜੋੜਨ ਤੋਂ ਬਾਅਦ ਬਣੀ ਕੀਮਤ ਉੱਪਰ 50 ਫ਼ੀਸਦੀ ਤਕ ਮੁਨਾਫ਼ਾ ਸੁਰੱਖਿਅਤ ਕਰ ਕੇ ਘੱਟੋ ਘੱਟ ਸਮਰਥਨ ਮੁੱਲ ਤੈਅ ਕੀਤੇ ਗਏ ਹਨ।

ਭਾਰਤ ਸਰਕਾਰ ਖੇਤੀ ਵਸਤਾਂ ਦੀਆਂ ਕੀਮਤਾਂ ਸਬੰਧੀ ਪਿਛਲੇ 50 ਸਾਲ ਤੋਂ ਨੀਤੀ ਲਾਗੂ ਕਰਦੀ ਆ ਰਹੀ ਹੈ। ਇਸ ਨੀਤੀ ਅਧੀਨ ਵੱਖ-ਵੱਖ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਸਰਕਾਰ ਵਲੋਂ ਹਰ ਸਾਲ ਫ਼ਸਲ ਦੀ ਬਿਜਾਈ ਤੋਂ ਪਹਿਲਾਂ ਨਿਰਧਾਰਤ ਕੀਤੇ ਜਾਂਦੇ ਹਨ ਤਾਂ ਕਿ ਕਿਸਾਨ ਫ਼ਸਲਾਂ ਦੀ ਚੋਣ ਸਬੰਧੀ ਸਹੀ ਫ਼ੈਸਲਾ ਲੈ ਸਕਣ। ਸਰਕਾਰ ਨੂੰ ਖੇਤੀ ਕੀਮਤਾਂ ਦੀ ਨੀਤੀ ਸਬੰਧੀ ਸਲਾਹ ਦੇਣ ਲਈ ਸਾਲ 1965 ਵਿਚ ‘ਐਗਰੀਕਲਚਰਲ ਪ੍ਰਾਈਸ ਕਮਿਸ਼ਨ’ ਦੀ ਸਥਾਪਨਾ ਕੀਤੀ ਗਈ ਸੀ ਅਤੇ 1985 ਵਿਚ ਇਸ ਦਾ ਨਾਂ ਬਦਲ ਕੇ ‘ਕਮਿਸ਼ਨ ਫਾਰ ਐਗਰੀਕਲਚਰਲ ਕੌਸਟਸ ਐਂਡ ਪ੍ਰਾਈਸਿਜ਼’ ਰੱਖਿਆ ਗਿਆ ਸੀ। ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨਿਰਧਾਰਿਤ ਕਰਨ ਦਾ ਮੰਤਵ ਕਿਸਾਨਾਂ ਦੀ ਆਮਦਨ ਵਧਾਉਣ ਲਈ ਉਨ੍ਹਾਂ ਨੂੰ ਖੇਤੀ ਉਤਪਾਦਨ ਦੀਆਂ ਨਵੀਆਂ ਤਕਨੀਕਾਂ ਵਿਚ ਨਿਵੇਸ਼ ਕਰਨ ਲਈ ਪ੍ਰੇਰਿਤ ਕਰਨਾ, ਉਤਪਾਦਨ ਦੇ ਸਾਧਨਾਂ ਦੀ ਯੋਗ ਵਰਤੋਂ ਨੂੰ ਯਕੀਨੀ ਬਣਾਉਣਾ ਤੇ ਫ਼ਸਲੀ ਉਤਪਾਦਨ ਦੇ ਅਨੁਪਾਤ ਨੂੰ ਦੇਸ਼ ਦੀ ਲੋੜ ਅਨੁਸਾਰ ਢਾਲਣਾ ਹੈ। ਇਸ ਨੀਤੀ ਵਿਚ ਖੇਤੀ ਉਤਪਾਦਕਾਂ ਦੇ ਹਿੱਤਾਂ ਦੇ ਨਾਲ-ਨਾਲ ਖੇਤੀ ਵਸਤਾਂ ਦੇ ਖਪਤਕਾਰਾਂ ਦਾ ਵੀ ਖ਼ਿਆਲ ਰੱਖਿਆ ਜਾਂਦਾ ਹੈ।

### ਘੋਖੇ ਜਾਂਦੇ ਪਹਿਲੂ

ਫ਼ਸਲਾਂ ਦੀਆਂ ਕੀਮਤਾਂ ਸਿਫ਼ਾਰਿਸ਼ ਕਰਨ ਸਮੇਂ ਕਮਿਸ਼ਨ ਵੱਲੋਂ ਬਹੁਤ ਸਾਰੇ ਤੱਥ ਵਿਚਾਰੇ ਜਾਂਦੇ ਹਨ, ਜਿਵੇਂ ਫ਼ਸਲ ਦੀ ਪੈਦਾਵਾਰ ਦੇ ਖ਼ਰਚੇ, ਖੇਤੀ ਸਮੱਗਰੀ ਦੀਆਂ ਕੀਮਤਾਂ ’ਚ ਆਈਆਂ ਤਬਦੀਲੀਆਂ, ਖੇਤੀ ਉਪਜ ਤੇ ਖੇਤੀ ਸਮੱਗਰੀ ਦੀਆਂ ਕੀਮਤਾਂ ’ਚ ਤੁਲਨਾਤਮਕ ਤਬਦੀਲੀ, ਵੱਖ-ਵੱਖ ਫ਼ਸਲਾਂ ਦੀਆਂ ਤੁਲਨਾਤਮਕ ਕੀਮਤਾਂ, ਖੇਤੀ ਕੀਮਤਾਂ ਦਾ ਲੋਕਾਂ ਦੇ ਰਹਿਣ-ਸਹਿਣ ਦੇ ਖ਼ਰਚਿਆਂ ਤੇ ਆਮ ਕੀਮਤਾਂ ’ਤ ਪੈਣ ਵਾਲੇ ਪ੍ਰਭਾਵ, ਘਰੇਲੂ ਤੇ ਅੰਤਰਰਾਸ਼ਟਰੀ ਕੀਮਤਾਂ ਦੀ ਸਥਿਤੀ, ਜਨਤਕ ਵੰਡ ਲਈ ਕੀਮਤਾਂ, ਸਬਸਿਡੀ ’ਤੇ ਪੈਣ ਵਾਲੇ ਪ੍ਰਭਾਵ, ਖੇਤੀ ਸਨਅਤ ਦੀਆਂ ਲਾਗਤਾਂ ’ਤੇ ਪੈਣ ਵਾਲੇ ਅਸਰ, ਆਦਿ। ਇਸ ਤੋਂ ਇਲਾਵਾ ਮੰਗ, ਪੂਰਤੀ, ਬਰਾਮਦ, ਦਰਾਮਦ, ਘਰੇਲੂ ਉਪਲੱਬਧਤਾ, ਜਨਤਕ ਏਜੰਸੀਆਂ ਤੇ ਸਨਅਤਾਂ ਕੋਲ ਸਟਾਕ ਸਬੰਧੀ ਜਾਣਕਾਰੀ ਨੂੰ ਵੀ ਘੋਖਿਆ ਜਾਂਦਾ ਹੈ।

### ਐੱਫਸੀਆਈ ਦੀ ਸਥਾਪਨਾ

ਨੀਤੀ ਅਨੁਸਾਰ ਘੱਟੋ-ਘੱਟ ਸਮਰਥਨ ਮੁੱਲ ਯਕੀਨੀ ਬਣਾ ਕੇ ਕਿਸਾਨਾਂ ਨੂੰ ਆਪਣੀ ਉਪਜ ਬਹੁਤ ਘੱਟ ਕੀਮਤਾਂ ’ਤੇ ਵੇਚਣ ਦੀ ਮਜਬੂਰੀ ਤੋਂ ਬਚਾਉਣ ਤੇ ਜਨਤਕ ਵੰਡ ਪ੍ਰਣਾਲੀ ਦੀਆਂ ਲੋੜਾਂ ਦੀ ਪੂਰਤੀ ਲਈ ਸਰਕਾਰੀ ਏਜੰਸੀਆਂ ਦਾ ਮੰਡੀ ਵਿਚ ਦਖ਼ਲ ਦੇਣਾ ਲਾਜ਼ਮੀ ਹੋ ਜਾਂਦਾ ਹੈ। ਇਸ ਉਦੇਸ਼ ਦੀ ਪੂਰਤੀ ਲਈ 1965 ਵਿਚ ਕੌਮੀ ਪੱਧਰ ’ਤੇ ‘ਫੂਡ ਕਾਰਪੋਰੇਸ਼ਨ ਆਫ ਇੰਡੀਆ (ਐੱਫਸੀਆਈ) ਦੀ ਸਥਾਪਨਾ ਕੀਤੀ ਗਈ, ਜਿਸ ਦਾ ਮੁੱਖ ਉਦੇਸ਼ ਘੱਟੋ-ਘੱਟ ਸਮਰਥਨ ਮੁੱਲ ’ਤੇ ਅਨਾਜ ਦੀ ਖ਼ਰੀਦ ਕਰਨਾ, ਵਿਗਿਆਨਕ ਢੰਗ ਨਾਲ ਫ਼ਸਲੀ ਉਤਪਾਦਨ ਦਾ ਭੰਡਾਰਨ ਕਰਨਾ ਤੇ ਇਸ ਨੂੰ ਜਨਤਕ ਵੰਡ ਪ੍ਰਣਾਲੀ ਰਾਹੀਂ ਦੇਸ਼ ਦੇ 36 ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਮੌਜੂਦ ਘੱਟ ਕੀਮਤ ਵਾਲੀਆਂ ਪੰਜ ਲੱਖ ਦੁਕਾਨਾਂ ਰਾਹੀਂ ਵੰਡਣਾ ਹੈ।

### ਮੰਡੀਕਰਨ ਲਈ ਨਿਰਧਾਰਤ ਮਾਪਦੰਡ

ਪੰਜਾਬ ਵਿਚ ਕਣਕ ਹਾੜੀ ਦੀ ਮੁੱਖ ਫ਼ਸਲ ਹੈ। ਹੋਰ ਫ਼ਸਲਾਂ, ਜਿਵੇਂ ਜੌਂ, ਛੋਲੇ, ਸਰ੍ਹੋਂ, ਮਸਰ ਆਦਿ ਅਧੀਨ ਬਹੁਤ ਘੱਟ ਰਕਬਾ ਹੈ। ਕਣਕ ਹੇਠ ਲਗਪਗ 35 ਲੱਖ ਹੈਕਟੇਅਰ ਰਕਬਾ ਹੈ। ਸਾਲ 2017-18 ਦੌਰਾਨ ਪੰਜਾਬ ’ਚ ਕਣਕ ਦੀ ਪੈਦਾਵਾਰ 178 ਲੱਖ ਟਨ ਸੀ। ਇਸ ਸਮੇਂ ਦੌਰਾਨ ਕੇਂਦਰੀ ਅੰਨ ਭੰਡਾਰ ਵਿਚ ਪੰਜਾਬ ਵੱਲੋਂ ਪਾਇਆ ਗਿਆ ਕਣਕ ਦਾ ਯੋਗਦਾਨ 35.5 ਫ਼ੀਸਦੀ ਸੀ। ਇਸ ਲਈ ਕਹਿ ਸਕਦੇ ਹਾਂ ਕਿ ਦੇਸ਼ ਦੀ ਭੋਜਨ ਸੁਰੱਖਿਆ ਵਿਚ ਪੰਜਾਬ ਦਾ ਮਹੱਤਵਪੂਰਨ ਯੋਗਦਾਨ ਹੈ। ਉਪਜ ਦਾ ਸਹੀ ਭਾਅ ਲੈਣ ਲਈ ਕੇਂਦਰ ਸਰਕਾਰ ਦੁਆਰਾ ਨਿਰਧਾਰਤ ਮਾਪਦੰਡਾਂ ਅਨੁਸਾਰ ਕਣਕ ਵਿਚ ਨਮੀ ਦੀ ਮਾਤਰਾ 12 ਫ਼ੀਸਦੀ ਤੋਂ ਘੱਟ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਬਾਹਰੀ ਵਸਤਾਂ 0.75 ਫ਼ੀਸਦੀ, ਹੋਰਨਾਂ ਫ਼ਸਲਾਂ ਦੇ ਦਾਣਿਆਂ ਦੀ ਮਿਲਾਵਟ 2 ਫ਼ੀਸਦੀ, ਖ਼ਰਾਬ ਦਾਣੇ 2 ਫ਼ੀਸਦੀ, ਘੱਟ ਖਰਾਬ ਦਾਣੇ 4 ਫ਼ੀਸਦੀ ਅਤੇ ਮਾਜੂ ਤੇ ਟੁੱਟੇ ਦਾਣੇ 6 ਫ਼ੀਸਦੀ ਤੋਂ ਜ਼ਿਆਦਾ ਨਹੀਂ ਹੋਣੇ ਚਾਹੀਦੇ। ਹਾੜੀ ਦੀਆਂ ਹੋਰ ਫ਼ਸਲਾਂ, ਜਿਵੇਂ ਜੌਂ, ਛੋਲੇ, ਮਸਰ ਲਈ ਨਮੀ ਦੀ ਵੱਧ ਤੋਂ ਵੱਧ ਮਾਤਰਾ 12 ਫ਼ੀਸਦੀ ਅਤੇ ਸਰ੍ਹੋਂ ਲਈ 8 ਫ਼ੀਸਦੀ ਨਿਰਧਾਰਿਤ ਕੀਤੀ ਗਈ ਹੈ। ਇਸ ਲਈ ਕਿਸਾਨਾਂ ਨੂੰ ਫ਼ਸਲ ਦੀ ਸਹੀ ਕੀਮਤ ਲੈਣ ਲਈ ਨਿਰਧਾਰਿਤ ਮਾਪਦੰਡਾਂ ਅਨੁਸਾਰ ਹੀ ਜਿਣਸ ਮੰਡੀ ’ਚ ਲੈ ਕੇ ਜਾਣੀ ਚਾਹੀਦੀ ਹੈ। ਇਸ ਨਾਲ ਫ਼ਸਲਾਂ ਦੀ ਵਿਕਰੀ ’ਚ ਕਾਰਜ-ਕੁਸ਼ਲਤਾ ਵਧੇਗੀ ਤੇ ਕਿਸਾਨ ਕਾਰਗਰ ਢੰਗ ਨਾਲ ਮੰਡੀਕਰਨ ਕਰ ਸਕਣਗੇ।

### ਘੱਟੋ ਘੱਟ ਸਮਰਥਨ ਮੁੱਲ

ਕੇਂਦਰ ਸਰਕਾਰ ਵੱਲੋਂ 2018-19 ਦੌਰਾਨ ਹਾੜ੍ਹੀ ਦੀਆਂ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨਿਰਧਾਰਿਤ ਕਰ ਦਿੱਤੇ ਗਏ ਹਨ। ਹਾੜ੍ਹੀ ਦੀਆਂ ਫ਼ਸਲਾਂ ਦੇ ਘਰੇਲੂ ਉਤਪਾਦਨ ਨੂੰ ਹੁਲਾਰਾ ਦੇਣ ਲਈ ਕਣਕ ਦਾ ਭਾਅ 1735 ਰੁਪਏ ਤੋਂ ਵਧਾ ਕੇ 1840 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ। ਜੌਆਂ ਦਾ ਭਾਅ 1410 ਰੁਪਏ ਪ੍ਰਤੀ ਕੁਇੰਟਲ ਤੋਂ 1440 ਰੁਪਏ ਕੀਤਾ ਗਿਆ ਹੈ। ਤੇਲ ਬੀਜਾਂ ਤੇ ਦਾਲਾਂ ਦੀ ਮੰਗ/ਪੂਰਤੀ ਦੇ ਵਧ ਰਹੇ ਅੰਤਰ ਕਾਰਨ ਦਰਾਮਦ ’ਤੇ ਨਿਰਭਰਤਾ ਵਧ ਰਹੀ ਹੈ। ਇਸ ਲਈ ਸਰਕਾਰ ਨੇ ਦਾਲਾਂ ਤੇ ਤੇਲਾਂ ਬੀਜਾਂ ਦੇ ਸਮਰਥਨ ਮੁੱਲ ’ਚ ਵੀ ਵਾਧੇ ਦਾ ਐਲਾਨ ਕੀਤਾ ਹੈ ਤਾਂ ਕਿ ਕਿਸਾਨ ਇਨ੍ਹਾਂ ਫ਼ਸਲਾਂ ਅਧੀਨ ਰਕਬਾ ਤੇ ਉਤਪਾਦਨ ਵਧਾਉਣ ਲਈ ਉਤਸ਼ਾਹਿਤ ਹੋਣ। ਜਿਸ ਦੇ ਚੱਲਦਿਆਂ ਸਰਕਾਰ ਨੇ ਛੋਲਿਆਂ ਦਾ ਭਾਅ 4400 ਰੁਪਏ ਤੋਂ ਵਧਾ ਕੇ 4620 ਰੁਪਏ ਪ੍ਰਤੀ ਕੁਇੰਟਲ ਤੇ ਮਸਰਾਂ ਦਾ 4250 ਰੁਪਏ ਤੋਂ ਵਧਾ ਕੇ 4475 ਰੁਪਏ ਪ੍ਰਤੀ ਕੁਇੰਟਲ ਕੀਤਾ ਹੈ। ਇਸੇ ਤਰ੍ਹਾਂ ਸਰ੍ਹੋਂ ਦਾ ਮੁੱਲ 4000 ਰੁਪਏ ਤੋਂ 4200 ਰੁਪਏ ਪ੍ਰਤੀ ਕੁਇੰਟਲ ਤੇ ਸੂਰਜਮੁਖੀ (ਬੀਜ) ਦਾ ਮੁੱਲ 4100 ਰੁਪਏ ਤੋਂ 5388 ਰੁਪਏ ਪ੍ਰਤੀ ਕੁਇੰਟਲ ਕੀਤਾ ਹੈ। ਇਸ ਨਾਲ ਜਿੱਥੇ ਕਿਸਾਨਾਂ ਦੇ ਮੁਨਾਫ਼ੇ ’ਚ ਵਾਧਾ ਹੋਵੇਗਾ ਉੱਥੇ ਇਨ੍ਹਾਂ ਫ਼ਸਲਾਂ ਦੀ ਕਾਸ਼ਤ ਨਾਲ ਕੁਦਰਤੀ ਸੋਮਿਆਂ ਦੀ ਵੀ ਬੱਚਤ ਹੋਵੇਗੀ ਕਿਉਂਕਿ ਇਨ੍ਹਾਂ ਫ਼ਸਲਾਂ ਨੂੰ ਘੱਟ ਪਾਣੀ ਦੀ ਜ਼ਰੂਰਤ ਹੁੰਦੀ ਹੈ।







### ਲੇਬਰ ਦੇ ਖ਼ਰਚੇ

ਕਿਸਾਨਾਂ ਤੇ ਖ਼ਰੀਦ ਏਜੰਸੀਆਂ ਦੁਆਰਾ ਫ਼ਸਲ ਉੱਪਰ ਮੰਡੀ ਵਿਚ ਦਿੱਤੇ ਜਾਣ ਵਾਲੇ ਖ਼ਰਚੇ ਪੰਜਾਬ ਮੰਡੀ ਬੋਰਡ ਤੈਅ ਕਰਦਾ ਹੈ। ਕਿਸਾਨ ਇਹ ਖ਼ਰਚੇ ਦਿੱਤੇ ਗਏ ਫ਼ਸਲਵਾਰ ਵੇਰਵੇ ਅਨੁਸਾਰ ਹੀ ਦੇਣ। ਮੰਡੀ ਵਿਚ ਫ਼ਸਲ ਵੇਚਣ ਸਮੇਂ ਸਿਰਫ ਫ਼ਸਲ ਦੀ ਲੁਹਾਈ ਤੇ ਸਫ਼ਾਈ ਦਾ ਖ਼ਰਚ ਹੀ ਕਿਸਾਨ ਨੇ ਦੇਣਾ ਹੁੰਦਾ ਹੈ। ਕਣਕ ਦੀ 50 ਕਿੱਲੋ, ਜੌਆਂ ਦੀ 35 ਕਿੱਲੋ, ਸਰ੍ਹੋਂ ਦੀ 40 ਕਿੱਲੋ ਤੇ ਮਸਰਾਂ ਦੀ 50 ਕਿੱਲੋ ਦੀ ਇਕ ਬੋਰੀ ਦੀ ਲੁਹਾਈ ਦੀ ਲੇਬਰ ਦਾ ਖ਼ਰਚਾ 2.07 ਰੁਪਏ ਤੇ ਬਿਜਲੀ ਵਾਲੀ ਮਸ਼ੀਨ ਨਾਲ ਜਿਣਸ ਦੀ ਸਫ਼ਾਈ ਦਾ ਖ਼ਰਚਾ 3.70 ਰੁਪਏ ਹੈ। ਕਣਕ ਦੀ 30 ਕਿੱਲੋ ਦੀ ਬੋਰੀ ਦੀ ਲੁਹਾਈ ਤੇ ਬਿਜਲਈ ਮਸ਼ੀਨ ਨਾਲ ਸਫ਼ਾਈ ਦਾ ਲੇਬਰ ਖਰਚਾ ਕ੍ਰਮਵਾਰ 1.25 ਰੁਪਏ ਤੇ 2.22 ਰੁਪਏ ਹੈ। ਵਰਨਣਯੋਗ ਹੈ ਕਿ ਪਹਿਲੀ ਅਪ੍ਰੈਲ ਤੋਂ ਇਨ੍ਹਾਂ ਖ਼ਰਚਿਆਂ ’ਚ ਮਾਮੂਲੀ ਤਬਦੀਲੀ ਦੀ ਸੰਭਾਵਨਾ ਹੈ। ਇਸ ਲਈ ਕਿਸਾਨ ਜਿਣਸ ਦੇ ਮੰਡੀਕਰਨ ਸਮੇਂ ਮਾਰਕੀਟ ਕਮੇਟੀ ਦੇ ਦਫ਼ਤਰ ਤੋਂ ਇਨ੍ਹਾਂ ਖ਼ਰਚਿਆਂ ਦੀ ਪੜਤਾਲ ਜ਼ਰੂਰ ਕਰ ਲੈਣ।

### ਮੰਡੀਕਰਨ ਸਮੇਂ ਸਾਵਧਾਨੀਆਂ

ਜਿਣਸ ਦੀ ਬੋਲੀ ਤੇ ਤੁਲਾਈ ਸਮੇਂ ਕਿਸਾਨ ਨੂੰ ਆਪਣੀ ਢੇਰੀ ਕੋਲ ਹਾਜ਼ਰ ਰਹਿਣਾ ਚਾਹੀਦਾ ਹੈ। ਜੇ ਉਸ ਨੂੰ ਜਿਣਸ ਦਾ ਲਗਾਇਆ ਗਿਆ ਭਾਅ ਘੱਟ ਲਗੇ ਤਾਂ ਉਹ ਆਪਣੀ ਜਿਣਸ ਵੇਚਣ ਤੋਂ ਇਨਕਾਰ ਕਰ ਸਕਦਾ ਹੈ। ਜੇ ਉਹ ਬੋਲੀ ਵੇਲੇ ਹਾਜ਼ਰ ਨਹੀਂ ਹੋਵੇਗਾ ਤਾਂ ਅਜਿਹਾ ਕਰਨਾ ਸੰਭਵ ਨਹੀਂ ਹੋ ਸਕਦਾ। ਜੇ ਕਿਸਾਨ ਨੂੰ ਤੁਲਾਈ ਵਿਚ ਕਿਸੇ ਤਰ੍ਹਾਂ ਦੀ ਧਾਂਦਲੀ ਦਾ ਸ਼ੱਕ ਹੋਵੇ ਤਾਂ ਉਹ ਤੋਲੀ ਗਈ ਜਿਣਸ ਦੀ ‘ਪਰਖ ਤੁਲਾਈ’ ਕਰਵਾ ਸਕਦਾ ਹੈ। ਪੰਜਾਬ ਮੰਡੀ ਐਕਟ ਅਨੁਸਾਰ 10 ਫ਼ੀਸਦੀ ਤਕ ਜਿਣਸ ਦੀ ਤੁਲਾਈ ਬਿਨਾਂ ਫੀਸ ਦਿੱਤਿਆਂ ਕਰਵਾਈ ਜਾ ਸਕਦੀ ਹੈ। ਇਹ ਤੁਲਾਈ ਪੰਜਾਬ ਮੰਡੀ ਬੋਰਡ ਦੇ ਕਰਮਚਾਰੀ ਦੀ ਹਾਜ਼ਰੀ ’ਚ ਕਰਵਾਈ ਜਾਂਦੀ ਹੈ।

ਜੇ ਬੋਰੀ ਵਿਚ ਨਿਰਧਾਰਿਤ ਤੋਂ ਵੱਧ ਵਜ਼ਨ ਨਿਕਲੇ ਤਾਂ ਕਿਸਾਨ ਉਸ ਦੀ ਕੀਮਤ ਲੈਣ ਦਾ ਹੱਕਦਾਰ ਹੁੰਦਾ ਹੈ। ਇਸ ਤੋਂ ਇਲਾਵਾ ਦੋਸ਼ੀ ਆੜ੍ਹਤੀਏ ਦਾ ਲਾਈਸੈਂਸ ਰੱਦ ਹੋ ਸਕਦਾ ਹੈ ਤੇ ਜੁਰਮਾਨਾ ਵੀ ਭੁਗਤਣਾ ਪੈ ਸਕਦਾ ਹੈ। ਫ਼ਸਲ ਵੇਚਣ ਤੋਂ ਬਾਅਦ ‘ਫਾਰਮ-ਜੇ’ ਜ਼ਰੂਰ ਲੈ ਲੈਣਾ ਚਾਹੀਦਾ ਹੈ। ਇਸ ਵਿਚ ਵੇਚੀ ਗਈ ਜਿਣਸ ਦਾ ਨਾਂ, ਖ਼ਰੀਦਦਾਰ ਦਾ ਨਾਂ, ਵਜ਼ਨ, ਕੀਮਤ ਤੇ ਕੁੱਲ ਖ਼ਰਚਿਆਂ ਦਾ ਵੇਰਵਾ ਹੁੰਦਾ ਹੈ। ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਬੋਨਸ ਦਾ ਲਾਭ ਲੈਣ ਲਈ ਕਿਸਾਨ ਕੋਲ ਇਸ ਫਾਰਮ ਦਾ ਹੋਣਾ ਜ਼ਰੂਰੀ ਹੈ। ਇਸ ਤੋਂ ਇਲਾਵਾ ਲੋੜ ਪੈਣ ਤੇ ਇਸ ਨੂੰ ਸਰਕਾਰੀ ਦਸਤਾਵੇਜ਼ ਦੇ ਰੂਪ ਵਿਚ ਆਮਦਨ ਦੇ ਸਬੂਤ ਵਜੋਂ ਵੀ ਵਰਤਿਆ ਜਾ ਸਕਦਾ ਹੈ। •

ਬਰਸੀਮ ਦੀ ਬੀਜ ਵਾਲੀ ਫ਼ਸਲ ਦੇ ਬਿਮਾਰੀਆਂ ਤੋਂ ਬਚਾਅ ਲਈ ਬਿਜਾਈ ਤੋਂ ਪਹਿਲਾਂ ਬੀਜ ਨੂੰ ਜ਼ਰੂਰ ਸੋਧ ਲੈਣਾ ਚਾਹੀਦਾ ਹੈ। ਇਸ ਤੋਂ ਇਲਾਵਾ ਬੀਜ ਵਾਲੀ ਫ਼ਸਲ ਦੀ ਸਹੀ ਸਮੇਂ ’ਤੇ ਬਿਜਾਈ ਤੇ ਸਿੰਚਾਈ ਕੀਤੀ ਜਾਣੀ ਵੀ ਮਹੱਤਵਪੂਰਨ ਹੈ...

• ਮਨਿੰਦਰ ਕੌਰ, ਰਾਹੁਲ ਕਪੂਰ
98150-98390



# ਖ਼ੁਦ ਤਿਆਰ ਕਰੋ ਬਰਸੀਮ ਦਾ ਬੀਜ

ਹਾੜ੍ਹੀ ਦੇ ਚਾਰਿਆਂ ’ਚ ਬਰਸੀਮ ਦਾ ਅਹਿਮ ਸਥਾਨ ਹੈ ਪਰ ਬਹੁਤ ਘੱਟ ਕਿਸਾਨ ਬਰਸੀਮ ਦਾ ਬੀਜ ਖ਼ੁਦ ਤਿਆਰ ਕਰਦੇ ਹਨ। ਬਰਸੀਮ ਦੇ ਮਿਆਰੀ ਬੀਜ ਉਤਪਾਦਨ ਲਈ ਕੁਝ ਅਹਿਮ ਗੱਲਾਂ ਦਾ ਧਿਆਨ ਰੱਖਣਾ ਲਾਜ਼ਮੀ ਹੈ।

### ਮਿਆਰੀ ਕਿਸਮਾਂ

ਪੰਜਾਬ ਵਿਚ ਕਾਸ਼ਤ ਲਈ ਬਰਸੀਮ ਦੀਆਂ ਚਾਰ ਉੱਨਤ ਕਿਸਮਾਂ-ਬੀਐੱਲ-43, ਬੀਐੱਲ-42, ਬੀਐੱਲ-1 ਤੇ ਬੀਐੱਲ-10 ਦੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕੀਤੀ ਗਈ ਹੈ।

### ਖਾਦਾਂ

ਬਰਸੀਮ ਦੀ ਫ਼ਸਲ ਨੂੰ ਬਿਜਾਈ ਸਮੇਂ 6 ਟਨ ਰੂੜੀ ਦੀ ਖਾਦ ਤੇ 125 ਕਿੱਲੋ ਸੁਪਰ ਫਾਸਫੇਟ ਪ੍ਰਤੀ ਏਕੜ ਪਾਵੋ। ਰੂੜੀ ਦੀ ਖਾਦ ਜਿੱਥੇ ਬਰਸੀਮ ਲਈ ਨਾਈਟਰੋਜਨ ਤੇ ਹੋਰ ਸੂਖ਼ਮ ਤੱਤਾਂ ਦੀ ਪੂਰਤੀ ਕਰਦੀ ਹੈ ਉੱਥੇ ਮਿੱਟੀ ਦੀ ਉਪਜਾਊ ਸ਼ਕਤੀ ’ਚ ਵੀ ਵਾਧਾ ਕਰਦੀ ਹੈ। ਜੇ ਰੂੜੀ ਦੀ ਖਾਦ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ ਤਾਂ ਬਿਜਾਈ ਸਮੇਂ 22 ਕਿੱਲੋ ਯੂਰੀਆ ਤੇ 185 ਕਿੱਲੋ ਸੁਪਰ ਫਾਸਫੇਟ ਪ੍ਰਤੀ ਏਕੜ ਵਰਤੋ। ਬਰਸੀਮ ਦੀ ਬੀਜ ਵਾਲੀ ਫ਼ਸਲ ਨੂੰ ਲੋੜ ਤੋਂ ਵੱਧ ਯੂਰੀਆਂ ਖਾਦ ਨਹੀਂ ਪਾਉਣੀ ਚਾਹੀਦੀ ਕਿਉਂਕਿ ਇਸ ਨਾਲ ਬੂਟਿਆਂ ਦਾ ਵਾਧਾ ਜ਼ਿਆਦਾ ਹੁੰਦਾ ਹੈ ਤੇ ਬੀਜ ਦੀ ਮਾਤਰਾ ਘਟਦੀ ਹੈ ਅਤੇ ਬੀਜ ਦੀ ਕੁਆਲਿਟੀ ਵੀ ਮਾੜੀ ਰਹਿੰਦੀ ਹੈ।

### ਸਿੰਚਾਈ

ਬਰਸੀਮ ਦੀ ਬੀਜ ਵਾਲੀ ਫ਼ਸਲ ਨੂੰ ਸਮੇਂ ਸਿਰ ਪਾਣੀ ਦੇਣਾ ਬਹੁਤ ਮਹੱਤਵਪੂਰਨ ਹੈ, ਖ਼ਾਸ ਤੌਰ ’ਤੇ ਫੁੱਲ ਪੈਣ ਤੇ ਬੀਜ ਬਣਨ ਸਮੇਂ ਫ਼ਸਲ ਨੂੰ ਪਾਣੀ ਦੀ ਘਾਟ ਨਹੀਂ ਆਉਣ ਦੇਣੀ ਚਾਹੀਦੀ। ਫ਼ਸਲ ਨੂੰ ਜ਼ਿਆਦਾ ਪਾਣੀ ਵੀ ਨਹੀਂ ਲਾਉਣਾ ਚਾਹੀਦਾ। ਇਸ ਨਾਲ ਫ਼ਸਲ ਵਧੇਰੇ ਮਾਦਾ ਬਣਾ ਲੈਂਦੀ ਹੈ ਤੇ ਬੀਜ ਉਤਪਾਦਨ ’ਤੇ ਮਾੜਾ ਅਸਰ ਪੈਂਦਾ ਹੈ।

### ਨਦੀਨਾਂ ਦੀ ਰੋਕਥਾਮ

ਬਰਸੀਮ ਦੇ ਖੇਤਾਂ ਵਿਚ ਬੂੰਈ ਦੀ ਕਾਫ਼ੀ ਸਮੱਸਿਆ ਹੁੰਦੀ ਹੈ। ਇਹ ਨਦੀਨ ਜ਼ਿਆਦਾ ਨਮੀ ਦੌਰਾਨ ਸਤੰਬਰ ਦੇ ਅਖ਼ੀਰ ਜਾਂ ਅਕਤੂਬਰ ਤੋਂ ਉੱਗਣਾ ਸ਼ੁਰੂ ਕਰ ਦਿੰਦਾ ਹੈ। ਇਸ ਨਦੀਨ ਦੀ ਗਿਣਤੀ ਜੇ ਬਹੁਤ ਸੰਘਣੀ ਹੋਵੇ ਤਾਂ ਜਿੱਥੇ ਬਰਸੀਮ ਦੇ ਚਾਰੇ ਦਾ ਝਾੜ ਘਟ ਜਾਂਦਾ ਹੈ ਉੱਥੇ ਬੀਜ ਵੀ ਘੱਟ ਪੈਦਾ ਹੁੰਦਾ ਹੈ।

### ਕਟਾਈ

ਜਨਵਰੀ ਵਿਚ ਬੀਜੀ ਬਰਸੀਮ ਦੀ ਫ਼ਸਲ ਦੇ ਦੋ ਲੌਅ ਲੈ ਕੇ ਬੀਜ ਲਈ ਛੱਡ ਦੇਣੀ ਚਾਹੀਦੀ ਹੈ। ਸਤੰਬਰ ਦੇ ਅੰਤ ਜਾਂ ਅਕਤੂਬਰ ਵਿਚ ਬੀਜੀ ਬਰਸੀਮ ਦੀ ਚਾਰੇ ਵਾਲੀ ਫ਼ਸਲ ਨੂੰ ਬੀਜ ਪੈਦਾ ਕਰਨ ਲਈ ਛੱਡਣ ਦਾ ਸਮਾਂ ਫ਼ਸਲ ਦੀ ਕਿਸਮ, ਜ਼ਮੀਨ ਤੇ ਮੌਸਮ ਅਨੁਸਾਰ ਤਹਿ ਕਰਨਾ ਚਾਹੀਦਾ ਹੈ। ਘੱਟ ਨਮੀ ਵਾਲੇ ਇਲਾਕਿਆਂ ’ਚ ਆਖ਼ਰੀ ਲੌਅ ਅਗੇਤਾ ਤੇ ਵਧੇਰੇ ਨਮੀ ਵਾਲੇ ਇਲਾਕਿਆਂ ਵਿਚ ਕੁਝ ਪਛੇਤਾ ਲੈਣਾ ਚਾਹੀਦਾ ਹੈ। ਕਿਸਮਾਂ ਦੇ ਮੁਤਾਬਿਕ ਬੀਐੱਲ-1 ਤੇ ਬੀਐੱਲ-10 ਕਿਸਮਾਂ ਦੀ ਆਖ਼ਰੀ ਕਟਾਈ ਕ੍ਰਮਵਾਰ ਅਪ੍ਰੈਲ ਦੇ ਪਹਿਲੇ ਤੇ ਦੂਜੇ ਪੰਦਰਵਾੜੇ ’ਚ ਕਰ ਲੈਣੀ ਚਾਹੀਦੀ ਹੈ ਜਦਕਿ ਬੀਐੱਲ-42 ਦੀ ਆਖ਼ਰੀ ਕਟਾਈ 10 ਅਪ੍ਰੈਲ ਤਕ ਤੇ ਬੀਐੱਲ-43 ਦੀ ਆਖ਼ਰੀ ਕਟਾਈ ਮਾਰਚ ਦੇ ਅਖ਼ੀਰ ਤੋਂ ਅੱਧ ਅਪ੍ਰੈਲ ਤਕ ਕਰ ਕੇ ਫ਼ਸਲ ਨੂੰ ਬੀਜ ਲਈ ਛੱਡ ਦੇਵੋ। ਢੁੱਕਵੇਂ ਸਮੇਂ ਤੇ ਆਖ਼ਰੀ ਕਟਾਈ ਲੈਣ ਨਾਲ ਵਧੇਰੇ ਬੀਜ ਬਣਦਾ ਹੈ। ਬਰਸੀਮ ਦੇ ਬੀਜ ਦਾ ਵੱਧ ਝਾੜ ਲੈਣ ਲਈ 2 ਫ਼ੀਸਦੀ ਪੋਟਾਸ਼ੀਅਮ ਨਾਈਟਰੇਟ (2 ਕਿੱਲੋ ਪੋਟਾਸ਼ੀਅਮ ਨਾਈਟਰੇਟ ਨੂੰ 100 ਲੀਟਰ ਪਾਣੀ ਪ੍ਰਤੀ ਏਕੜ) ਦੀਆਂ ਦੋ ਸਪਰੇਅ ਹਫ਼ਤੇ-ਹਫ਼ਤੇ ਦੇ ਫ਼ਰਕ ਨਾਲ ਫੁੱਲ ਸ਼ੁਰੂ ਹੋਣ ਸਮੇਂ ਕਰੋ ਜਾਂ 7.5 ਗ੍ਰਾਮ ਸੈਲੀਸਿਲਕ ਐਸਿਡ, 225 ਮਿਲੀਲਿਟਰ ਈਥਾਈਲ ਅਲਕੋਹਲ ’ਚ ਘੋਲ ਕੇ ਇਸ ਮਿਸ਼ਰਣ ਨੂੰ 100 ਲੀਟਰ ਪਾਣੀ ’ਚ ਘੋਲ ਕੇ ਪ੍ਰਤੀ ਏਕੜ ਸਪਰੇਅ ਕਰੋ। ਇਸ ਤਰ੍ਹਾਂ ਦੇ ਘੋਲ ਦੀਆਂ ਦੋ ਸਪਰੇਅ ਇਕ ਹਫ਼ਤੇ ਦੇ ਵਕਫ਼ੇ ਨਾਲ ਫੁੱਲ ਸ਼ੁਰੂ ਹੋਣ ’ਤੇ ਕਰੋ।

### ਗਹਾਈ

ਬੀਜ ਪੱਕਣ ’ਤੇ ਫ਼ਸਲ ਦੀ ਕਟਾਈ ਕਰ ਲਵੋ ਤੇ ਇਸ ਨੂੰ ਪੱਕੇ ਫ਼ਰਸ਼ ’ਤੇ ਸੁਕਾ ਲਵੋ। ਫ਼ਸਲ ਦੀ ਗਹਾਈ ਹੱਥਾਂ ਨਾਲ, ਕੰਬਾਈਨ ਜਾਂ ਕਣਕ ਵਾਲੇ ਥਰੈਸ਼ਰ ਨਾਲ ਕੀਤੀ ਜਾ ਸਕਦੀ ਹੈ। ਬੀਜ ਨੂੰ ਬਾਰਿਸ਼ ’ਚ ਗਿੱਲਾ ਹੋਣ ਤੋਂ ਬਚਾਓ ਤੇ ਸਾਫ਼-ਸੁਥਰੀ ਸੁੱਕੀ ਥਾਂ ’ਤੇ ਸਟੋਰ ਕਰ ਕੇ ਰੱਖੋ। •

• ਦਵਿੰਦਰਪਾਲ ਸਿੰਘ, ਰਬਿੰਦਰ ਸਿੰਘ ਸੋਹੂ, 98763-75167

ਪੰਜਾਬ ਸੂਡੈਕਸ ਚਰ੍ਹੀ-4 ਵਧੇਰੇ ਲੌਅ ਦੇਣ ਵਾਲੀ ਦੋਗਲੀ ਕਿਸਮ ਹੈ। ਇਹ ਚਰ੍ਹੀ ਤੇ ਸੁਡਾਨ ਘਾਹ ਦਾ ਸੁਮੇਲ ਹੈ। ਪੰਜਾਬ ਸੂਡੈਕਸ ਦੇ ਟਾਂਡਿਆਂ ’ਚ ਮਿਠਾਸ ਦੀ ਮਾਤਰਾ ਕਾਫ਼ੀ ਹੁੰਦੀ ਹੈ। ਪੌਸ਼ਟਿਕ ਤੱਤਾਂ ਨਾਲ ਭਰਪੂਰ ਇਸ ਕਿਸਮ ਨੂੰ ਲਾਲ ਧੱਬਿਆਂ ਦੀ ਬਿਮਾਰੀ ਘੱਟ ਲਗਦੀ ਹੈ। ਇਸ ਕਿਸਮ ਦੀ ਵੇਲੇ ਸਿਰ ਬੀਜੀ ਗਈ ਫ਼ਸਲ 445 ਕੁਇੰਟਲ ਹਰਾ ਚਾਰਾ ਪ੍ਰਤੀ ਏਕੜ ਦਿੰਦੀ ਹੈ...

# ਵੱਧ ਲੌਅ ਦੇਣ ਵਾਲੀ ਦੋਗਲੀ ਕਿਸਮ ਪੰਜਾਬ ਸੂਡੈਕਸ ਚਰ੍ਹੀ-4

ਚਰ੍ਹੀ ਗਰਮੀਆਂ ਦੇ ਚਾਰਿਆਂ ਵਿਚੋਂ ਇਕ ਮਹੱਤਵਪੂਰਨ ਫ਼ਸਲ ਹੈ। ਇਸ ਦੀ ਕਾਸ਼ਤ ਚਾਰਿਆਂ ਹੇਠਲੇ ਕੁੱਲ ਰਕਬੇ ਵਿਚੋਂ ਲਗਪਗ 60 ਫ਼ੀਸਦੀ ’ਚ ਕੀਤੀ ਜਾਂਦੀ ਹੈ। ਚਰ੍ਹੀ ਦੀਆਂ ਵੱਧ ਲੌਅ ਦੇਣ ਵਾਲੀਆਂ ਕਿਸਮਾਂ ਵਿਕਸਤ ਹੋਣ ਨਾਲ ਇਸ ਹੇਠ ਰਕਬੇ ’ਚ ਵਾਧਾ ਹੋਇਆ ਹੈ। ਇਨ੍ਹਾਂ ਕਿਸਮਾਂ ਦਾ ਚਾਰਾ ਬਹੁਤ ਪੌਸ਼ਟਿਕ ਹੁੰਦਾ ਹੈ, ਜਿਸ ਵਿਚ ਕੈਲਸ਼ੀਅਮ, ਪੋਟਾਸ਼, ਲੋਹਾ, ਫਾਸਫੋਰਸ, ਪ੍ਰੋਟੀਨ ਤੇ ਰੇਸ਼ੇ ਦੀ ਮਾਤਰਾ ਕਾਫ਼ੀ ਹੁੰਦੀ ਹੈ। ਚਰੀ ਦੀ ਵਰਤੋਂ ਹਰੇ ਤੇ ਸੁੱਕੇ ਚਾਰੇ ਤੋਂ ਇਲਾਵਾ ਅਚਾਰ (ਸਾਈਲੇਜ਼) ਬਣਾ ਕੇ ਕੀਤੀ ਜਾ ਸਕਦੀ ਹੈ। ਚਰ੍ਹੀ ਦੀ ਕਾਸ਼ਤ ਵਾਸਤੇ ਗਰਮ ਤੇ ਖ਼ੁਸ਼ਕ ਜਲਵਾਯੂ ਦੀ ਲੋੜ ਹੈ। ਇਹ ਕੁਝ ਹੱਦ ਤਕ ਸੋਕੇ ਵਾਲੇ ਹਾਲਾਤ ਵੀ ਸਹਾਰ ਸਕਦੀ ਹੈ। ਇਸ ਦੀ ਕਾਸ਼ਤ ਹਰ ਤਰ੍ਹਾਂ ਦੀ ਜ਼ਮੀਨ ’ਚ ਹੋ ਸਕਦੀ ਹੈ ਪਰ ਭਾਰੀਆਂ ਤੇ ਚੰਗੇ ਜਲ ਨਿਕਾਸ ਵਾਲੀਆਂ ਜ਼ਮੀਨਾਂ ਇਸ ਲਈ ਬੇਹੱਦ ਢੁੱਕਵੀਆਂ ਹਨ।

### ਚਰ੍ਹੀ ਤੇ ਸੂਡਾਨ ਘਾਹ ਦਾ ਸੁਮੇਲ

ਪੰਜਾਬ ਸੂਡੈਕਸ ਚਰ੍ਹੀ-4 ਵਧੇਰੇ ਲੌਅ ਦੇਣ ਵਾਲੀ ਦੋਗਲੀ ਕਿਸਮ ਹੈ। ਇਹ ਚਰ੍ਹੀ ਤੇ ਸੁਡਾਨ ਘਾਹ ਦਾ ਸੁਮੇਲ ਹੈ, ਜਿਸ ਵਿਚ ਚਰ੍ਹੀ ਮਾਦਾ ਤੇ ਸੁਡਾਨ ਘਾਹ ਨਰ ਹੈ। ਸੁਡਾਨ ਘਾਹ ਦੇ ਕਈ ਲੌਅ ਲਏ ਜਾ ਸਕਦੇ ਹਨ ਅਤੇ ਇਹ ਬੁਝਾ ਜਾਂ ਜਾੜ ਵੀ ਚੰਗਾ ਮਾਰਦਾ ਹੈ। ਇਨ੍ਹਾਂ ਗੁਣਾਂ ਕਰਕੇ ਇਸ ਦਾ ਚਰ੍ਹੀ ਨਾਲ ਸੁਮੇਲ ਕੀਤਾ ਗਿਆ। ਪੰਜਾਬ ਸੁਡੈਕਸ ਚਰ੍ਹੀ-4 ਦੇ ਪੌਦੇ ਉੱਚੇ ਤੇ ਪੱਤੇ ਚੌੜੇ ਹੁੰਦੇ ਹਨ। ਟਾਂਡਿਆ ’ਚ ਮਿਠਾਸ ਦੀ ਮਾਤਰਾ ਕਾਫ਼ੀ ਹੁੰਦੀ ਹੈ। ਇਸ ਕਿਸਮ ਨੂੰ ਲਾਲ ਧੱਬਿਆਂ ਦੀ ਬਿਮਾਰੀ ਬਹੁਤ ਘੱਟ ਲਗਦੀ ਹੈ। ਇਸ ਕਿਸਮ ਦੀ ਵੇਲੇ ਸਿਰ ਬੀਜੀ ਗਈ ਫ਼ਸਲ 445 ਕੁਇੰਟਲ ਹਰਾ ਚਾਰਾ ਪ੍ਰਤੀ ਏਕੜ ਦਿੰਦੀ ਹੈ।

### ਬਿਜਾਈ ਦਾ ਸਮਾਂ

ਕਿਸੇ ਵੀ ਫ਼ਸਲ ਦਾ ਵਧੇਰੇ ਝਾੜ ਲੈਣ ਲਈ ਬਿਜਾਈ ਠੀਕ ਸਮੇਂ ’ਤੇ ਕੀਤੀ ਜਾਣੀ ਜ਼ਰੂਰੀ ਹੈ। ਬਿਜਾਈ ’ਚ ਪਿਛੇਤ ਤ ਮੌਸਮ ਅਨੁਸਾਰ ਝਾੜ ਘਟਣ ਦੇ ਅਸਾਰ ਹੁੰਦੇ ਹਨ ਕਿਉਂਕਿ ਫ਼ਸਲ ਨੂੰ ਵਧਣ-ਫੁੱਲਣ ਲਈ ਘੱਟ ਸਮਾਂ ਮਿਲਦਾ ਹੈ। ਚਾਰੇ ਵਾਲੀਆਂ ਫ਼ਸਲਾਂ ਦੀਆਂ ਕਟਾਈਆਂ ਵੀ ਘਟ ਜਾਂਦੀਆਂ ਹਨ। ਪੰਜਾਬ ਸੁਡੈਕਸ ਚਰ੍ਹੀ-4 ਦੀ ਬਿਜਾਈ ਅਪ੍ਰੈਲ ਦੇ ਆਖ਼ਰੀ ਹਫ਼ਤੇ ਤੋਂ ਮਈ ਦੇ ਅੰਤ ਤਕ ਕੀਤੀ ਜਾ ਸਕਦੀ ਹੈ। ਬਿਜਾਈ ਤੋਂ ਪਹਿਲਾਂ ਸੇਂਜੂ ਜ਼ਮੀਨਾਂ ਵਿਚ ਇਕ ਵਾਰ ਤਵੀਆਂ ਚਲਾ ਕੇ ਦੋ ਵਾਰ ਕਲਟੀਵੇਟਰ ਨਾਲ ਵਾਹ ਕੇ ਨਦੀਨ ਰਹਿਤ ਖੇਤ ਤਿਆਰ ਕਰ ਲੈਣਾ ਚਾਹੀਦਾ ਹੈ ਤਾਂ ਜੋ ਫ਼ਸਲ ਦਾ ਮੁਢਲਾ ਵਾਧਾ ਤੇਜ਼ ਹੋਵੇ।

> **ਬੀਜ ਦੀ ਮਾਤਰਾ**
>
> ਸੁਡੈਕਸ ਚਰ੍ਹੀ ਦਾ 15 ਕਿੱਲੋ ਬੀਜ ਪ੍ਰਤੀ ਏਕੜ ਵਰਤੋ। ਬਿਜਾਈ 30 ਸੈਂਟੀਮੀਟਰ ਵਿੱਥ ’ਤੇ ਕਤਾਰਾਂ ਵਿਚ ਚੰਗੀ ਵੱਤਰ ਵਿਚ ਕਰਨੀ ਚਾਹੀਦੀ ਹੈ। ਬਿਜਾਈ ਤੋਂ ਪਹਿਲਾਂ ਬੀਜ ਨੂੰ 10 ਮਿਲੀਲਿਟਰ ਸਲੇਅਰ 30 ਐੱਫਐੱਸ (ਥਾਇਆਮੀਥੌਕਸਮ) ਨਾਲ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ। ਇਸ ਨਾਲ ਫ਼ਸਲ ਸ਼ਾਖ ਦੀ ਮੱਖੀ ਦੇ ਹਮਲੇ ਤੋਂ ਬਚੇਗੀ। ਬਿਜਾਈ ਖਾਦ-ਬੀਜ ਡਰਿੱਲ ਜਾਂ ਪੋਰ ਦੀ ਵਰਤੋਂ ਕਰ ਕੇ ਕੀਤੀ ਜਾ ਸਕਦੀ ਹੈ। ਕਣਕ ਤੋਂ ਬਾਅਦ ਬਿਨਾਂ ਵਹਾਈ ਜ਼ੀਰੋ ਟਿਲ ਡਰਿੱਲ ਮਸ਼ੀਨ ਨਾਲ ਵੀ ਚਰ੍ਹੀ ਦੀ ਬਿਜਾਈ ਕੀਤੀ ਜਾ ਸਕਦੀ ਹੈ।

### ਖਾਦਾਂ

ਚਰ੍ਹੀ ਗ਼ੈਰ ਫਲ਼ੀਦਾਰ ਫ਼ਸਲ ਹੋਣ ਕਰਕੇ ਨਾਈਟ੍ਰੋਜਨ ਖਾਦ (ਯੂਰੀਆ) ਨੂੰ ਮੰਨਦੀ ਹੈ। ਬਿਜਾਈ ਸਮੇਂ ਘੱਟ ਬਾਰਿਸ਼ ਵਾਲੇ ਜਾਂ ਬਰਾਨੀ ਇਲਾਕੇ ਵਿਚ 20 ਕਿੱਲੋ ਨਾਈਟ੍ਰੋਜਨ ਤੱਤ (44 ਕਿੱਲੋ ਯੂਰੀਆ) ਪਾਓ ਪਰ ਮੀਂਹ ਵਾਲੇ ਜਾਂ ਸੇਂਜੂ ਇਲਾਕਿਆਂ ’ਚ 20 ਕਿੱਲੋ ਨਾਈਟ੍ਰੋਜਨ ਤੱਤ (44 ਕਿਲੋ ਯੂਰੀਆ) ਦੇ ਨਾਲ 8 ਕਿੱਲੋ ਫਾਸਫੋਰਸ ਤੱਤ (50 ਕਿੱਲੋ ਸਿੰਗਲ ਸੁਪਰਫਾਸਫੇਟ) ਵੀ ਪਾਵੋ। ਇਸ ਤੋਂ ਇਕ ਮਹੀਨੇ ਬਾਅਦ 44 ਕਿਲੋ ਯੂਰੀਆ ਦਾ ਪ੍ਰਤੀ ਏਕੜ ਦੁਬਾਰਾ ਛੱਟਾ ਦੇਵੋ। ਪੋਟਾਸ਼ ਤੱਤ ਦੀ ਵਰਤੋਂ ਮਿੱਟੀ ਦੀ ਪਰਖ ਦੇ ਆਧਾਰ ’ਤੇ ਕਰੋ।





> **ਸਿੰਚਾਈ**
>
> ਸੁਡੈਕਸ ਚਰ੍ਹੀ ਨੂੰ ਅਪ੍ਰੈਲ ਤੋਂ ਜੂਨ ਤਕ ਮੌਸਮ ਅਨੁਸਾਰ 3-4 ਪਾਣੀ ਲਾਗਾਉ। ਇਸ ਤੋਂ ਬਾਅਦ ਬਾਰਿਸ਼ ਮੁਤਾਬਕ ਫ਼ਸਲ ਨੂੰ 1-2 ਪਾਣੀ ਹੀ ਕਾਫ਼ੀ ਹਨ। ਖੇਤ ਵਿਚ ਜਲ ਨਿਕਾਸੀ ਦਾ ਪ੍ਰਬੰਧ ਲਾਜ਼ਮੀ ਕਰੋ।
>
> **ਕਟਾਈ**
>
> ਚਰ੍ਹੀ ਨੂੰ ਕੱਟਣ ਤੋਂ ਇਕ ਹਫ਼ਤਾ ਪਹਿਲਾਂ ਪਾਣੀ ਲਗਾ ਦੇਵੋ। ਸੂਡੈਕਸ ਚਰ੍ਹੀ ਬਿਜਾਈ ਤੋਂ 55-65 ਦਿਨਾਂ ਵਿਚ ਪਹਿਲੇ ਲੌਅ ਲਈ ਤਿਆਰ ਹੋ ਜਾਂਦੀ ਹੈ। ਇਸ ਦੇ ਬਾਕੀ ਲੌਅ 35-40 ਦਿਨ ਦੇ ਫ਼ਰਕ ’ਤੇ ਲਏ ਜਾ ਸਕਦੇ ਹਨ।

ਚਰ੍ਹੀ ਦੀਆਂ ਦੂਜੀਆਂ ਕਟਾਈਆਂ ਲਈ ਪਹਿਲੀ ਸਿੰਚਾਈ ਤੋਂ ਤੁਰੰਤ ਪਿੱਛੋਂ 40 ਕਿੱਲੋ ਨਾਈਟ੍ਰੋਜਨ (88 ਕਿੱਲੋ ਯੂਰੀਆ) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਵੋ।

### ਪੌਦ ਸੁਰੱਖਿਆ

**ਕੀੜੇ-ਮਕੌੜੇ** : ਸ਼ਾਖ ਦੀ ਮੱਖੀ ਦਾ ਹਮਲਾ ਅਗੇਤੀ (ਅਪ੍ਰੈਲ/ਮਈ ਵਿਚ) ਬੀਜੀ ਸੂਡੈਕਸ ਚਰ੍ਹੀ ’ਤੇ ਵਧੇਰੇ ਹੁੰਦਾ ਹੈ। ਇਸ ਦੇ ਹਮਲੇ ਨਾਲ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ। ਇਸ ਦੀ ਰੋਕਥਾਮ ਲਈ 10 ਮਿਲੀਲਿਟਰ ਸਲੇਅਰ 30 ਐੱਫਐੱਸ (ਥਾਇਆਮੀਥੌਕਸਮ) ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਕਰੋ। ਜੇ ਬੀਜ ਸੋਧਿਆ ਹੋਵੇ ਤਾਂ ਹਰੇ ਚਾਰੇ ਦੀ ਕਟਾਈ 45 ਦਿਨਾਂ ਤੋਂ ਪਹਿਲਾਂ ਨਾ ਕਰੋ। ਜੂੰ, ਸਲੇਟੀ ਭੂੰਡੀ, ਪੱਤਿਆਂ ਦਾ ਟਿੱਡਾ, ਕਮਾਦ ਦੇ ਘੋੜੇ ਤੇ ਤਣੇ ਦਾ ਗੜੂੰਆਂ ਵੀ ਚਰ੍ਹੀ ਉੱਪਰ ਹਮਲਾ ਕਰਦੇ ਹਨ।

**ਬਿਮਾਰੀਆਂ** : ਚਰ੍ਹੀ ਵਿਚ ਬੀਜ ਸੜਨ ਤੇ ਛੋਟੇ ਬੂਟਿਆਂ ਦੇ ਮਰਨ ਵਾਲੀ ਬਿਮਾਰੀ ਬੀਜ ਰਾਹੀਂ ਫ਼ੈਲਣ ਵਾਲੀ ਉੱਲੀ ਕਾਰਨ ਹੁੰਦੀ ਹੈ। ਇਸ ਬਿਮਾਰੀ ਕਾਰਨ ਬੀਜ ਸੁੰਗੜ ਜਾਂਦੇ ਹਨ ਤੇ ਗੂੜ੍ਹੇ ਰੰਗ ਦੇ ਹੋ ਜਾਂਦੇ ਹਨ। ਛੋਟੇ ਪੌਦੇ ਜ਼ਮੀਨ ਵਿਚੋਂ ਨਿਕਲਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ ਤੇ ਖੇਤ ਵਿਚ ਬੂਟਿਆਂ ਦੀ ਗਿਣਤੀ ਘਟ ਜਾਂਦੀ ਹੈ।

### ਬੀਜ ਉਤਪਾਦਨ

ਪੰਜਾਬ ਸੂਡੈਕਸ ਦਾ ਬੀਜ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਬੀਜ ਪੈਦਾ ਕਰਨ ਵਾਲੀਆਂ ਹੋਰਨਾਂ ਸੰਸਥਾਵਾਂ, ਜਿਵੇਂ ਰਾਸ਼ਟਰੀ ਬੀਜ ਨਿਗਮ ਆਦਿ ਤੋਂ ਹਰ ਸਾਲ ਨਵਾਂ ਲੈਣਾ ਪੈਂਦਾ ਹੈ। ਕਿਸਾਨ ਪੀਏਯੂ ਤੋਂ ਬੀਜ ਉਤਪਾਦਨ ਸਬੰਧੀ ਸਿਖਲਾਈ ਪ੍ਰਾਪਤ ਕਰ ਕੇ ਚਰ੍ਹੀ ਦਾ ਬੀਜ ਖ਼ੁਦ ਵੀ ਤਿਆਰ ਕਰ ਸਕਦੇ ਹਨ।

ਪੰਜਾਬ ਸੁਡੈਕਸ ਚਰ੍ਹੀ-4 ਲਈ ਮਾਦਾ ਲਾਈਨ 94012-ਏ ਹੈ ਤੇ ਨਰ ਲਾਈਨ ਸੁਡਾਨ ਘਾਹ ਐੱਸਜੀਐੱਲ-87 ਹੈ। ਮਾਦਾ ਤੇ ਨਰ ਦੂਜੀ ਚਰ੍ਹੀ ਦੀ ਫ਼ਸਲ ਤੋਂ 200 ਮੀਟਰ ਦੇ ਫ਼ਾਸਲੇ ਤੇ ਕ੍ਰਮਵਾਰ 2:4 ਦੇ ਅਨੁਪਾਤ ’ਚ ਬੀਜਣੇ ਚਾਹੀਦੇ ਹਨ। ਕਤਾਰਾਂ ਵਿਚ 50 ਸੈਂਟੀਮੀਟਰ ਦੀ ਵਿੱਥ ਰੱਖੀ ਜਾਂਦੀ ਹੈ। ਇਕ ਏਕੜ ਦੀ ਬਿਜਾਈ ਲਈ 4 ਕਿੱਲੋ ਮਾਦਾ ਤੇ 3 ਕਿੱਲੋ ਨਰ ਬੀਜ ਦੀ ਲੋੜ ਪੈਂਦੀ ਹੈ। ਇਸ ਦੀ ਬਿਜਾਈ ਜੂਨ ਦੇ ਆਖ਼ਰੀ ਹਫ਼ਤੇ ਕੀਤੀ ਜਾਂਦੀ ਹੈ। ਨਰ ਤੇ ਮਾਦਾ ਕਤਾਰਾਂ ਵਿਚੋਂ ਵਾਧੂ ਤੇ ਬੇਲੋੜੇ ਪੌਦੇ, ਜੋ ਫ਼ਸਲ ਦੇ ਗੁਣਾਂ ਨਾਲ ਮੇਲ ਨਹੀਂ ਖਾਂਦੇ ਹੋਣ, ਕੱਢਦੇ ਰਹਿਣਾ ਚਾਹੀਦਾ ਹੈ, ਤਾਂ ਜੋ ਮਿਆਰੀ ਬੀਜ ਪੈਦਾ ਕੀਤਾ ਜਾ ਸਕੇ।

ਬੀਜ ਵਾਲੀ ਫ਼ਸਲ ਦੀ ਵਾਢੀ ਸਮੇਂ ਪਹਿਲਾਂ ਨਰ ਲਾਈਨਾਂ ਦਾ ਬੀਜ ਲੈਣਾ ਚਾਹੀਦਾ ਹੈ ਤੇ ਫਿਰ ਮਾਦਾ ਲਾਈਨਾਂ ਤੋੜਨੀਆਂ ਚਾਹੀਦੀਆਂ ਹਨ। ਵਾਢੀ ਤੋਂ ਬਾਅਦ ਬੀਜ ਨੂੰ ਚੰਗੀ ਤਰ੍ਹਾਂ ਧੁੱਪ ਵਿਚ ਸੁਕਾ ਕੇ ਸਟੋਰ ਕਰਨਾ ਚਾਹੀਦਾ ਹੈ। •

# ਪੰਜਾਬ ਦੇ ਇਕ ਹੋਰ ਪਾਦਰੀ 'ਤੇ ਲੱਗੇ ਜਬਰ-ਜ਼ਿਨਾਹ ਦੇ ਦੋਸ਼ ! ਕਿਸੇ ਵੇਲੇ ਵੀ ਹੋ ਸਕਦੈ ਗ੍ਰਿਫ਼ਤਾਰ

**ਏਜੰਸੀਆਂ**

ਗੁਰਦਾਸਪੁਰ 11 ਅਪ੍ਰੈਲ। ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਅਬੁਲ ਖੈਰ ਵਿੱਚ ਇੱਕ ਚਰਚ ਨਾਲ ਸਬੰਧਤ ਇੱਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਸਵੈ-ਘੋਸ਼ਿਤ ਪਾਦਰੀ ਜਸ਼ਨ ਗਿੱਲ 'ਤੇ 22 ਸਾਲਾ ਕੁੜੀ ਨਾਲ ਵਾਰ-ਵਾਰ ਜਬਰ-ਜ਼ਿਨਾਹ ਕਰਨ ਅਤੇ ਫਿਰ ਉਸ ਨੂੰ ਗਰਭਪਾਤ ਕਰਵਾਉਣ ਲਈ ਮਜ਼ਬੂਰ ਕਰਨ ਦਾ ਇਲਜ਼ਾਮ ਲਗਾਇਆ ਗਿਆ ਹੈ। ਪੀੜਤਾ ਦੇ ਪਿਤਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗਰਭਪਾਤ ਤੋਂ ਬਾਅਦ ਕੁੜੀ ਦੀ ਮੌਤ ਹੋ ਗਈ ਸੀ। ਪੀੜਤਾ ਦੇ ਪਿਤਾ ਦੇ ਅਨੁਸਾਰ, ਉਸ ਦੀ ਧੀ ਉਸ ਸਮੇਂ 231 ਦੀ ਵਿਦਿਆਰਥਣ ਸੀ ਤੇ ਆਪਣੇ ਪਰਿਵਾਰ ਨਾਲ ਚਰਚ ਜਾਂਦੀ ਸੀ। ਜਸ਼ਨ ਗਿੱਲ ਨੇ ਉਸ ਨੂੰ ਵਰਗਲਾ ਕੇ ਉਸ ਦਾ ਸਰੀਰਕ ਸ਼ੋਸ਼ਣ ਕੀਤਾ ਤੇ ਫਿਰ ਜਦੋਂ ਉਹ ਗਰਭਵਤੀ ਹੋ ਗਈ, ਤਾਂ ਉਸ ਨੇ ਖੋਖਰ ਪਿੰਡ ਦੀ ਇੱਕ ਨਰਸ ਤੋਂ ਗੈਰ-ਕਾਨੂੰਨੀ ਤੇ ਲਾਪਰਵਾਹੀ ਨਾਲ ਉਸ ਦਾ ਗਰਭਪਾਤ ਕਰਵਾ ਦਿੱਤਾ। ਇਹ ਗਰਭਪਾਤ ਇੱਕ ਗੈਰ-ਕਾਨੂੰਨੀ ਕੇਂਦਰ 'ਚ ਕੀਤਾ ਗਿਆ ਸੀ। ਗਰਭਪਾਤ ਇੰਨੀ ਲਾਪਰਵਾਹੀ ਨਾਲ ਕੀਤਾ ਗਿਆ ਕਿ ਧੀ ਨੂੰ ਇਨਫੈਕਸ਼ਨ ਹੋ ਗਈ। ਉਸ ਦੇ ਪੇਟ ਵਿੱਚ ਬਹੁਤ ਦਰਦ ਸੀ ਤੇ ਉਸਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਜਦੋਂ ਅਲਟਰਾਸਾਊਂਡ ਕੀਤਾ ਗਿਆ ਤਾਂ ਗਰਭਪਾਤ ਦਾ ਪਤਾ ਲੱਗ ਸਕਿਆ। ਇਸ ਤੋਂ ਬਾਅਦ ਉਸ ਨੂੰ ਅੰਮ੍ਰਿਤਸਰ ਲਿਜਾਇਆ ਗਿਆ, ਪਰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਪੀੜਤ ਦੇ ਪਿਤਾ ਨੇ ਦਾਅਵਾ ਕੀਤਾ ਕਿ ਪਾਸਟਰ ਜਸ਼ਨ ਗਿੱਲ ਨੇ ਪੁਲਸ ਅਧਿਕਾਰੀਆਂ ਨੂੰ ਵੀ ਰਿਸ਼ਵਤ ਦਿੱਤੀ ਸੀ, ਜਿਸ ਕਾਰਨ ਉਸ ਨੂੰ ਅਜੇ ਤੱਕ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਘਟਨਾ 2023 ਦੀ ਹੈ, ਪਰ ਪੁਲਸ ਨੇ ਹੁਣ ਤੱਕ ਕੋਈ ਠੋਸ ਕਾਰਵਾਈ ਨਹੀਂ ਕੀਤੀ। ਉਹ ਖੁੱਲ੍ਹੇਆਮ ਘੁੰਮ ਰਿਹਾ ਹੈ ਅਤੇ ਪੁਲਸ ਉਸ ਤੋਂ ਪੈਸੇ ਲੈ ਰਹੀ ਹੈ। ਪੀੜਤ ਦੇ ਪਿਤਾ ਨੇ ਕਿਹਾ ਕਿ ਉਸ ਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਸਨ ਤੇ ਆਪਣੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ, ਉਸ ਨੇ ਪਿੰਡ ਵੀ ਛੱਡ ਦਿੱਤਾ ਹੈ। ਉਸ ਨੇ ਸੀਬੀਆਈ ਜਾਂਚ ਦੀ ਮੰਗ ਕਰਦੇ ਹੋਏ ਪੰਜਾਬ ਹਾਈ ਕੋਰਟ ਦਾ ਰੁਖ ਕੀਤਾ ਹੈ। ਉਸ ਨੇ ਕਿਹਾ ਕਿ ਹੁਣ ਆਪਣੀ ਧੀ ਲਈ ਇਨਸਾਫ਼ ਦੀ ਲੜਾਈ ਸ਼ੁਰੂ ਕਰ ਦਿੱਤੀ ਹੈ ਪਰ ਪੰਜਾਬ ਪੁਲਸ ਨੇ ਕੁਝ ਨਹੀਂ ਕੀਤਾ। ਉਹ ਚਾਹੁੰਦਾ ਹੈ ਕਿ ਇਸ ਮਾਮਲੇ ਦੀ ਸੀਬੀਆਈ ਵੱਲੋਂ ਨਿਰਪੱਖ ਜਾਂਚ ਕੀਤੀ ਜਾਵੇ। ਦੂਜੇ ਪਾਸੇ ਇਸ ਮਾਮਲੇ ਸਬੰਧੀ ਅੱਜ ਡੀਐੱਸਪੀ ਅਮੋਲਕ ਸਿੰਘ ਨੇ ਦੱਸਿਆ ਕਿ ਪੁਲਸ ਨੇ ਸਮੇਂ ਸਿਰ ਮੁਲਜ਼ਮ ਖ਼?ਲਾਫ਼ ਕੇਸ ਦਰਜ ਕਰ ਲਿਆ ਗਿਆ ਸੀ। ਦੋਸ਼ੀ ਨੂੰ ਫੜਨ ਲਈ ਛਾਪੇਮਾਰੀ ਕੀਤੀ ਗਈ ਪਰ ਉਹ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹੈ, ਜਿਸ ਕਾਰਨ ਉਸਨੂੰ ਮਾਣਯੋਗ ਅਦਾਲਤ ਨੇ 21/09/2024 ਨੂੰ ਭਗੌੜਾ ਐਲਾਨ ਦਿੱਤਾ ਹੈ, ਉਸਨੂੰ ਫੜਨ ਲਈ ਅਜੇ ਵੀ ਛਾਪੇਮਾਰੀ ਕੀਤੀ ਜਾ ਰਹੀ ਹੈ।

# ਪੰਜਾਬ 'ਚ ਇਨ੍ਹਾਂ ਤਾਰੀਖ਼ਾਂ ਨੂੰ ਪਵੇਗਾ ਮੀਂਹ, ਇਹ ਜ਼ਿਲ੍ਹੇ ਰਹਿਣ ਸਾਵਧਾਨ

**ਸਰਦੂਲ ਸਿੰਘ**

ਜਲੰਧਰ 11 ਅਪ੍ਰੈਲ। ਪੰਜਾਬ ਵਿਚ ਲਗਾਤਾਰ ਗਰਮੀ ਵਿਚ ਵਾਧਾ ਹੋਣ ਲੱਗਿਆ ਹੈ। ਸੂਬੇ ਵਿਚ ਦਿਨ ਦਾ ਤਾਪਮਾਨ 43.1 ਡਿਗਰੀ ਤੱਕ ਪਹੁੰਚ ਗਿਆ ਹੈ। ਉਥੇ ਹੀ ਬਠਿੰਡਾ ਸਭ ਤੋਂ ਗਰਮ ਰਿਹਾ ਹੈ। ਮੌਸਮ ਵਿਭਾਗ ਨੇ ਤਾਜ਼ਾ ਭਵਿੱਖਬਾਣੀ ਕਰਦੇ ਹੋਏ 12 ਜ਼ਿਲ੍ਹਿਆਂ ਵਿੱਚ ਯੈਲੋ ਅਲਰਟ ਦੀ ਚਿਤਾਵਨੀ ਅਤੇ 4 ਜ਼ਿਲ੍ਹਿਆਂ ਵਿੱਚ ਓਰੇਂਜ ਅਲਰਟ ਜਾਰੀ ਕੀਤਾ ਗਿਆ। ਇਸ ਦੇ ਨਾਲ ਹੀ ਦਿਨ ਵਾਂਗ ਹੁਣ ਰਾਤ ਨੂੰ ਵੀ ਗਰਮੀ ਵਿਚ ਵਾਧਾ ਵੇਖਣ ਨੂੰ ਮਿਲੇਗਾ। ਉਥੇ 9, 10 ਅਤੇ 11 ਅਪ੍ਰੈਲ ਨੂੰ ਸੂਬੇ ਵਿਚ ਕਈ ਥਾਵਾਂ 'ਤੇ ਹਲਕੀ ਬਾਰਿਸ਼ ਦੀ ਭਵਿੱਖਬਾਣੀ ਵੀ ਕੀਤੀ ਗਈ ਹੈ। ਮੌਸਮ ਵਿਭਾਗ ਮੁਤਾਬਕ ਪੱਛਮੀ ਗੜਬੜੀ ਅੱਜ ਤੋਂ ਸਰਗਰਮ ਹੋ ਗਈ ਹੈ। ਅਜਿਹੀ ਸਥਿਤੀ ਵਿੱਚ 11 ਅਪ੍ਰੈਲ 10 ਅਤੇ 11 ਅਪ੍ਰੈਲ ਨੂੰ ਸੂਬੇ ਵਿੱਚ ਕੁਝ ਥਾਵਾਂ 'ਤੇ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋ ਸਕਦੀ ਹੈ, ਜਿਸ ਕਾਰਨ ਗਰਮੀ ਤੋਂ ਥੋੜ੍ਹੀ ਰਾਹਤ ਮਿਲੇਗੀ। ਭਾਰਤੀ ਮੌਸਮ ਵਿਗਿਆਨ ਕੇਂਦਰ ਵੱਲੋਂ ਅੱਜ ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਬਠਿੰਡਾ ਅਤੇ ਮਾਨਸਾ ਜ਼ਿਲ੍ਹੇ ਵਿਚ ਕਈ ਥਾਵਾਂ 'ਤੇ ਦੀ ਭਵਿੱਖਬਾਣੀ ਕੀਤੀ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਹੀਟ ਵੇਵ ਦਾ ਅਸਰ ਵੀ ਬਾਕੀ ਥਾਵਾਂ ਨਾਲੋਂ ਜ਼ਿਆਦਾ ਵੇਖਣ ਨੂੰ ਮਿਲੇਗਾ। ਇਸ ਤੋਂ ਇਲਾਵਾ ਭਾਰਤੀ ਮੌਸਮ ਵਿਗਿਆਨ ਕੇਂਦਰ ਮੁਤਾਬਕ ਅੱਜ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਤਰਨਤਾਰਨ, ਫਿਰੋਜ਼ਪੁਰ, ਮੋਗਾ, ਲੁਧਿਆਣਾ, ਪਟਿਆਲਾ, ਸੰਗਰੂਰ, ਬਰਨਾਲਾ, ਫ਼ਰੀਦਕੋਟ ਲਈ ਵੀ ਹੀਟ ਵੇਵ ਦਾ ਅਲਰਟ ਜਾਰੀ ਕੀਤਾ ਗਿਆ ਹੈ। ਉੱਥੇ ਹੀ ਅਗਲੇ 48 ਘੰਟੇ ਤਾਪਮਾਨ ਵਿਚ ਜ਼ਿਆਦਾ ਵਾਧਾ ਨਹੀਂ ਹੋਵੇਗਾ ਤੇ ਉਸ ਤੋਂ ਬਾਅਦ ਤਾਪਮਾਨ ਵਿਚ ਥੋੜ੍ਹੀ ਗਿਰਾਵਟ ਵੀ ਆ ਸਕਦੀ ਹੈ। ਜੇਕਰ ਗੱਲ ਕੀਤੀ ਜਾਵੇ ਪਿਛਲੇ 24 ਘੰਟਿਆਂ ਦੀ ਤਾਂ ਸੂਬੇ ਦੇ ਤਾਪਮਾਨ ਵਿੱਚ 0.2 ਡਿਗਰੀ ਦਾ ਵਾਧਾ ਦਰਜ ਕੀਤਾ ਗਿਆ ਹੈ। ਇਹ ਆਮ ਤਾਪਮਾਨ ਨਾਲੋਂ 5.6 ਡਿਗਰੀ



ਵੱਧ ਹੈ। ਸਾਰੇ ਜ਼ਿਲ੍ਹਿਆਂ ਵਿੱਚ ਤਾਪਮਾਨ 40 ਡਿਗਰੀ ਤੋਂ ਵੱਧ ਹੈ। ਲਗਾਤਾਰ ਵਧ ਰਹੀ ਗਰਮੀ ਤੋਂ ਲੋਕਾਂ ਨੂੰ ਬਚਾਉਣ ਲਈ ਸਿਹਤ ਵਿਭਾਗ ਨੇ ਇਕ ਐਡਵਾਈਜ਼ਰੀ ਵੀ ਜਾਰੀ ਕੀਤੀ ਹੈ। ਦੱਸਣਯੋਗ ਹੈ ਕਿ ਮੌਸਮ ਵਿੱਚ ਤੇਜ਼ੀ ਨਾਲ ਆਈ ਤਬਦੀਲੀ ਕਾਰਨ ਜਿੱਥੇ ਲੋਕਾਂ ਨੂੰ ਗਰਮੀ ਨਾਲ ਜੂਝਣਾ ਪੈ ਰਿਹਾ ਹੈ। ਉਥੇ ਹੀ ਖੇਤਾਂ ਵਿੱਚ ਖੜ੍ਹੀ ਕਣਕ ਦੀ ਫ਼ਸਲ ਦਾ ਰੰਗ ਵੀ ਹੁਣ ਸੁਨਹਿਰੀ ਰੰਗਾ ਹੋ ਗਿਆ ਹੈ। ਫ਼ਸਲ ਪੱਕ ਕੇ ਤਿਆਰ ਹੋ ਰਹੀ ਹੈ ਅਤੇ ਆਉਂਦੇ ਕੁਝ ਹੀ ਦਿਨਾਂ ਵਿੱਚ ਫ਼ਸਲ ਦੀ ਕਟਾਈ ਦਾ ਕੰਮ ਵੀ ਸ਼ੁਰੂ ਹੋਵੇਗਾ। ਇਸ ਦੇ ਨਾਲ ਹੀ ਮੌਸਮ ਵਿਭਾਗ ਵੱਲੋਂ ਇਕ ਦੋ ਦਿਨਾਂ ਤੱਕ ਹਨੇਰੀ-ਝੱਖੜ ਆਉਣ ਦੀ ਕੀਤੀ ਗਈ ਭਵਿੱਖਬਾਣੀ ਕਾਰਨ ਵੀ ਕਿਸਾਨ ਚਿੰਤਤ ਨਜ਼ਰ ਆ ਰਹੇ ਹਨ। ਬਾਰਿਸ਼ ਕਾਰਨ ਕਿਸਾਨਾਂ ਦੀ ਪੱਕੀ ਫ਼ਸਲ ਦਾ ਨੁਕਸਾਨ ਵੀ ਹੋ ਸਕਦਾ ਹੈ। ਦੂਜੇ ਪਾਸੇ ਸਿਹਤ ਵਿਭਾਗ ਨੇ ਮੌਸਮ ਦੀ ਤਬਦੀਲੀ ਕਾਰਨ ਲੋਕਾਂ ਨੂੰ ਬੀਮਾਰੀਆਂ ਅਤੇ ਹੀਟ ਵੇਵ ਤੋਂ ਬਚਾਉਣ ਲਈ ਸੁਚੇਤ ਰਹਿਣ ਦੀ ਸਲਾਹ ਦਿੱਤੀ ਹੈ। ਦੱਸ ਦੇਈਏ ਕਿ ਜੇਕਰ ਕਿਸੇ ਥਾਂ ਦਾ ਤਾਪਮਾਨ 40 ਡਿਗਰੀ ਜਾਂ ਇਸ ਤੋਂ ਵੱਧ ਤੱਕ ਪਹੁੰਚ ਜਾਵੇ ਤਾਂ ਇਸ ਸਥਿਤੀ ਨੂੰ ਹੀਟ ਵੇਵ ਕਿਹਾ ਜਾਂਦਾ ਹੈ। ਹੀਟ ਵੇਵ ਦੀ ਸੰਭਾਵਨਾ ਦੇ ਚਲਦੇ ਲੂ ਲੱਗਣ ਦਾ ਖ਼ਤਰਾ ਹੁੰਦਾ ਹੈ। ਇਸ ਹਾਲਤ ਵਿਚ ਨਵਜੰਮੇ ਬੱਚਿਆਂ ਅਤੇ ਛੋਟੇ ਬੱਚਿਆਂ, ਗਰਭਵਤੀ ਔਰਤਾਂ, 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਜ਼ੁਰਗ ਨਾਗਰਿਕ, ਕਾਮੇ, ਮੋਟਾਪੇ ਤੋਂ ਪੀੜਤ ਲੋਕ, ਮਾਨਸਿਕ ਤੌਰ 'ਤੇ ਬੀਮਾਰ ਲੋਕ, ਖ਼ਾਸ ਤੌਰ 'ਤੇ ਦਿਲ ਦੀ ਬੀਮਾਰੀ ਜਾਂ ਹਾਈ ਬਲੱਡ ਪ੍ਰੈਸ਼ਰ ਵਾਲੇ ਲੋਕਾਂ ਨੂੰ ਸਾਵਧਾਨ ਰਹਿਣ ਦੀ ਲੋੜ ਹੈ। ਦੂਜੇ ਪਾਸੇ ਕਈ ਥਾਵਾਂ 'ਤੇ ਅੱਜ ਹਲਕੀ ਬਾਰਿਸ਼ ਦੀ ਵੀ ਭਵਿੱਖਬਾਣੀ ਕੀਤੀ ਗਈ ਹੈ। ਮੌਸਮ ਵਿਭਾਗ ਮੁਤਾਬਕ ਅੱਜ ਪਠਾਨਕੋਟ, ਗੁਰਦਾਸਪੁਰ ਅਤੇ ਹੁਸ਼ਿਆਰਪੁਰ ਦੇ ਕਈ ਇਲਾਕਿਆਂ ਵਿਚ ਹਲਕੀ ਬਾਰਿਸ਼ ਹੋ ਸਕਦੀ ਹੈ। ਹਾਲਾਂਕਿ ਬਾਕੀ ਜ਼ਿਲ੍ਹਿਆਂ ਵਿਚ ਮੌਸਮ ਸਾਫ਼ ਰਹੇਗਾ ਤੇ ਉੱਥੇ ਬਾਰਿਸ਼ ਦੀ ਕੋਈ ਸੰਭਾਵਨਾ ਨਹੀਂ ਹੈ। ਇਸੇ ਤਰ੍ਹਾਂ ਕੱਲ੍ਹ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ, ਨਵਾਂਸ਼ਹਿਰ, ਰੂਪਨਗਰ, ਐੱਸ. ਏ. ਐੱਸ. ਨਗਰ, ਫ਼ਤਹਿਗੜ੍ਹ ਸਾਹਿਬ, ਫ਼ਰੀਦਕੋਟ, ਫਾਜ਼ਿਲਕਾ, ਮੁਕਤਸਰ ਅਤੇ ਬਠਿੰਡਾ ਜ਼ਿਲ੍ਹੇ ਵਿਚ ਬਾਰਿਸ਼ ਹੋ ਸਕਦੀ ਹੈ।

## ਟ੍ਰੈਫਿਕ ਦੇ ਸ਼ੋਰ ਨਾਲ ਵਧ ਸਕਦੈ ਦਿਲ ਦੀ ਬਿਮਾਰੀ ਦਾ ਖਤਰਾ

ਨਵੀਂ ਦਿੱਲੀ 11 ਅਪ੍ਰੈਲ। ਟ੍ਰੈਫਿਕ ਦੇ ਵਧਦੇ ਸੋਰ ਕਾਰਨ ਦਿਲ ਦਾ ਦੌਰਾ ਪੈਣ ਸਮੇਤ ਦਿਲ ਨਾਲ ਸਬੰਧਤ ਰੋਗਾਂ ਦਾ ਖਤਰਾ ਵਧਣ ਦਾ ਖਦਸਾ ਹੈ। ਖੋਜਕਾਰਾਂ ਨੇ ਇਕ ਅਧਿਐਨ 'ਚ ਇਸ ਗੱਲ ਨੂੰ ਸਾਬਤ ਕੀਤਾ ਹੈ। ਖੋਜਕਾਰਾਂ ਨੂੰ ਟ੍ਰੈਫਿਕ ਦੇ ਸੋਰ ਅਤੇ ਦਿਲ ਨਾਲ ਸਬੰਧਤ ਰੋਗਾਂ ਦੇ ਖਤਰੇ ਵਿਚਾਲੇ ਸਬੰਧ ਸਥਾਪਤ ਕਰਨ ਵਾਲੇ ਸਬੂਤ ਮਿਲੇ ਹਨ ਅਤੇ ਉਨ੍ਹਾਂ ਨੇ ਇਸ ਤਰ੍ਹਾਂ ਦੇ ਸੋਰ ਪ੍ਰਦੂਸਣ ਨੂੰ ਕਾਰਡੀਓਵੈਸਕੁਲਰ ਰੋਗਾਂ ਦੇ ਖਤਰੇ ਦੇ ਕਾਰਕ ਦੇ ਰੂਪ 'ਚ ਮਾਨਤਾ ਦਿੱਤੇ ਜਾਣ ਦੀ ਅਪੀਲ ਕੀਤੀ ਹੈ। ਖੋਜਕਾਰਾਂ ਦੀ ਅੰਤਰਰਾਸਟਰੀ ਟੀਮ ਨੇ ਮਹਾਮਾਰੀ ਵਿਗਿਆਨਿਕ ਡਾਟਾ ਦੀ ਸਮੀਖਿਆ ਕੀਤੀ, ਜੋ ਕਿਸੇ ਖਾਸ ਬਿਮਾਰੀ ਦੇ ਖਤਰੇ ਦੇ ਕਾਰਕਾਂ ਦੀ ਪਛਾਣ ਕਰਨ ਲਈ ਸਬੂਤ ਮੁਹੱਈਆ ਕਰਵਾਉਂਦੇ ਹਨ। ਖੋਜਕਾਰਾਂ ਨੇ ਆਪਣੀ ਸਮੀਖਿਆ 'ਚ ਪਾਇਆ ਕਿ ਸੜਕੀ ਆਵਾਜਾਈ ਨਾਲ ਹੋਣ ਪੈਦਾ ਹੋਣ ਵਾਲੇ ਸੋਰ 'ਚ ਹਰ 10 ਡੈਸੀਬਲ ਵਾਧੇ ਦੇ ਨਾਲ, ਸੂਗਰ ਅਤੇ ਦਿਲ ਦੇ ਦੌਰੇ ਸਮੇਤ ਦਿਲ ਨਾਲ ਸਬੰਧਤ ਬਿਮਾਰੀਆਂ ਹੋਣ ਦਾ ਖਤਰਾ 3.2 ਫੀਸਦੀ ਵਧ ਜਾਂਦਾ ਹੈ। ਉਨ੍ਹਾਂ ਕਿਹਾ ਕਿ ਖਾਸ ਤੌਰ 'ਤੇ ਰਾਤ ਦੇ ਸਮੇਂ ਨੀਂਦ 'ਚ ਵਿਘਨ ਪਾਉਣ ਵਾਲਾ ਟ੍ਰੈਫਿਕ ਦਾ ਸੋਰ ਖੂਨ ਦੀਆਂ ਨਾੜੀਆਂ 'ਚ ਤਣਾਅ ਪੈਦਾ ਕਰਨ ਵਾਲੇ ਹਾਰਮੋਨਾਂ ਦੇ ਪੱਧਰ ਨੂੰ ਵਧਾ ਸਕਦਾ ਹੈ, ਜਿਸ ਨਾਲ ਹਾਈ ਬਲੱਡ ਪ੍ਰੈਸਰ ਅਤੇ ਨਾੜੀ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ। ਜਰਮਨੀ ਸਥਿਤ 'ਯੂਨੀਵਰਸਿਟੀ ਮੈਡੀਕਲ ਸੈਂਟਰ ਮੇਨਜ' ਦੇ ਸੀਨੀਅਰ ਪ੍ਰੋਫੈਸਰ ਅਤੇ 'ਸਰਕੂਲੇਸਨ ਰਿਸਰਚ' ਜਰਨਲ 'ਚ ਪ੍ਰਕਾਸ?ਤ ਅਧਿਐਨ ਦੇ ਮੁੱਖ ਲੇਖਕ ਥਾਮਸ ਮੁੰਜੇਲ ਨੇ ਕਿਹਾ, "ਸਾਡੇ ਲਈ ਇਹ ਵੀ ਮਹੱਤਵਪੂਰਨ ਹੈ ਕਿ ਹੁਣ ਠੋਸ ਸਬੂਤਾਂ ਕਾਰਨ ਵਾਹਨਾਂ ਦੇ ਸੋਰ ਨੂੰ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਵਧਾਉਣ ਵਾਲੇ ਕਾਰਕ ਵਜੋਂ ਪਛਾਣਿਆ ਜਾ ਰਿਹਾ ਹੈ।" ਖੋਜਕਾਰਾਂ ਨੇ ਸੜਕ, ਰੇਲ ਅਤੇ ਹ-ਵਾਈ ਆਵਾਜਾਈ ਕਾਰਨ ਹੋਣ ਸ਼ੋਰ ਨੂੰ ਘੱਟ ਕਰਨ ਲਈ ਸਥਾਨਕ ਅਧਿਕਾਰੀਆਂ ਨੂੰ ਕੁਝ ਰਣਨੀਤੀਆਂ ਅਪਣਾਉਣ ਦੇ ਸੁਝਾਅ ਵੀ ਦਿੱਤੇ।

## ਪੰਜਾਬ 'ਚ ਕੱਟਿਆ ਗਿਆ ਅਜੀਬੋ-ਗਰੀਬ ਚਲਾਨ ! ਖ਼ਬਰ ਪੜ੍ਹ ਤੁਸੀਂ ਵੀ ਰਹਿ ਜਾਵੋਗੇ ਹੈਰਾਨ

ਮੋਹਾਲੀ 11 ਅਪ੍ਰੈਲ। ਮੋਹਾਲੀ 'ਚ ਟ?ਰੈਫਿਕ ਨਿਯਮਾਂ ਦੀ ਉਲੰਘਣਾਂ ਕਰਨ ਵਾਲਿਆਂ 'ਤੇ ਬਾਜ਼ ਅੱਖ ਰੱਖਣ ਲਈ ਪੁਲਸ ਵੱਲੋਂ ਜਗ?ਹਾ-ਜਗ?ਹਾ 'ਤੇ ਸੀ. ਸੀ. ਟੀ. ਵੀ. ਕੈਮਰੇ ਲਾਏ ਗਏ ਹਨ। ਪੁਲਸ ਦਾ ਮੰਨਣਾ ਹੈ ਕਿ ਕੈਮਰਿਆਂ ਕਾਰਨ ਲੋਕਾਂ 'ਚ ਸੁਧਾਰ ਆਵੇਗਾ ਪਰ ਇਸ ਦੇ ਉਲਟ ਕਾਰ ਵਾਲਿਆਂ ਦੇ ਚਲਾਨ ਬਿਨਾਂ ਹੈਲਮੈਟ ਦੇ ਕੀਤੇ ਜਾ ਰਹੇ ਹਨ। ਅਜਿਹੀ ਹੀ ਘਟਨਾ ਫੇਜ਼-6 ਵਾਸੀ ਗੁਰਕੰਵਰ ਸਿੰਘ ਨਾਲ ਵਾਪਰੀ ਹੈ। ਗੁਰਕੰਵਲ ਸਿੰਘ ਕੋਲ ਕਾਰ ਹੈ, ਜਿਸ 'ਤੇ ਲੱਖਾਂ ਰੁਪਏ ਖ਼ਰਚ ਕਰ ਕੇ 0001 ਨੰਬਰ ਲਾਇਆ ਹੈ। ਉਨ੍ਹਾਂ ਜਦੋਂ ਚਲਾਨ ਬਾਰੇ ਪਤਾ ਕਰਨ ਲਈ ਐੱਪ ਖੋਲ੍ਹੀ ਤਾਂ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਉਨ੍ਹਾਂ ਦੇ ਨਾਂ 'ਤੇ ਬਿਨਾਂ ਹੈਲਮੈਟ ਦਾ ਚਲਾਨ ਆਨਲਾਈਨ ਚੜ੍ਹਿਆ ਹੋਇਆ ਹੈ। ਵੇਰਵਿਆਂ ਦੀ ਜਾਂਚ ਕਰਨ 'ਤੇ ਜਦੋਂ ਸਬੰਧਿਤ ਫੋਟੋ ਵੇਖੀ ਤਾਂ ਉਸ 'ਚ ਐਕਟਿਵਾ ਦਾ ਨੰਬਰ ਆ ਰਿਹਾ ਹੈ ਜਿਸ 'ਤੇ ਪੀ. ਬੀ. 65ਏ 001 ਲਿਖਿਆ ਹੋਇਆ ਹੈ। ਐਕਟਿਵਾ 'ਤੇ ਇਹ ਟੈਂਪਰੇਰੀ ਨੰਬਰ ਹੈ ਪਰ ਚਲਾਨ ਕਰਨ ਵਾਲਾ ਮੁਲਾਜ਼ਮ ਕਾਰ ਨੂੰ ਐਕਟਿਵਾ ਦੱਸ ਰਿਹਾ ਹੈ। ਪੀੜਤ ਨੇ ਦੱਸਿਆ ਕਿ ਪੁਲਸ ਵੱਲੋਂ ਉਸ ਦਾ ਇਕ ਹੋਰ ਗ਼ਲਤ ਚਲਾਨ ਕੀਤਾ ਗਿਆ ਹੈ, ਜਿਸ 'ਚ ਉਹ ਲਾਲ ਬੱਤੀ ਜੰਪ ਕਰ ਰਿਹਾ ਹੈ, ਜਦਕਿ ਚਲਾਨ ਦੇ ਵੇਰਵੇ ਅਨੁਸਾਰ ਸਕੂਟਰ ਚਾਲਕ ਵੱਲੋਂ ਲਾਲ ਬੱਤੀ ਜੰਪ ਕੀਤੀ ਗਈ ਹੈ। ਹੁਣ ਉਹ ਜਲਦ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਮਿਲਣਗੇ। ਦੂਜੇ ਪਾਸੇ ਡੀ. ਐੱਸ. ਪੀ. (ਟ?ਰੈਫਿਕ) ਕਰਨੈਲ ਸਿੰਘ ਨੇ ਦੱਸਿਆ ਕਿ ਜਾਂਚ ਕੀਤੀ ਜਾਵੇਗੀ ਕਿ ਕਾਰ ਦਾ ਵੀ. ਆਈ. ਪੀ. ਨੰਬਰ ਸਹੀ ਹੈ ਜਾਂ ਗ਼ਲਤ। ਇਸ ਤੋਂ ਬਾਅਦ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

# ਚੰਡੀਗੜ੍ਹ ਪੀ. ਜੀ. ਆਈ. ਤੇ ਸਿਹਤ ਵਿਭਾਗ ਨੇ ਜਾਰੀ ਕੀਤੀ ਐਡਵਾਈਜਰੀ

**ਏਜੰਸੀਆਂ**

ਚੰਡੀਗੜ੍ਹ 11 ਅਪ੍ਰੈਲ। ਮਈ ਦੇ ਮਹੀਨੇ ਵਿਚ ਵਧਦੇ ਤਾਪਮਾਨ ਨੂੰ ਧਿਆਨ ਵਿਚ ਰੱਖਦਿਆਂ ਸਿਹਤ ਵਿਭਾਗ ਨੇ ਤੇਜ਼ ਗਰਮੀ ਤੇ ਲੂ ਤੋਂ ਬਚਾਅ ਲਈ ਐਡਵਾਇਜਰੀ ਜਾਰੀ ਕੀਤੀ ਹੈ। ਚੰਡੀਗੜ੍ਹ ਪੀ. ਜੀ. ਆਈ. ਦੇ ਮਾਹਿਰਾਂ ਵਲੋਂ ਲੋਕਾਂ ਲਈ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਲੋਕਾਂ ਨੂੰ ਗਰਮੀ ਦੇ ਸਿੱਧੇ ਸੰਪਰਕ ਤੋਂ ਬਚਣ ਲਈ ਕਿਹਾ ਗਿਆ ਹੈ। ਹਲਕੇ ਰੰਗ ਦੇ ਢਿੱਲੇ ਅਤੇ ਸੂਤੀ ਕੱਪੜੇ ਪਾਉਣ, ਛੱਤਰੀ, ਟੋਪੀ ਅਤੇ ਐਨਕਾਂ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਗਈ ਹੈ। ਇਸ ਦੇ ਨਾਲ ਹੀ ਲੋਕਾਂ ਨੂੰ ਵੱਧ ਤੋਂ ਵੱਧ ਪਾਣੀ ਪੀਣ ਅਤੇ ਠੰਢੀ ਥਾਂ 'ਤੇ ਰਹਿਣ ਲਈ ਕਿਹਾ ਗਿਆ ਹੈ। ਮੌਸਮ ਵਿਭਾਗ ਦੇ ਡਾਇਰੈਕਟਰ ਏ.ਕੇ. ਸਿੰਘ ਨੇ ਦੱਸਿਆ ਕਿ ਐਤਵਾਰ ਨੂੰ ਵੀ ਸਹਿਰ ਵਿਚ ਤੇਜ ਗਰਮੀ ਰਹੀ। ਹੁਣ ਤਕ ਵੱਧ ਤੋਂ ਵੱਧ ਤਾਪਮਾਨ 39.3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਜੋ ਕਿ ਆਮ ਨਾਲੋਂ 2 ਡਿਗਰੀ ਵੱਧ ਸੀ। ਘੱਟੋ-ਘੱਟ ਤਾਪਮਾਨ 22.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਆਮ ਨਾਲੋਂ ਇਕ ਡਿਗਰੀ ਸੈਲਸੀਅਸ ਘੱਟ ਸੀ। ਸਹਿਰ ਵਾਸੀਆਂ ਨੂੰ ਆਉਣ ਵਾਲੇ ਦਿਨਾਂ



ਵਿਚ ਵੀ ਗਰਮੀ ਤੋਂ ਰਾਹਤ ਨਹੀਂ ਮਿਲਣ ਵਾਲੀ। ਚੰਡੀਗੜ੍ਹ ਮੌਸਮ ਕੇਂਦਰ ਮੁਤਾਬਕ ਆਉਣ ਵਾਲੇ ਦਿਨਾਂ ਵਿਚ ਦਿਨ ਭਰ ਤੇਜ ਧੁੱਪ ਰਹੇਗੀ ਅਤੇ ਸਹਿਰ ਦਾ ਵੱਧ ਤੋਂ ਵੱਧ ਤਾਪਮਾਨ 39 ਤੋਂ 40 ਡਿਗਰੀ ਦੇ ਆਸ-ਪਾਸ ਰਿਕਾਰਡ ਕੀਤਾ ਜਾ ਸਕਦਾ ਹੈ। ਘੱਟੋ-ਘੱਟ ਤਾਪਮਾਨ ਵਿਚ ਵੀ ਵਾਧਾ ਦੇਖਿਆ ਜਾਵੇਗਾ ਅਤੇ ਇਹ 23 ਡਿਗਰੀ ਸੈਲਸੀਅਸ ਦਰਜ ਕੀਤਾ ਜਾ ਸਕਦਾ ਹੈ। ਆਉਣ ਵਾਲੇ ਦਿਨਾਂ 'ਚ ਤਾਪਮਾਨ 40 ਡਿਗਰੀ ਨੂੰ ਵੀ ਪਾਰ ਕਰ ਜਾਵੇਗਾ। ਐਡਵਾਇਜਰੀ ਵਿਚ ਸਿਹਤ ਵਿਭਾਗ ਵੱਲੋਂ ਬਾਹਰ ਜਾਣ ਵਾਲੇ ਲੋਕਾਂ ਦੇ ਨਾਲ-ਨਾਲ ਘਰ ਵਿਚ ਰਹਿਣ ਵਾਲਿਆਂ ਲਈ ਵੀ ਜਰੂਰੀ ਜਾਣਕਾਰੀ ਦਿੱਤੀ ਗਈ ਹੈ, ਜਿਸ ਵਿਚ ਇਹ ਕਿਹਾ ਗਿਆ ਹੈ ਕਿ ਦਿਨ ਵੇਲੇ ਖਿੜਕੀਆਂ ਅਤੇ ਪਰਦੇ ਬੰਦ ਰੱਖੇ ਜਾਣ, ਖਾਸ ਕਰਕੇ ਇਮਾਰਤਾਂ ਦੇ ਧੁੱਪ ਵਾਲੇ ਹਿੱਸਿਆਂ ਵਿਚ। ਰਾਤ ਨੂੰ ਖਿੜਕੀਆਂ ਖੋਲ੍ਹੋ ਤਾਂ ਜੋ ਠੰਡੀ ਹਵਾ ਚੱਲ ਸਕੇ। ਇਸ ਦੇ ਨਾਲ ਹੀ ਅਲਕੋਹਲ, ਕੈਫੀਨ ਵਾਲੇ ਪੀਣ ਵਾਲੇ ਪਦਾਰਥਾਂ ਤੋਂ ਬਚਣ ਅਤੇ ਨਾਰੀਅਲ ਪਾਣੀ, ਨਿੰਬੂ ਪਾਣੀ ਅਤੇ ਅਜਿਹੇ ਹੋਰ ਪੀਣ ਵਾਲੇ ਪਦਾਰਥਾਂ ਦਾ ਜ?ਆਦਾ ਸੇਵਨ ਕਰਨ ਦੀ ਸਲਾਹ ਦਿੱਤੀ ਗਈ ਹੈ। ਡਾ. ਨੈਨਸੀ ਸਾਹਨੀ ਚੀਫ ਡਾਇਟੀਸੀਅਨ ਪੀ.ਜੀ.ਆਈ. ਨੇ ਗੱਲਬਾਤ ਦੌਰਾਨ ਦੱਸਿਆ ਕਿ ਮੌਸਮ ਦੇ ਬਦਲਣ 'ਤੇ ਗਰਮੀ ਜਾਂ ਲੂ ਲੱਗਣ 'ਤੇ ਲੋਕਾਂ ਨੂੰ ਸਭ ਤੋਂ ਪਹਿਲਾਂ ਚਾਹੀਦਾ ਹੈ ਕਿ ਸਰੀਰ ਨੂੰ ਹਾਈਡਰੇਟ ਰੱਖਣ ਜਿਵੇਂ ਕਿ ਘਰੋਂ ਨਿਕਲਣ ਤੋਂ ਪਹਿਲਾਂ ਪਾਣੀ ਜ?ਆਦਾ ਪੀਣਾ, ਨਾਰੀਅਲ ਪਾਣੀ, ਸੱਤੂ, ਲੱਸੀ, ਨਿੰਬੂ ਪਾਣੀ ਇਹੋ ਜਿਹੀਆਂ ਚੀਜਾਂ ਪੀ ਕੇ ਨਿਕਲਣ ਜਿਸ ਨਾਲ ਸਰੀਰ ਨੂੰ ਪ੍ਰੋਟੀਨ ਵੀ ਮਿਲ ਸਕੇ। ਇਸ ਤੋਂ ਇਲਾਵਾ ਲੋਕਾਂ ਨੂੰ ਜੰਕ ਫੂਡ ਦੀ ਬਜਾਏ ਭੋਜਨ ਵਿਚ ਹਰੀਆਂ ਸਬਜੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ ਜਿਵੇਂ ਕਿ ਮੌਸਮੀ ਸਬਜੀਆਂ ਘੀਆ, ਟਿੰਡੇ, ਕੱਦੂ, ਤੋਰੀਆਂ ਆਦਿ ਨੂੰ ਖਾਣੇ ਵਿਚ ਸਾਮਲ ਕਰਨਾ ਜਰੂਰੀ ਹੈ। ਇਨ੍ਹਾਂ ਸਬਜੀਆਂ ਦੀ ਭੋਜਨ ਵਿਚ ਵਰਤੋਂ ਕਰਨ 'ਤੇ ਸਰੀਰ ਵਿਚ ਤਾਕਤ ਬਣੀ ਰਹਿੰਦੀ ਹੈ। ਲੋਕਾਂ ਨੂੰ ਤਾਜਾ ਖਾਣਾ ਤੇ ਤਾਜੇ ਫੱਲ ਹੀ ਖਾਣ ਦੀ ਸਲਾਹ ਦਿੱਤੀ ਗਈ। ਪੀ.ਜੀ.ਆਈ. ਦੇ ਡਾ. ਕੁਮਾਰਣ ਸੋਂਦਿਲ ਚਮੜੀ ਵਿਭਾਗ ਦੇ ਮਾਹਿਰ ਨੇ ਦੱਸਿਆ ਕਿ ਸੂਰਜ ਦੀ ਤੇਜ਼ ਕਿਰਨਾਂ ਨਾਲ ਚਮੜੀ 'ਤੇ ਖੁਸ਼ਕੀ, ਖੁਜਲੀ ਹੋਣਾ, ਦਾਣੇ ਹੋਣਾ ਤੇ ਹੋਰ ਖਤਰਨਾਕ ਪ੍ਰਭਾਵ ਪੈ ਸਕਦੇ ਹਨ। ਲੋਕਾਂ ਲਈ ਜਰੂਰੀ ਹੈ ਕਿ ਉਹ ਸਵੇਰੇ 11 ਵਜੇ ਤੋਂ ਸਾਮ 4 ਵਜੇ ਤੱਕ ਘਰੋਂ ਬਾਹਰ ਨਾ ਨਿਕਲਣ ਦੀ ਕੋਸ?ਸ ਕਰਨ। ਬਹੁਤ ਜਰੂਰੀ ਹੋਣ 'ਤੇ ਹੀ ਘਰੋਂ ਬਾਹਰ ਨਿਕਲਿਆ ਜਾਵੇ। ਇਸ ਤੋਂ ਇਲਾਵਾਂ ਪੂਰੀ ਬਾਹਾਂ ਵਾਲੇ ਕੱਪੜੇ ਪਾਓ ਅਤੇ ਐਨਕਾਂ ਦੀ ਵਰਤੋਂ ਕਰੋ। ਰੋਜਾਨਾ ਸਨਸਕ੍ਰੀਨ ਕਰੀਮ ਲਾਉਣਾ ਜਰੂਰੀ ਹੈ। ਸਨਸਕ੍ਰੀਨ ਖਰੀਦਣ ਵੇਲੇ ਲੇਬਲ ਦੀ ਜਾਂਚ ਕਰੋ ਕਿ ਕਿਹੜੀ ਸਨਸਕ੍ਰੀਨ ਤੁਹਾਡੀ ਚਮੜੀ ਲਈ ਸਭ ਤੋਂ ਵਧੀਆ ਹੈ ਜਦੋਂ ਤੁਸੀਂ ਬਾਹਰ ਹੁੰਦੇ ਹੋ ਤਾਂ ਹਰ ਦੋ ਤੋਂ ਤਿੰਨ ਘੰਟਿਆਂ ਬਾਅਦ ਆਪਣੀ ਸਨਸਕ੍ਰੀਨ ਕਰੀਮ ਨੂੰ ਦੁਬਾਰਾ ਲਗਾਓ। ਆਪਣੇ ਚਿਹਰੇ ਤੋਂ ਇਲਾਵਾ, ਗਰਦਨ, ਹੱਥਾਂ ਅਤੇ ਸਰੀਰ ਦੇ ਹੋਰ ਹਿੱਸਿਆਂ 'ਤੇ ਲੋੜੀਂਦੀ ਮਾਤਰਾ ਵਿਚ ਸਨਸਕ੍ਰੀਨ ਲਗਾਓ। ਬਾਹਰੋਂ ਆਉਣ ਤੋਂ ਬਾਅਦ ਆਪਣੇ ਚਿਹਰੇ ਅਤੇ ਸਰੀਰ ਦੇ ਹੋਰ ਹਿੱਸਿਆਂ 'ਤੇ ਬਰਫ ਲਗਾਓ। ਇਸ ਨਾਲ ਤੁਹਾਡੀ ਚਮੜੀ ਨੂੰ ਤੁਰੰਤ ਆਰਾਮ ਮਿਲੇਗਾ।

## ਆਬਕਾਰੀ ਵਿਭਾਗ ਨੇ ਮੰਡ ਖੇਤਰ ਵਿਚੋਂ 10,000 ਲਿਟਰ ਲਾਹਣ ਕੀਤੀ ਬਰਾਮਦ

ਦਸੂਹਾ 11 ਅਪ੍ਰੈਲ। ਲੋਕ ਸਭਾ ਚੋਣਾਂ ਦੇ ਮੱਦੇਨਜਰ ਆਬਕਾਰੀ ਵਿਭਾਗ ਵੱਲੋਂ ਬਿਆਸ ਦਰਿਆ ਦੇ ਨਾਲ ਲੱਗਦੇ ਮੰਡ ਖੇਤਰ 'ਚ ਨਾਜਾਇਜ ਸ਼ਰਾਬ ਅਤੇ ਲਾਹਣ ਫੜਨ ਲਈ ਵੱਡੇ ਪੱਧਰ 'ਤੇ ਸਰਚ ਮੁਹਿਮ ਪਿੰਡ ਟੇਰਕੀਆਣਾ, ਭੀਖੋਵਾਲ, ਪਾਸੀ ਵੱਟ, ਮੇਵਾ ਮਿਆਣੀ ਅਤੇ ਹੋਰ ਇਲਾਕਿਆਂ ਵਿਚ ਚਲਾਈ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਕਲ 2 ਦੇ ਈ.ਟੀ.ਓ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਹੁਣ ਤੱਕ ਆਬਕਾਰੀ ਵਿਭਾਗ, ਆਬਕਾਰੀ ਵਿਭਾਗ ਦੀ ਪੁਲਸ ਅਤੇ ਥਾਣਾ ਦਸੂਹਾ ਦੀ ਪੁਲਸ ਵੱਲੋਂ 10000 ਲਿਟਰ ਤੋਂ ਵੱਧ ਲਾਹਣ (ਦੇਸੀ ਸਰਾਬ), 200 ਲਿਟਰ ਤੋਂ ਵੱਧ ਜਹਿਰੀਲੀ ਸ਼ਰਾਬ ਦੀਆਂ ਬੋਤਲਾਂ ਜਬਤ ਕੀਤੀਆਂ ਗਈਆਂ ਹਨ ਜਦ ਕਿ 10 ਤੋਂ ਵੱਧ ਸ਼ਰਾਬ ਦੀਆਂ ਭੱਠੀਆਂ, 10 ਡਰੰਮ, 8 ਲੋਹੇ ਦੇ ਡਰੰਮ, 4 ਪਲਾਸਟਿਕ ਦੇ ਡੱਬੇ, 20 ਤੋਂ ਵੱਧ ਤਰਪਾਲਾਂ, ਪਲਾਸਟਿਕ ਦੀਆਂ ਪਾਈਪਾਂ, 80 ਕਿਲੋ ਤੋਂ ਵੱਧ ਰਸਕਟ ਅਤੇ ਹੋਰ ਜਹਿਰੀਲਾ ਪਦਾਰਥ ਫੜਨ ਵਿਚ ਸਫਲਤਾ ਹਾਸਿਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਫੜੀ ਗਈ ਲਾਹਣ ਅਤੇ ਨਜਾਇਜ ਸ਼ਰਾਬ ਨੂੰ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਗੁਰਦਾਸਪੁਰ ਦੇ ਪਿੰਡ ਮੌਜਪੁਰ ਤੋਂ ਤਸਕਰ ਕਿਸ਼ਤੀਆਂ ਰਾਹੀਂ ਇਸ ਇਲਾਕੇ ਵਿਚ ਆ ਕੇ ਨਾਜਾਇਜ ਸ਼ਰਾਬ ਦਾ ਧੰਦਾ ਕਰਦੇ ਹਨ, ਜਿਸ ਦੇ ਚੱਲਦਿਆਂ ਆਬਕਾਰੀ ਵਿਭਾਗ ਅਤੇ ਪੁਲਸ ਵੱਲੋਂ ਲਗਾਤਾਰ ਵੱਡੇ ਪੱਧਰ 'ਤੇ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ, ਸ਼ਰਾਬ ਤਸਕਰ ਭੱਜਣ ਵਿਚ ਸਫਲ ਹੋ ਗਏ। ਉਨ੍ਹਾਂ ਦੱਸਿਆ ਕਿ ਲੋਕ ਸਭਾ ਚੋਣਾਂ ਦੌਰਾਨ ਨਜਾਇਜ ਸ਼ਰਾਬ ਨੂੰ ਦੀ ਵਿਕਰੀ ਨੂੰ ਰੋਕਣ ਲਈ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਅਤੇ ਜ?ਲ੍ਹਾ ਚੋਣ ਅਫਸਰ ਕੋਮਲ ਮਿੱਤਲ ਵੱਲੋਂ ਉਨ੍ਹਾਂ ਨੂੰ ਨੋਡਲ ਅਫਸਰ ਨਿਯੁਕਤ ਕੀਤਾ ਗਿਆ ਹੈ। ਇਸ ਕਾਰਨ ਹੁਸ਼ਿਆਰਪੁਰ, ਹਿਮਾਚਲ ਅਤੇ ਚੰਡੀਗੜ੍ਹ ਦੀਆਂ ਸਰਹੱਦਾਂ 'ਤੇ ਸੂਬਾ ਪੱਧਰੀ ਵੱਖ-ਵੱਖ ਚੌਕੀਆਂ ਜਿਵੇਂ ਟੈਰੇਸ, ਠਾਕੁਰ ਦੁਆਰਾ, ਨੌਸ਼ਹਿਰਾ ਬੰਦਰਗਾਹ ਅਤੇ ਹੋਰ ਥਾਵਾਂ 'ਤੇ ਨਾਕੇਬੰਦੀ ਕਰ ਦਿੱਤੀ ਗਈ ਹੈ। ਇਨ੍ਹਾਂ ਨਾਕਿਆਂ 'ਤੇ ਆਬਕਾਰੀ ਇੰਸਪੈਕਟਰ ਕੁਲਵੰਤ ਸਿੰਘ, ਲਵਪ੍ਰੀਤ ਸਿੰਘ, ਅਮਿਤ ਵਿਆਸ, ਅਨਿਲ ਕੁਮਾਰ, ਅਜੇ ਸ਼ਰਮਾ ਅਤੇ ਹੋਰ ਪੁਲਸ ਅਧਿਕਾਰੀ ਦਿਨ-ਰਾਤ ਡਿਊਟੀ 'ਤੇ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਆਬਕਾਰੀ ਪੁਲਸ ਤੇ ਟਾਂਡਾ ਪੁਲਸ ਦੇ ਸਹਿਯੋਗ ਨਾਲ 157 ਬੋਤਲਾਂ ਸ਼ਰਾਬ ਬਰਾਮਦ ਕਰਨ ਵਿਚ ਸਫਲਤਾ ਵੀ ਹਾਸਲ ਕੀਤੀ ਹੈ ਅਤੇ ਇਸ ਮੁਹਿੰਮ ਨੂੰ ਲਗਾਤਾਰ ਜਾਰੀ ਰੱਖਿਆ ਜਾਵੇਗਾ।

## ਮੋਬਾਇਲ ਠੀਕ ਕਰਵਾਉਣ ਦਾ ਝਾਂਸਾ ਦੇ ਕੇ ਦੋ ਨੌਜਵਾਨ 5000 ਦੀ ਠੱਗੀ ਮਾਰ ਕੇ ਹੋਏ ਫਰਾਰ

**ਏਜੰਸੀਆਂ**

ਹੁਸ?ਆਰਪੁਰ 11 ਅਪ੍ਰੈਲ। ਹਾਜੀਪੁਰ ਦੇ ਪਿੰਡ ਨਸਰਾਲਾ ਵਿਖੇ ਮੋਬਾਇਲ ਠੀਕ ਕਰਵਾਉਣ ਦਾ ਝਾਂਸਾ ਦੇ ਕੇ ਦੋ ਨੌਜਵਾਨ 5000 ਰੁਪਏ ਦੀ ਠੱਗੀ ਮਾਰ ਕੇ ਫਰਾਰ ਹੋ ਗਏ। ਇਕੱਤਰ ਕੀਤੀ ਗਈ ਜਾਣਕਾਰੀ ਮੁਤਾਬਕ ਭਵਾਨੀ ਟੈਲੀਕਾਮ ਨਸਰਾਲਾ ਦੇ ਮਾਲਕ ਪਰਵੇਸ਼ ਕੁਮਾਰ ਪੁੱਤਰ ਸੁਖਦੇਵ ਲਾਲ ਨਿਵਾਸੀ ਹੁਸ?ਆਰਪੁਰ ਨੇ ਦੱਸਿਆ ਕਿ ਉਸ ਦਾ ਬੇਟਾ ਪ੍ਰਿਥੁਲ ਜਿਸ ਵੇਲੇ ਦੁਕਾਨ 'ਤੇ ਸੀ ਤਾਂ ਸਫੇਦ ਰੰਗ ਦੀ ਕਾਰ ਵਿੱਚੋਂ ਦੋ ਨੌਜਵਾਨ ਉੱਤਰਦੇ ਹਨ, ਇਕ ਨੌਜਵਾਨ ਨਾਲ ਲੱਗਦੀ ਬੂਟਾਂ ਦੀ ਦੁਕਾਨ 'ਤੇ ਅਤੇ ਦੂਜਾ ਨੌਜਵਾਨ ਉਸ ਦੀ ਦੁਕਾਨ 'ਤੇ ਆ ਜਾਂਦਾ ਹੈ। ਉਸ ਦੀ ਦੁਕਾਨ 'ਤੇ ਆ ਕੇ ਨੌਜਵਾਨ ਆਪਣਾ ਮੋਬਾਇਲ ਵਿਖਾ ਕੇ ਕਹਿੰਦਾ ਹੈ ਕਿ ਉਸ ਦੇ ਮੋਬਾਇਲ ਦੀ ਡਿਸਪਲੇ ਬਦਲ ਦੇਵੋ। ਉਸ ਨੇ ਕਿਹਾ ਕਿ ਮੇਰੇ ਕੋਲ ਪੈਸੇ ਨਕਦੀ ਹੈ ਅਤੇ ਮੈਂ ਆਨਲਾਈਨ ਪੈਸੇ ਆਪਣੇ ਦੋਸਤ ਨੇ ਭੇਜਣੇ ਹਨ। ਤੁਸੀਂ ਮੇਰੇ ਨੰਬਰ 'ਤੇ 5000 ਰੁਪਏ ਟਰਾਂਸਫਰ ਦੇਵੋ ਮੈਂ ਤੁਹਾਨੂੰ ਨਕਦ ਦੇ ਦਿੰਦਾ ਹਾਂ। ਜਦ ਉਸ ਨੂੰ ਦੁਕਾਨਦਾਰ ਵੱਲੋਂ ਪੈਸੇ ਆਨਲਾਈਨ ਕਰ ਦਿੱਤੇ ਗਏ ਤਾਂ ਨੌਜਵਾਨ ਕਹਿੰਦਾ ਹੈ ਕਿ ਮੈਂ ਕਾਰ ਵਿੱਚੋਂ ਰੁਪਏ ਲਿਆ ਕੇ ਦਿੰਦਾ ਹਾਂ ਪਰ ਨਜਦੀਕ ਹੀ ਖੜ੍ਹੀ ਕਾਰ ਕੋਲ ਪਹੁੰਚਣ




'ਤੇ ਦੋਵੇਂ ਨੌਜਵਾਨ ਕਾਰ ਸਟਾਰਟ ਕਰਕੇ ਜਲੰਧਰ ਰੋਡ ਵੱਲ ਨੂੰ ਤੇਜ ਰਫਤਾਰ ਨਾਲ ਭੱਜ ਜਾਂਦੇ ਹਨ। ਉਕਤ ਘਟਨਾ ਨਾਲ ਦੀ ਦੁਕਾਨ ਤੇ ਲੱਗੇ ਸੀ. ਸੀ. ਟੀ. ਵੀ. ਕੈਮਰੇ ਵਿਚ ਕੈਦ ਹੋਣ ਤੋਂ ਬਾਅਦ ਇਸਦੀ ਜਾਣਕਾਰੀ ਚੌਂਕੀ ਨਸਰਾਲਾ ਥਾਣਾ ਬੁੱਲੋਵਾਲ ਨੂੰ ਦਿੱਤੀ ਗਈ। ਪੁਲਸ ਵੱਲੋਂ ਮਾਮਲੇ ਦੀ ਜਾਂਚ ਬਾਰੀਕੀ ਨਾਲ ਕੀਤੀ ਜਾ ਰਹੀ ਹੈ।

# ਜਲੰਧਰ ਸਮਾਰਟ ਸਿਟੀ ਦਾ ਪੈਸਾ ਖਾਣ ਵਾਲੇ ਅਫਸਰਾਂ ਤੇ ਠੇਕੇਦਾਰਾਂ ਤੋਂ ਵਸੂਲੀ ਦਾ ਕੰਮ ਸ਼ੁਰੂ

**ਏਜੰਸੀਆਂ**

ਜਲੰਧਰ 11 ਅਪ੍ਰੈਲ। ਤਤਕਾਲੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਗਭਗ 10 ਸਾਲ ਪਹਿਲਾਂ ਜਦੋਂ ਸਮਾਰਟ ਸਿਟੀ ਮਿਸ਼ਨ ਲਾਂਚ ਕੀਤਾ ਸੀ, ਉਦੋਂ ਜਲੰਧਰ ਨੂੰ ਵੀ ਸਮਾਰਟ ਬਣਨ ਜਾ ਰਹੇ ਸ਼ਹਿਰਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਸੀ। ਉਦੋਂ ਸ਼ਹਿਰ ਦੇ ਲੋਕਾਂ ਨੂੰ ਲੱਗਾ ਸੀ ਕਿ ਸੈਂਕੜੇ ਕਰੋੜ ਦੀ ਗ੍ਰਾਂਟ ਆਉਣ ਨਾਲ ਸ਼ਹਿਰ ਦੀ ਨੁਹਾਰ ਹੀ ਬਦਲ ਜਾਵੇਗੀ ਪਰ ਪੰਜਾਬ ਆ ਕੇ ਇਹ ਮਿਸ਼ਨ ਬੁਰੀ ਤਰ੍ਹਾਂ ਫੇਲ ਹੋ ਗਿਆ। ਜਲੰਧਰ ਨੂੰ ਸਮਾਰਟ ਸਿਟੀ ਬਣਾ ਕੇ ਕਈ ਸਰਕਾਰੀ ਅਫਸਰਾਂ ਅਤੇ ਉਨ੍ਹਾਂ ਦੇ ਚਹੇਤੇ ਠੇਕੇਦਾਰਾਂ ਨੇ ਖੂਬ ਭ੍ਰਿਸ਼ਟਾਚਾਰ ਕੀਤਾ, ਜਿਸ ਦੀ ਚਰਚਾ ਅੱਜ ਤਕ ਸੁਣਾਈ ਦੇ ਰਹੀ ਹੈ। ਇਸ ਮਿਸ਼ਨ ਤਹਿਤ ਜਲੰਧਰ ਵਿਚ ਲਗਭਗ 60 ਪ੍ਰਾਜੈਕਟ ਚਲਾਏ ਗਏ। ਇਨ੍ਹਾਂ ਵਿਚੋਂ ਅੱਧੇ ਪ੍ਰਾਜੈਕਟ ਪੂਰੇ ਹੋ ਚੁੱਕੇ ਹਨ, ਬਾਕੀ ਲਟਕ ਰਹੇ ਹਨ ਪਰ ਸ਼ਾਇਦ ਹੀ ਕੋਈ ਪ੍ਰਾਜੈਕਟ ਅਜਿਹਾ ਹੋਵੇ, ਜਿਸ ਵਿਚ ਗੜਬੜੀ ਸਾਹਮਣੇ ਨਾ ਆਈ ਹੋਵੇ। ਅੱਜ ਜਲੰਧਰ ਸ਼ਹਿਰ ਦੀ ਹਾਲਤ ਤੋਂ ਸਾਫ ਦਿਸਦਾ ਹੈ ਕਿ ਸਮਾਰਟ ਸਿਟੀ ਦੇ ਪ੍ਰਾਜੈਕਟਾਂ 'ਤੇ 900 ਕਰੋੜ ਰੁਪਏ ਤੋਂ ਵੱਧ ਖਰਚ ਕਰਨ ਦੇ ਬਾਵਜੂਦ ਸ਼ਹਿਰ ਵਿਚ ਕਿਸੇ ਨਵੀਂ ਸਹੂਲਤ ਦਾ ਇੰਤਜ਼ਾਮ ਨਹੀਂ ਹੋਇਆ ਅਤੇ ਸ਼ਹਿਰ ਜਰਾ ਜਿੰਨਾ ਵੀ ਸਮਾਰਟ ਨਹੀਂ ਹੋਇਆ। ਅਜਿਹਾ ਲੱਗ ਰਿਹਾ ਹੈ ਕਿ ਸਮਾਰਟ ਸਿਟੀ ਲਈ ਆਇਆ ਸਾਰਾ ਪੈਸਾ ਗਲੀਆਂ-ਨਾਲੀਆਂ ਅਤੇ ਸੀਵਰੇਜ ਨਾਲ ਸਬੰਧਤ ਕੰਮਾਂ 'ਤੇ ਹੀ ਖਰਚ ਕਰ ਦਿੱਤਾ ਗਿਆ। ਜਲੰਧਰ ਸਮਾਰਟ ਸਿਟੀ ਵਿਚ ਭ੍ਰਿਸ਼ਟਾਚਾਰ ਦਾ ਰੌਲਾ ਪੈਣ ਕਾਰਨ ਇਸ ਸਾਲ ਦੇ ਸ਼ੁਰੂ ਵਿਚ ਕੇਂਦਰ ਸਰਕਾਰ ਦੀ ਸੰਸਥਾ ਕੈਗ (ਕੰਟਰੋਲਰ ਐਂਡ ਆਡਿਟਰ ਜਨਰਲ ਆਫ ਇੰਡੀਆ) ਦੀ ਟੀਮ ਨੇ ਜਲੰਧਰ ਸਮਾਰਟ ਸਿਟੀ ਦੇ ਸਾਲ 2015-16 ਤੋਂ ਲੈ ਕੇ 2022-23 ਦੇ ਖਾਤਿਆਂ ਦਾ ਆਡਿਟ ਕੀਤਾ ਸੀ। ਕੈਗ ਦੀ ਰਿਪੋਰਟ ਵਿਚ ਜਲੰਧਰ ਸਮਾਰਟ ਸਿਟੀ ਵਿਚ ਪਿਛਲੇ ਸਮੇਂ ਦੌਰਾਨ ਕਈ ਵਿੱਤੀ ਘਪਲਿਆਂ ਦਾ ਪਰਦਾਫਾਸ਼ ਕੀਤਾ ਗਿਆ ਹੈ। ਪਤਾ ਲੱਗਾ ਹੈ ਕਿ ਇਸ ਰਿਪੋਰਟ ਦੇ ਆਧਾਰ 'ਤੇ ਜਲੰਧਰ ਸਮਾਰਟ ਸਿਟੀ ਦੇ ਮੌਜੂਦਾ ਅਧਿਕਾਰੀ ਇਕ ਐਕਸ਼ਨ ਟੇਕਨ ਰਿਪੋਰਟ ਤਿਆਰ ਕਰ ਰਹੇ ਹਨ, ਜਿਸ ਨੂੰ ਜਲਦ ਪੰਜਾਬ ਸਰਕਾਰ ਨੂੰ ਭੇਜਿਆ ਜਾਵੇਗਾ। ਇਸ ਰਿਪੋਰਟ ਵਿਚ ਉਨ੍ਹਾਂ ਅਫਸਰਾਂ ਅਤੇ ਠੇਕੇਦਾਰਾਂ ਨੂੰ ਜਵਾਬਦੇਹ ਬਣਾਇਆ ਜਾਵੇਗਾ, ਜਿਨ੍ਹਾਂ ਦੀਆਂ ਕਰਤੂਤਾਂ ਵੱਲ ਕੈਗ ਨੇ ਉਂਗਲ ਉਠਾਈ ਹੈ। ਇਸ ਪ੍ਰਕਿਰਿਆ ਦੇ ਸ਼ੁਰੂ ਹੋਣ ਦੀ ਪੁਸ਼ਟੀ ਸਮਾਰਟ ਸਿਟੀ ਦੇ ਮੌਜੂਦਾ ਸੀ. ਈ. ਓ. ਗੌਤਮ ਜੈਨ ਨੇ ਕੀਤੀ ਹੈ। ਪਤਾ ਲੱਗਾ ਹੈ ਕਿ ਤਿਆਰ ਹੋ ਰਹੀ ਰਿਪੋਰਟ ਵਿਚ ਉਨ੍ਹਾਂ ਅਧਿਕਾਰੀਆਂ ਦੇ ਨਾਂ ਹੋਣਗੇ, ਜਿਨ੍ਹਾਂ ਨੇ ਆਪਣੇ ਚਹੇਤੇ ਠੇਕੇਦਾਰਾਂ ਨੂੰ ਸਮੇਂ-ਸਮੇਂ 'ਤੇ ਫੇਵਰ ਦਿੱਤੀ ਅਤੇ ਅਜਿਹਾ ਕਰਦੇ ਸਮੇਂ ਸਰਕਾਰੀ ਨਿਯਮਾਂ ਦਾ ਧਿਆਨ ਤਕ ਨਹੀਂ ਰੱਖਿਆ। ਐਕਸ਼ਨ ਟੇਕਨ ਰਿਪੋਰਟ ਵਿਚ ਇਹ ਪ੍ਰਬੰਧ ਵੀ ਹੋਵੇਗਾ ਕਿ ਜੇਕਰ ਕਿਸੇ ਠੇਕੇਦਾਰ ਜਾਂ ਕਾਂਟਰੈਕਟ ਲੈਣ ਵਾਲੀ ਕੰਪਨੀ ਨੂੰ ਸਮਾਰਟ ਸਿਟੀ ਵੱਲੋਂ ਜ?ਆਦਾ ਪੈਸਿਆਂ ਦੀ ਪੇਮੈਂਟ ਹੋ ਗਈ ਹੈ ਤਾਂ ਉਸ ਠੇਕੇਦਾਰ ਤੋਂ ਅਜਿਹੇ ਪੈਸਿਆਂ ਦੀ ਵਸੂਲੀ ਕੀਤੀ ਜਾਵੇਗੀ। ਜਿਹੜੇ ਠੇਕੇਦਾਰ ਆਪਣਾ ਕੰਮ ਖਤਮ ਕਰਕੇ ਪੂਰੀ ਪੇਮੈਂਟ ਲਿਜਾ ਚੁੱਕੇ ਹਨ, ਉਨ੍ਹਾਂ ਵੱਲ ਜੇਕਰ ਕੋਈ ਪੇਮੈਂਟ ਬਕਾਇਆ ਨਿਕਲਦੀ ਹੈ ਤਾਂ ਉਸ ਮਾਮਲੇ ਵਿਚ ਸਬੰਧਤ ਅਫਸਰ ਨੂੰ ਵੀ ਮੁਲਜਮ ਬਣਾਇਆ ਜਾ ਸਕਦਾ ਹੈ। ਇਸਦੇ ਲਈ ਆਉਣ ਵਾਲੇ ਸਮੇਂ ਵਿਚ ਕੈਗ ਦੀ ਰਿਪੋਰਟ ਦੇ ਆਧਾਰ 'ਤੇ ਸਮਾਰਟ ਸਿਟੀ ਵਿਚ ਰਹੇ ਅਫਸਰਾਂ ਅਤੇ ਉਥੇ ਕੰਮ ਕਰਨ ਵਾਲੇ ਠੇਕੇਦਾਰਾਂ 'ਤੇ ਕਿਸੇ ਵੀ ਤਰ੍ਹਾਂ ਦੀ ਆਫਤ ਕਿਸੇ ਵੀ ਸਮੇਂ ਆ ਸਕਦੀ ਹੈ। ਮੰਨਿਆ ਜਾ ਰਿਹਾ ਹੈ ਕਿ ਕੈਗ ਦੀ ਰਿਪੋਰਟ ਆਉਣ ਤੋਂ ਬਾਅਦ ਪੰਜਾਬ ਦੇ ਉਨ੍ਹਾਂ ਮੌਜੂਦਾ ਅਤੇ ਰਿਟਾਇਰਡ ਅਫਸਰਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੈ, ਜਿਹੜੇ ਰਿਟਾਇਰ ਹੋ ਕੇ ਜਾਂ ਤਾਂ ਵੱਡੀਆਂ-ਵੱਡੀਆਂ ਪੈਨਸ਼ਨਾਂ ਲੈ ਰਹੇ ਹਨ ਜਾਂ ਕਿਸੇ ਹੋਰ ਜਗ੍ਹਾ 'ਤੇ ਤਾਇਨਾਤ ਹਨ। ਦਿੱਲੀ ਦੀ ਐੱਚ. ਪੀ. ਐੱਲ. ਕੰਪਨੀ ਨੂੰ ਸਟਰੀਟ ਲਾਈਟਾਂ ਲਾਉਣ ਲਈ




43.83 ਕਰੋੜ ਦਾ ਟੈਂਡਰ ਅਲਾਟ ਕੀਤਾ ਗਿਆ, ਜਿਸ ਨੂੰ 57.92 ਕਰੋੜ ਤਕ ਪਹੁੰਚਾ ਦਿੱਤਾ ਗਿਆ। ਕੰਪਨੀ ਨੇ 5 ਸਾਲ ਤਕ ਆਪ੍ਰੇਸ਼ਨ ਐਂਡ ਮੇਨਟੀਨੈਂਸ ਕਰਨੀ ਸੀ, ਜਿਸ ਦੀ ਇਵਜ ਵਿਚ ਉਸਨੂੰ 13.14 ਕਰੋੜ ਦਾ ਭੁਗਤਾਨ ਹੋਣਾ ਸੀ। ਕੰਪਨੀ ਦਾ ਕੰਮ ਅਜੇ ਤਕ ਪੂਰਾ ਖਤਮ ਨਹੀਂ ਹੋਇਆ ਪਰ ਸਮਾਰਟ ਸਿਟੀ ਵੱਲੋਂ ਕੰਪਨੀ ਨੂੰ ਆਪ੍ਰੇਸ਼ਨ ਐਂਡ ਮੇਨਟੀਨੈਂਸ ਚਾਰਜ ਅਦਾ ਕੀਤੇ ਜਾ ਰਹੇ ਹਨ। ਫਰਵਰੀ 2024 ਤਕ ਕੰਪਨੀ ਨੂੰ ਇਸ ਲਈ 2.56 ਕਰੋੜ ਦਿੱਤੇ ਗਏ ਹਨ, ਜੋ ਹੁਣ ਕੰਪਨੀ ਤੋਂ ਵਸੂਲੇ ਜਾਣਗੇ। ਐੱਲ. ਈ. ਡੀ. ਪ੍ਰਾਜੈਕਟ 'ਤੇ ਕੰਮ 31 ਮਾਰਚ 2022 ਨੂੰ ਖਤਮ ਹੋਣਾ ਸੀ ਪਰ ਕੰਮ ਅਜੇ ਤਕ ਖਤਮ ਨਹੀਂ ਹੋਇਆ। ਸ਼ਰਤ ਦੇ ਮੁਤਾਬਕ ਕੰਪਨੀ 'ਤੇ 7.5 ਫੀਸਦੀ ਦੇ ਹਿਸਾਬ ਨਾਲ 4 ਕਰੋੜ 34 ਲੱਖ ਦੀ ਪੈਨਲਟੀ ਲੱਗਣੀ ਸੀ, ਜੋ ਸਮਾਰਟ ਸਿਟੀ ਵੱਲੋਂ ਨਹੀਂ ਲਾਈ ਗਈ। ਇਹ ਪੈਨਲਟੀ ਵੀ ਵਸੂਲੀ ਜਾ ਰਹੀ ਹੈ। ਸਮਾਰਟ ਸਿਟੀ ਕੰਪਨੀ ਨੇ ਇਸੇ ਠੇਕੇਦਾਰ ਕੰਪਨੀ ਨੂੰ 5.54 ਕਰੋੜ ਦੀ ਜ?ਆਦਾ ਪੇਮੈਂਟ ਕਰ?ਦੱਤੀ। ਠੇਕੇਦਾਰ ਕੰਪਨੀ ਨੂੰ 1.04 ਕਰੋੜ ਰੁਪਏ ਦੀ ਬੈਂਕ ਗਾਰੰਟੀ ਵੀ ਦੇਣੀ ਸੀ। ਇਸ ਬਾਬਤ ਪੂਰੀ ਰਕਮ ਵੀ ਠੇਕੇਦਾਰ ਕੰਪਨੀ ਤੋਂ ਵਸੂਲੀ ਜਾਵੇਗੀ। 120 ਫੁੱਟੀ ਰੋਡ 'ਤੇ ਜਿਸ ਕੰਪਨੀ ਨੇ ਸਟਾਰਮ ਵਾਟਰ ਪ੍ਰਾਜੈਕਟ 'ਤੇ ਕੰਮ ਕੀਤਾ, ਉਸ ਕੰਪਨੀ ਦੇ ਹਰ ਰਨਿੰਗ ਬਿੱਲ 'ਤੇ 5 ਫੀਸਦੀ ਦੀ ਕਟੌਤੀ ਕੀਤੀ ਜਾਣੀ ਸੀ ਪਰ ਸਮਾਰਟ ਸਿਟੀ ਨੇ ਅਜਿਹੀ ਕੋਈ ਕਟੌਤੀ ਕੀਤੀ ਹੀ ਨਹੀਂ। ਹੁਣ ਇਹ ਕਟੌਤੀ ਹਰ ਬਿੱਲ ਤੋਂ ਕਰ ਕੇ ਕੰਪਨੀ ਨਾਲ ਹਿਸਾਬ ਕੀਤਾ ਜਾਵੇਗਾ। ਇਸੇ ਠੇਕੇਦਾਰ ਕੰਪਨੀ ਵੱਲੋਂ ਸਮਾਰਟ ਸਿਟੀ ਨੂੰ ਦਿੱਤੀ ਗਈ ਬੈਂਕ ਗਾਰੰਟੀ ਦੀ ਮਿਆਦ ਅਕਤੂਬਰ 2021 ਵਿਚ ਖਤਮ ਹੋ ਗਈ ਪਰ ਉਸ ਤੋਂ ਬਾਅਦ ਵੀ ਸਮਾਰਟ ਸਿਟੀ ਨੇ ਠੇਕੇਦਾਰ ਨੂੰ ਕਰੋੜਾਂ ਦੀ ਪੇਮੈਂਟ ਕੀਤੀ। ਠੇਕੇਦਾਰ ਨੂੰ ਜੋ 5.71 ਕਰੋੜ ਦੀ ਪੇਮੈਂਟ ਕੀਤੀ ਗਈ, ਉਸ ਦੀ ਵੀ ਜ?ਮੇਵਾਰੀ ਫਿਕਸ ਹੋਵੇਗੀ। ਇਸੇ ਠੇਕੇਦਾਰ ਕੰਪਨੀ ਨੂੰ ਬਿਨਾਂ ਮੰਗੇ ਹੀ ਇਕ ਕਰੋੜ ਰੁਪਏ ਦੀ ਐਡਵਾਂਸ ਪੇਮੈਂਟ 12 ਨਵੰਬਰ 2021 ਨੂੰ ਕਰ ਦਿੱਤੀ ਗਈ। ਇਸ ਐਡਵਾਂਸ ਪੇਮੈਂਟ 'ਤੇ ਸਮਾਰਟ ਸਿਟੀ ਨੇ ਕੋਈ ਵਿਆਜ ਨਹੀਂ ਲਿਆ। ਇਸ ਕਾਰਨ ਸਮਾਰਟ ਸਿਟੀ ਨੂੰ 69 ਹਜਾਰ ਰੁਪਏ ਦਾ ਨੁਕਸਾਨ ਝੱਲਣਾ ਪਿਆ। ਇਹ ਪੈਸੇ ਹੁਣ ਕੰਪਨੀ ਤੋਂ ਵਸੂਲੇ ਜਾਣਗੇ। ਸਮਾਰਟ ਸਿਟੀ ਕੰਪਨੀ ਨੇ ਢਾਈ ਲੱਖ ਰੁਪਏ ਪ੍ਰਤੀ ਮਹੀਨੇ ਦੀ ਤਨਖਾਹ 'ਤੇ ਜੋ ਲੀਗਲ ਐਕਸਪਰਟ ਭਰਤੀ ਕੀਤਾ, ਉਸ ਨੂੰ ਜੂਨ 2023 ਤੋਂ ਦਸੰਬਰ 2023 ਤਕ 17.50 ਲੱਖ ਰੁਪਏ ਤਨਖਾਹ?ਦੱਤੀ ਗਈ। ਸਮਾਰਟ ਸਿਟੀ ਕੰਪਨੀ ਨੇ ਉਸ ਕੋਲੋਂ ਕੋਈ ਕੰਮ ਵੀ ਨਹੀਂ ਲਿਆ, ਜਿਸ ਕਾਰਨ ਲੀਗਲ ਐਕਸਪਰਟ ਨੂੰ ਦਿੱਤੀ ਗਈ ਤਨਖਾਹ ਅਜਾਈਂ ਗਈ। ਹੁਣ ਦੇਖਣਾ ਹੋਵੇਗਾ ਕਿ ਇਹ ਵਸੂਲੀ ਕਿਸ ਕੋਲੋਂ ਕੀਤੀ ਜਾਂਦੀ ਹੈ। ਅਰਬਨ ਅਸਟੇਟ ਫੇਜ-2 'ਚ ਵ੍ਹਾਈਟ ਡਾਇਮੰਡ ਰਿਜਾਰਟ ਤਕ 66 ਫੁੱਟੀ ਰੋਡ 'ਤੇ ਸੜਕ ਬਣਾਉਣ ਦਾ ਕੰਮ 1.94 ਕਰੋੜ ਰੁਪਏ ਵਿਚ ਅਲਾਟ ਕੀਤਾ ਗਿਆ। ਸਮਾਰਟ ਸਿਟੀ ਨੇ ਠੇਕੇਦਾਰ ਦੇ ਬਿੱਲਾਂ ਵਿਚੋਂ 5 ਫੀਸਦੀ ਰਕਮ ਕੱਟਣੀ ਸੀ ਪਰ ਅਜਿਹਾ ਨਹੀਂ ਕੀਤਾ ਗਿਆ। ਹੁਣ ਇਹ ਪੈਸੇ ਠੇਕੇਦਾਰ ਤੋਂ ਵਾਪਸ ਮੰਗੇ ਜਾਣਗੇ ਪਰ ਜੇਕਰ ਉਸਨੂੰ ਪੂਰੀ ਪੇਮੈਂਟ ਹੋ ਗਈ ਤਾਂ ਜ?ਮੇਵਾਰ ਅਫਸਰਾਂ 'ਤੇ ਕਾਰਵਾਈ ਹੋਵੇਗੀ। 50.29 ਕਰੋੜ ਰੁਪਏ ਦੀ ਲਾਗਤ ਵਾਲੇ ਸਮਾਰਟ ਰੋਡਜ ਪ੍ਰਾਜੈਕਟ 'ਚ 12 ਨਵੰਬਰ 2021 ਨੂੰ ਠੇਕੇਦਾਰ ਨੂੰ 1 ਕਰੋੜ ਰੁਪਏ ਦੀ ਐਡਵਾਂਸ ਪੇਮੈਂਟ ਕਰ ਦਿੱਤੀ ਗਈ ਪਰ ਠੇਕੇਦਾਰ ਕੰਪਨੀ ਤੋਂ ਕੋਈ ਵਿਆਜ ਨਹੀਂ ਵਸੂਲਿਆ ਗਿਆ। ਸਮਾਰਟ ਸਿਟੀ ਹੁਣ ਲਗਭਗ 59 ਹਜਾਰ ਰੁਪਏ ਦੀ ਇਹ ਰਕਮ ਕੰਪਨੀ ਤੋਂ ਵਸੂਲੇਗੀ। ਸਮਾਰਟ ਰੋਡਜ ਬਣਾਉਣ ਵਾਲੇ ਠੇਕੇਦਾਰ ਦੇ ਰਨਿੰਗ ਬਿੱਲਾਂ ਵਿਚੋਂ ਵੀ 5 ਫੀਸਦੀ ਦੀ ਕਟੌਤੀ ਸਮਾਰਟ ਸਿਟੀ ਕੰਪਨੀ ਵੱਲੋਂ ਨਹੀਂ ਕੀਤੀ ਗਈ। ਇਹ ਰਕਮ ਲੱਗਭਗ 2 ਕਰੋੜ ਰੁਪਏ ਹੈ ਅਤੇ ਇਸ 'ਤੇ 38 ਲੱਖ ਰੁਪਏ ਦੇ ਜ?ਆਦਾ ਦੇ ਵਿਆਜ ਦਾ ਨੁਕਸਾਨ ਵੀ ਸਮਾਰਟ ਸਿਟੀ ਨੂੰ ਹੋਇਆ। ਹੁਣ ਇਹ ਪੈਸੇ ਵੀ ਠੇਕੇਦਾਰ ਤੋਂ ਵਸੂਲੇ ਜਾਣਗੇ। ਸ਼ਹਿਰ ਦੇ 11 ਚੌਂਕਾਂ ਨੂੰ 20.32 ਕਰੋੜ ਦੀ ਲਾਗਤ ਨਾਲ ਸੁੰਦਰ ਬਣਾਉਣ ਦਾ ਪ੍ਰਾਜੈਕਟ ਲੈਣ ਵਾਲੇ ਠੇਕੇਦਾਰ ਦੇ ਰਨਿੰਗ ਬਿੱਲਾਂ 'ਤੇ ਜੋ 5 ਫੀਸਦੀ ਦੀ ਕਟੌਤੀ ਕੀਤੀ ਜਾਣੀ ਸੀ, ਉਹ ਨਹੀਂ ਕੀਤੀ ਗਈ, ਜਿਸ ਨਾਲ ਸਮਾਰਟ ਸਿਟੀ ਕੰਪਨੀ ਨੂੰ 4.58 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ। ਹੁਣ ਇਹ ਪੈਸੇ ਠੇਕੇਦਾਰ ਤੋਂ ਵਾਪਸ ਮੰਗੇ ਜਾਣਗੇ। ਇਸ ਪ੍ਰਾਜੈਕਟ ਵਿਚ ਦੇਰੀ ਹੋਣ 'ਤੇ ਸਮਾਰਟ ਸਿਟੀ ਵੱਲੋਂ ਠੇਕੇਦਾਰ 'ਤੇ 1.52 ਕਰੋੜ ਰੁਪਏ ਦੀ ਪੈਨਲਟੀ ਲਾਈ ਜਾ ਸਕਦੀ ਸੀ, ਜੋ ਨਹੀਂ ਲਾਈ ਗਈ।